ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 467 | February 20, 2025 | E-mail : info@pardestimes.com | Ph 510-938-7771

## 'ਆਪ' ਦੁਆਰਾ ਦਿੱਲੀ ਹਾਰਨ ਤੋਂ ਬਾਅਦ ਪੰਜਾਬ ਵਿਚ ਸਿਆਸੀ ਹਲਚਲ ਵਧੀ

ਚੰਡੀਗੜ੍ਹ- ਆਮ ਆਦਮੀ ਪਾਰਟੀ ਦੁਆਰਾ ਦਿੱਲੀ ਚੋਣਾਂ ਹਾਰ ਜਾਣ ਤੋਂ ਬਾਅਦ ਪੰਜਾਬ ਵਿਚ ਸਿਆਸੀ ਗਰਮਾ-ਗਰਮੀ ਅਤੇ ਅਨਿਸਚਿਤਤਾ ਦਾ ਦੌਰ ਆਰੰਭ ਹੋ ਗਿਆ ਹੈ। ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਕੁਰਸੀ ਡੋਲਦੀ ਨਜ਼ਰ ਆ ਰਹੀ ਹੈ। ਜਿੱਥੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵਿਚ ਧੜੇਬੰਦੀ ਵੱਧ ਗਈ ਹੈ, ਉਥੇ ਹੀ ਕੇਜਰੀਵਾਲ ਦੀ ਟੀਮ ਵੀ ਪੰਜਾਬ ਦੇ



ਵਿਧਾਇਕਾਂ ਤੇ ਆਪਣੀ ਪਕੜ ਦੁਬਾਰਾ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਵਿਚ ਜੁਟ ਗਈ ਹੈ। ਪੰਜਾਬ ਵਿਚ ਇਸ ਵਕਤ ਹਾਲਾਤ ਇਹ ਹਨ ਕਿ ਭਗਵੰਤ ਮਾਨ ਨੂੰ ਇਕ ਅਸਫਲ ਮੁੱਖ ਮੰਤਰੀ ਵਜੋਂ ਪ੍ਰਚਾਰਨ ਲਈ ਉਸੇ ਦੀ ਪਾਰਟੀ ਦੇ ਮੈਂਬਰ ਕੋਸ਼ਿਸ਼ਾਂ ਕਰਦੇ ਨਜ਼ਰ ਆ ਰਹੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਮੰਤਰੀਆਂ ਦੇ ਸਾਹਮਣੇ ਕਿਹਾ ਕਿ ਜੇਕਰ ਕੋਈ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ ਤਾਂ ਉਸਨੂੰ ਬਣਨਾ ਚਾਹੀਦਾ ਹੈ, ਉਨ੍ਹਾਂ ਨੂੰ ਅਹੁਦਾ ਛੱਡਣ ਵਿੱਚ ਕੋਈ ਇਤਰਾਜ਼ ਨਹੀਂ ਹੈ। ਉਹ ਨਵੇਂ ਮੁੱਖ ਮੰਤਰੀ ਦਾ ਸਵਾਗਤ ਕਰਨਗੇ। ਉਹ ਇਸ ਅਹੁਦੇ 'ਤੇ ਨਹੀਂ ਰਹਿਣਾ ਚਾਹੁੰਦੇ ਅਤੇ ਪਾਰਟੀ ਆਗੂਆਂ ਵੱਲੋਂ ਦਿੱਤੇ ਗਏ ਬਿਆਨਾਂ ਤੋਂ ਨਾਖੁਸ਼ ਹਨ। ਸੂਤਰਾਂ ਅਨੁਸਾਰ ਜਿਵੇਂ ਹੀ ਮੀਟਿੰਗ ਵਿੱਚ ਕੁੰਵਰ ਦੇ ਬਿਆਨ ਦਾ ਜ਼ਿਕਰ ਕੀਤਾ ਗਿਆ, ਮੁੱਖ ਮੰਤਰੀ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਅਹੁਦਾ ਛੱਡਣ 'ਤੇ ਕੋਈ ਇਤਰਾਜ਼ ਨਹੀਂ ਹੈ, ਜੋ ਵੀ ਚਾਹੇ ਮੁੱਖ ਮੰਤਰੀ ਬਣਨ ਲਈ ਆਜ਼ਾਦ ਹੈ। ਇਸ 'ਤੇ ਪਾਰਟੀ ਮੁਖੀ ਅਮਨ ਅਰੋੜਾ ਅਤੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕੁੰਵਰ ਦੀਆਂ ਟਿੱਪਣੀਆਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਅਤੇ ਭਗਵੰਤ ਮਾਨ ਦੀ ਅਗਵਾਈ 'ਤੇ ਪੂਰਾ ਭਰੋਸਾ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਦਾ ਕੋਈ ਵੀ ਵਿਧਾਇਕ ਅਤੇ ਮੰਤਰੀ ਤੁਹਾਨੂੰ ਇਹ ਅਹੁਦਾ ਛੱਡਦੇ ਨਹੀਂ ਦੇਖਣਾ ਚਾਹੁੰਦਾ। ਤੁਸੀਂ ਸਾਡੇ ਮੁੱਖ ਮੰਤਰੀ ਬਣੇ ਰਹੋਗੇ।

ਆਮ ਆਦਮੀ ਪਾਰਟੀ ਪੰਜਾਬ ਕੋਲ ਇਸ ਵਕਤ 91 ਵਿਧਾਇਕ ਹਨ। ਸੂਤਰਾਂ ਮੁਤਾਬਕ ਜ਼ਿਆਦਾਤਰ ਵਿਧਾਇਕ ਕੇਜਰੀਵਾਲ ਨਾਲ ਜੁੜੇ ਰਹਿਣ ਨੂੰ ਤਰਜੀਹ ਦੇ ਰਹੇ ਹਨ, ਜਦਕਿ ਭਗਵੰਤ ਮਾਨ ਦੇ ਨਾਲ ਜੁੜੇ ਵਿਧਾਇਕਾਂ ਦੀ ਗਿਣਤੀ ਘੱਟ ਹੈ। ਇਸ ਗੁੱਟਬੰਦੀ ਵਿਚਕਾਰ ਜੇਕਰ ਇਸੇ ਤਰ੍ਹਾਂ ਖਿੱਚੋਤਾਣ ਚਲਦੀ ਰਹਿੰਦੀ ਹੈ ਤਾਂ ਪਾਰਟੀ ਅੰਦਰੋਂ ਕਮਜ਼ੋਰ ਵੀ ਹੋਵੇਗੀ ਅਤੇ ਧੜੇਬੰਦੀ ਕਾਰਨ ਬਹੁਤ ਸਾਰੇ ਵਿਧਾਇਕ ਪਾਰਟੀ ਛੱਡ ਕੇ ਹੋਰ ਵਿਕਲਪ ਲੱਭਣ ਦੀ ਕੋਸ਼ਿਸ਼ ਵੀ ਕਰ ਸਕਦੇ ਹਨ।

# ਅਮਰੀਕਾ ਵਿਚ ਫੜੋ-ਫੜੀ ਦਾ ਸਿਲਸਿਲਾ ਜਾਰੀ, ਨਜਾਇਜ਼ ਪ੍ਰਵਾਸੀਆਂ ਵਿਚ ਦਹਿਸ਼ਤ

## ਅਮਰੀਕੀ ਏਅਰਫੋਰਸ ਦੇ ਹੋਰ ਜਹਾਜ਼ ਆਉਣ ਦੇ ਸ਼ੰਕਿਆਂ ਕਾਰਨ ਪੰਜਾਬ ਵਿਚ ਵੀ ਨਮੋਸ਼ੀ ਦਾ ਮਾਹੌਲ

ਵਾਸ਼ਿੰਗਟਨ- ਅਮਰੀਕਾ ਦੇ ਰਾਸ਼ਟਰਪਤੀ ਦੁਆਰਾ ਨਜਾਇਜ਼ ਰਹਿ ਰਹੇ ਪ੍ਰਵਾਸੀਆਂ ਦੀ ਫੜੋ-ਫੜੀ ਦੇ ਆਦੇਸ਼ ਦੇਣ ਤੋਂ ਬਾਅਦ ਇੱਥੇ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਨਜਾਇਜ਼ ਰਹਿ ਰਹੇ ਪ੍ਰਵਾਸੀ ਲੁਕਦੇ ਫਿਰ ਰਹੇ ਹਨ, ਜਿਹਨਾਂ ਦੀ ਭਾਲ ਲਈ ਛਾਪੇਮਾਰੀਆਂ ਜਾਰੀ ਹਨ। ਇਹਨਾਂ ਛਾਪੇਮਾਰੀਆਂ ਦੌਰਾਨ ਜ਼ਿਆਦਾਤਰ ਮੈਕਸੀਕੋ ਅਤੇ ਦੱਖਣੀ ਅਮਰੀਕੀ ਮੁਲਕਾਂ ਤੋਂ ਆਏ ਲੋਕ ਪਕੜੇ ਜਾ ਰਹੇ ਹਨ ਅਤੇ ਫਿਰ ਵਾਰੀ ਆਉਂਦੀ ਹੈ ਭਾਰਤੀਆਂ ਦੀ। ਭਾਰਤ ਵਿਚ ਪਹਿਲੀ 104 ਅਤੇ ਫਿਰ 112 ਨਜਾਇਜ਼ ਪ੍ਰਵਾਸੀਆਂ ਦੀ ਖੇਪ ਉਤਾਰਨ ਤੋਂ ਬਾਅਦ ਹਜ਼ਾਰਾਂ ਹੋਰ ਪਕੜੇ ਗਏ ਲੋਕਾਂ ਨੂੰ ਡੀਪੋਰਟ ਕਰਨ ਦੀ ਤਲਵਾਰ ਸਿਰ ਤੇ ਲਟਕ ਰਹੀ ਹੈ, ਹਾਲਾਂਕਿ ਹੁਣ ਤੱਕ ਪ੍ਰਦਰਸ਼ਨਾਂ ਦਾ ਸਿਲਸਿਲਾ ਵੀ ਸਿਖਰ ਤੇ ਪਹੁੰਚ ਗਿਆ ਹੈ। ਰਿਪੋਰਟ ਲਿਖੇ ਜਾਣ ਤੱਕ 3 ਅਮਰੀਕੀ ਜਹਾਜ ਪੰਜਾਬ ਆ ਚੁੱਕੇ ਸਨ। ਗੈਰਕਾਨੂੰਨੀ ਪਰਵਾਸੀ ਭਾਰਤੀਆਂ ਦੇ ਦੂਜੇ ਬੈਚ ਨੂੰ ਡਿਪੋਰਟ ਕਰਨ ਸਬੰਧੀ ਰਿਪੋਰਟਾਂ ਦੀ ਭਾਵੇਂ ਭਾਰਤੀ ਅਧਿਕਾਰੀਆਂ ਨੇ ਅਜੇ ਤੱਕ ਅਧਿਕਾਰਤ ਪੁਸ਼ਟੀ ਨਹੀਂ ਕੀਤੀ, ਪਰ ਅਮਰੀਕੀ ਪ੍ਰਸ਼ਾਸਨ ਦੇ ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਪਰਵਾਸੀਆਂ ਦੀ ਵਤਨ ਵਾਪਸੀ ਇਸ ਹਫ਼ਤੇ ਹੋ ਸਕਦੀ ਹੈ। ਡਿਪੋਰਟ ਕੀਤੇ ਭਾਰਤੀ ਪਰਵਾਸੀਆਂ ਦਾ ਪਹਿਲਾ ਬੈਚ ਅੰਮ੍ਰਿਤਸਰ ਦੇ ਸ਼੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਿਆ ਸੀ। ਹਾਲਾਂਕਿ, ਦੂਜਾ ਬੈਚ ਕਿੱਥੇ ਉਤਰੇਗਾ, ਇਸ ਬਾਰੇ ਅਜੇ ਕੋਈ ਪੁਸ਼ਟੀ ਨਹੀਂ ਹੋਈ ਹੈ।






ਵਾਪਸ ਭੇਜੇ ਪਰਵਾਸੀ ਲੱਖਾਂ ਰੁਪਏ ਖਰਚਣ ਮਗਰੋਂ ਡੰਕੀ ਰੂਟ ਜਾਂ ਫਿਰ ਕਿਸੇ ਹੋਰ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਏ ਸਨ ਅਤੇ ਪਿਛਲੇ ਦੋ ਤਿੰਨ ਸਾਲਾਂ ਤੋਂ ਉਥੇ ਰਹਿ ਰਹੇ ਸਨ। ਅਮਰੀਕਾ ਵੱਲੋਂ ਇਹ ਕਾਰਵਾਈ ਅਜਿਹੇ ਮੌਕੇ ਕੀਤੀ ਗਈ ਹੈ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਸ਼ਿੰਗਟਨ ਦੇ ਸਰਕਾਰੀ ਦੌਰੇ 'ਤੇ ਪਹੁੰਚੇ ਤਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਗ਼ੈਰਕਾਨੂੰਨੀ ਪਰਵਾਸ ਸਣੇ ਵੱਖ ਵੱਖ ਮੁੱਦਿਆਂ 'ਤੇ ਗੱਲਬਾਤ ਵੀ ਹੋਈ। ਇਸ ਮਹੀਨੇ ਦੇ ਸ਼ੁਰੂ ਵਿੱਚ 104 ਭਾਰਤੀ ਪਰਵਾਸੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਸੀ। ਦੂਜੀ ਖੇਪ ਵਿਚ ਡਿਪੋਰਟ ਕੀਤੇ ਗਏ ਭਾਰਤੀ ਨਾਗਰਿਕਾਂ ਦੀ ਗਿਣਤੀ 112 ਹੈ। ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਇਮੀਗ੍ਰੇਸ਼ਨ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਉਸ ਤੋਂ ਬਾਅਦ ਮੈਡੀਕਲ ਤੇ ਹੋਰ ਬਾਕੀ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਮੁਤਾਬਕ ਵਾਪਸ ਪਰਤੇ ਭਾਰਤੀ ਨਾਗਰਿਕਾਂ ਦੇ ਵਿੱਚ ਕੁਝ ਬੱਚੇ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਲੋੜ ਮੁਤਾਬਕ ਸਮਾਨ ਮੁਹੱਈਆ ਕੀਤਾ ਗਿਆ ਹੈ। ਡਿਪੋਰਟ ਕੀਤੇ ਗਏ ਵਿਅਕਤੀਆਂ ਨੂੰ ਤਸਦੀਕ ਅਤੇ ਪਿਛੋਕੜ ਦੀ ਜਾਂਚ ਤੋਂ ਬਾਅਦ ਘਰ ਭੇਜ ਦਿੱਤਾ ਗਿਆ ਸੀ। ਭਾਰਤ ਦੇ ਵਿਦੇਸ਼ ਮੰਤਰੀ ਨੇ ਬੀਤੇ ਦਿਨੀਂ ਸੰਸਦ ਵਿੱਚ ਭਰੋਸਾ ਦਿੱਤਾ ਸੀ ਕਿ ਉਹ ਯਤਨ ਕਰਨਗੇ ਕਿ ਡਿਪੋਰਟ ਕੀਤੇ ਜਾ ਰਹੇ ਭਾਰਤੀਆਂ ਨਾਲ ਅਪਰਾਧੀਆਂ ਵਾਂਗ ਵਰਤਾਰਾ ਨਾ ਹੋਵੇ। ਮਿਲੀ ਜਾਣਕਾਰੀ ਮੁਤਾਬਕ ਭਾਰਤ ਸਰਕਾਰ ਵੱਲੋਂ ਆਪਣਾ ਇਹ ਸੁਨੇਹਾ ਅਮਰੀਕਾ ਸਰਕਾਰ ਤੱਕ ਪੁੱਜਦਾ ਕੀਤਾ ਜਾ ਚੁੱਕਾ ਹੈ। ਇਸ ਤੋਂ ਪਹਿਲਾਂ ਜਿਨ੍ਹਾਂ 104 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਗਿਆ ਸੀ ਉਨ੍ਹਾਂ ਨੂੰ ਹੱਥਕੜੀਆਂ ਅਤੇ ਪੈਰਾਂ ਵਿੱਚ ਬੇੜੀਆਂ ਲਾ ਕੇ ਅਪਰਾਧੀਆਂ ਵਾਂਗ ਅਮਰੀਕੀ ਫੌਜ ਦੇ ਮਾਲਵਾਹਕ ਜਹਾਜ ਵਿੱਚ ਤੁੰਨ ਕੇ ਭੇਜਿਆ ਗਿਆ ਸੀ। ਇਨ੍ਹਾਂ ਵਿੱਚ ਬੱਚੇ ਅਤੇ ਔਰਤਾਂ ਵੀ ਸ਼ਾਮਲ ਸਨ। ਮਿਲੀ ਜਾਣਕਾਰੀ ਮੁਤਾਬਕ ਅਮਰੀਕਾ ਸਰਕਾਰ ਨੇ ਗੈਰਕਾਨੂੰਨੀ ਪਰਵਾਸੀਆਂ ਦੇ ਦੂਜੇ ਬੈਚ ਨੂੰ ਭਾਰਤ ਡਿਪੋਰਟ ਕਰਨ ਦੀ ਤਿਆਰੀ ਖਿੱਚ ਲਈ ਹੈ। ਮਿਲੀ ਜਾਣਕਾਰੀ ਮੁਤਾਬਕ ਇਸ ਹਫਤੇ ਦੌਰਾਨ ਅਮਰੀਕਾ ਤੋਂ 2ਣ50 ਤੋਂ ਵੱਧ ਹੋਰ ਗੈਰਕਾਨੂੰਨੀ ਪਰਵਾਸੀ ਭਾਰਤੀਆਂ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ ਲੱਖਾਂ ਅਮਰੀਕੀਆਂ ਦੀ ਨੁਮਾਇੰਦਗੀ ਕਰਨ ਵਾਲੇ ਦੋ ਦਰਜਨ ਤੋਂ ਵੱਧ ਈਸਾਈ ਅਤੇ ਯਹੂਦੀ ਸਮੂਹਾਂ-ਐਪੀਸਕੋਪਲ ਚਰਚ ਅਤੇ ਯੂਨੀਅਨ ਫਾਰ ਰਿਫਾਰਮ ਜੂਡੀਜ਼ਮ ਤੋਂ ਲੈ ਕੇ ਮੈਨੋਨਾਈਟਸ ਅਤੇ ਯੂਨੀਟੇਰੀਅਨ ਯੂਨੀਵਰਸਲਿਸਟਸ ਤੱਕ ਨੇ ਮੰਗਲਵਾਰ ਨੂੰ ਟਰੰਪ ਪ੍ਰਸ਼ਾਸਨ ਦੇ ਉਸ ਕਦਮ ਨੂੰ ਚੁਣੌਤੀ ਦਿੰਦੇ ਹੋਏ ਇੱਕ ਸੰਘੀ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਹੈ, ਜਿਸ ਵਿੱਚ ਇਮੀਗ੍ਰੇਸ਼ਨ ਏਜੰਟਾਂ ਨੂੰ ਧਾਰਮਿਕ ਸਥਾਨਾਂ ਅਤੇ ਪ੍ਰਾਰਥਨਾ ਘਰਾਂ ਵਿੱਚ ਗ੍ਰਿਫ਼ਤਾਰੀਆਂ ਕਰਨ ਲਈ ਵਧੇਰੇ ਖੁੱਲ੍ਹਾਂ ਦਿੱਤੀਆਂ ਗਈਆਂ ਹਨ। ਵਾਸ਼ਿੰਗਟਨ ਵਿੱਚ ਯੂਐੱਸ ਜ਼ਿਲ੍ਹਾ ਅਦਾਲਤ 'ਚ ਦਾਇਰ ਕੀਤੇ ਗਏ ਮੁਕੱਦਮੇ ਵਿੱਚ ਦਲੀਲ ਦਿੱਤੀ ਗਈ ਹੈ ਕਿ ਨਵੀਂ ਨੀਤੀ ਛਾਪਿਆਂ ਦਾ ਡਰ ਫੈਲਾ ਰਹੀ ਹੈ। ਇਸ ਤਰ੍ਹਾਂ ਪ੍ਰਾਰਥਨਾ ਸੇਵਾਵਾਂ ਅਤੇ ਹੋਰ ਜ਼ਰੂਰੀ ਚਰਚ ਪ੍ਰੋਗਰਾਮਾਂ ਵਿੱਚ ਹਾਜ਼ਰੀ ਘੱਟ ਰਹੀ ਹੈ। ਮੁਕੱਦਮੇ ਵਿੱਚ ਕਿਹਾ ਗਿਆ ਹੈ ਕਿ ਸਿੱਟੇ ਵਜੋਂ ਇਹ ਕਾਰਵਾਈ ਸਮੂਹਾਂ ਦੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਦੀ ਹੈ ਅਤੇ ਪਰਵਾਸੀਆਂ ਦੀ ਸੇਵਾ ਕਰਨ ਦੀ ਧਾਰਮਿਕ ਸਥਾਨਾਂ ਦੀ ਸੇਵਾ ਵਿੱਚ ਅੜਿੱਕਾ ਡਾਹੁੰਦੀ ਹੈ। ਇਨ੍ਹਾਂ ਪਰਵਾਸੀਆਂ ਵਿੱਚ ਅਜਿਹੇ ਪਰਵਾਸੀ ਵੀ ਸ਼ਾਮਲ ਹਨ, ਜਿਹੜੇ ਕਿ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਆਏ ਹੋਏ ਹਨ। ਐਪੀਸਕੋਪਲ ਚਰਚ ਦੇ ਪ੍ਰੀਜ਼ਾਈਡਿੰਗ ਬਿਸ਼ਪ ਮੋਸਟ ਰੈਵ ਸੀਨ ਰੋਅ ਨੇ ਕਿਹਾ, ''ਸਾਡੇ ਕੋਲ ਕਾਫੀ ਪਰਵਾਸੀ ਤੇ ਸ਼ਰਨਾਰਥੀ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਕੋਲ ਦਸਤਾਵੇਜ਼ ਵੀ ਨਹੀਂ ਹਨ।''

### ਸਬਕ ਲੈਣ ਨੌਜਵਾਨ: ਭਗਵੰਤ ਮਾਨ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਅਮਰੀਕਾ ਤੋਂ ਪਰਤੇ ਭਾਰਤੀ ਨਾਗਰਿਕਾਂ ਦੀ ਵਾਪਸੀ ਤੋਂ ਸਬਕ ਸਿੱਖਣ ਅਤੇ ਗਲਤ ਤਰੀਕਿਆਂ ਨਾਲ ਵਿਦੇਸ਼ ਜਾਣ ਦੀ ਸੋਚ ਤਿਆਗ ਕੇ ਆਪਣੇ ਸੂਬੇ ਨੂੰ ਦੇਸ਼ 'ਚ ਮੋਹਰੀ ਬਣਾਉਣ ਲਈ ਮਿਹਨਤ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਪਵਿੱਤਰ ਧਰਤੀ 'ਤੇ ਜਨਮ ਲੈਣਾ ਮਾਣ ਵਾਲੀ ਗੱਲ ਹੈ ਕਿਉਂਕਿ ਇਥੋਂ ਦੀ ਧਰਤੀ ਦੁਨੀਆ ਦੀ ਸਭ ਤੋਂ ਉਪਜਾਊ ਧਰਤੀ ਹੈ।

MST INS SERV INC
Long Haul
A Rated Market
Licensed



Washington/CA/Indiana/Texas/nevada/New Jersey
ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304

Turning 65 Years Old?



If you've got questions,
I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com

| | | |
|---|---|---|
| ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ | ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ | ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ |
| ਫੈਮਲੀ ਪਟੀਸ਼ਨ ਵਿਆਹ ਦੇ | ਫੈਮਲੀ ਲਾਅ ਤਲਾਕ ਦੀ | |



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਸਿੱਖ ਸੰਗਤ ਬੇ ਏਰੀਆ ਸਲੇਟ ਵੱਲੋਂ ਸਨਿਮਰ ਸੱਦਾ

ਆਪਜੀ ਨੂੰ ਪਰਿਵਾਰ ਸਹਿਤ ਇਸ ਸਮਾਗਮ ਵਿੱਚ ਹੱਥ ਜੋੜ ਕੇ ਆਉਣ ਲਈ ਬੇਨਤੀ ਕੀਤੀ ਜਾਂਦੀ ਹੈ। ਸਲੇਟ ਵੱਲੋਂ ਖੜ੍ਹੇ ਕੀਤੇ ਗਏ ਸੰਗਤ ਦੇ ਸਾਂਝੇ ਪੰਜੇ ਉਮੀਦਵਾਰਾਂ ਨੂੰ ਸੰਗਤ ਦੇ ਰੂਬਰੂ ਪੇਸ਼ ਕੀਤਾ ਜਾਵੇਗਾ। ਸੰਗਤ ਵੱਲੋਂ ਉਮੀਦਵਾਰਾਂ ਨਾਲ ਵੀਚਾਰ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਬੇਹਤਰੀਨ ਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਆਪਜੀ ਸਾਰਿਆਂ ਦੀ ਸਾਲਾਹ ਨਾਲ ਗੱਲ ਬਾਤ ਹੋਵੇਗੀ।

ਆਪਜੀ ਸਾਰਿਆਂ ਦੀ ਸ਼ਮੂਲੀਅਤ ਦੇ ਚਾਹਵਾਨ ਟੀਮ ਸਿੱਖ ਸੰਗਤ ਬੇ ਏਰੀਆ।

**ਚਾਹ, ਪਕੌੜੇ ਅਤੇ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ**

Saturday, March 1 5pm - 9pm Paradise Ballroom

4100 Peralta Blvd, Fremont



Bhai Akaljot Singh
Engineer



Bhai Karan Singh
Trucking Entrepreneur



Bhai Harpreet Singh
Engineer & Realtor



Bhai Gurdawar Singh
Insurance Company



Bhai Kuljit Singh
Business Owner

Supreme Council Candidates 2025

Election Date **March 9th**

# ਅਮਰੀਕਾ ਤੋਂ ਵਾਪਸ ਆਏ ਨੌਜਵਾਨਾਂ ਦੇ ਪਰਿਵਾਰਾਂ ਵਿਚ ਨਮੋਸ਼ੀ ਦਾ ਮਾਹੌਲ

ਲਾਲੜੂ- ਅਮਰੀਕਾ ਤੋਂ ਪਿੰਡ ਜੌਲਾ ਖੁਰਦ ਦੇ ਜੋੜੇ ਨੂੰ ਵਾਪਸ ਭੇਜ ਦਿੱਤਾ ਗਿਆ ਹੈ। ਇਨ੍ਹਾਂ ਦਾ ਵਿਆਹ ਡੇਢ ਸਾਲ ਪਹਿਲਾਂ ਹੋਇਆ ਸੀ। ਕਰੀਬ 9 ਮਹੀਨੇ ਵੱਖ-ਵੱਖ ਦੇਸ਼ਾਂ ਵਿੱਚ ਭਟਕਣ ਤੋਂ ਬਾਅਦ ਉਨ੍ਹਾਂ ਨੂੰ ਅਮਰੀਕਾ ਦਾਖਲ ਹੋਣ ’ਤੇ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਆਪਣੀ ਪਤਨੀ ਨਾਲ ਵਤਨ ਪਰਤੇ ਗੁਰਪ੍ਰੀਤ ਸਿੰਘ ਦੇ ਪਿਤਾ ਜਸਵਿੰਦਰ ਸਿੰਘ ਪੰਜਾਬ ਪੁਲਿਸ ’ਚ ਮੁਲਾਜ਼ਮ ਹਨ। ਉਸ ਦੇ ਦੋ ਪੁੱਤਰ ਹਨ। ਏਐੱਸਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਵੱਡੇ ਪੁੱਤਰ ਗੁਰਪ੍ਰੀਤ ਸਿੰਘ (28) ਦਾ ਵਿਆਹ ਡੇਢ ਸਾਲ ਪਹਿਲਾਂ ਹਰਿਆਣਾ ਦੇ ਸ਼ਹਿਜ਼ਾਦਪੁਰ ਦੀ ਰਹਿਣ ਵਾਲੀ ਅਮਨਪ੍ਰੀਤ ਕੌਰ ਨਾਲ ਹੋਇਆ ਸੀ। ਦੋਵੇਂ ਲਗਭਗ 9 ਮਹੀਨੇ ਪਹਿਲਾਂ ਇਕੱਠੇ ਦੁਬਈ ਰਸਤੇ ਵੱਖ-ਵੱਖ ਦੇਸ਼ਾਂ ਤੋਂ ਹੁੰਦੇ ਹੋਏ ਮੈਕਸਿਕੋ ਰਾਹੀਂ ਪੰਜ ਫਰਵਰੀ ਨੂੰ ਅਮਰੀਕਾ ਪਹੁੰਚੇ ਸਨ। ਉਨ੍ਹਾਂ ਦੱਸਿਆ ਕਿ ਵੈਧ ਵੀਜ਼ਾ ਨਾ ਮਿਲਣ ਕਾਰਨ ਉਹ ਅਮਰੀਕਾ ਵਿੱਚ ਦਾਖ਼ਲ ਹੋਣ ਲਈ ਡੰਕੀ ਰਾਹੀਂ ਸਰਹੱਦ ਪਾਰ ਕਰਨ ਵਿੱਚ ਸਫ਼ਲ ਰਹੇ। ਇਸ ਮਗਰੋਂ ਉਨ੍ਹਾਂ ਨੂੰ ਅਮਰੀਕਨ ਪੁਲੀਸ ਨੇ ਫੜ ਲਿਆ। ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਡਿਪੋਰਟ ਹੋਣ ਨਾਲ ਨਾ ਸਿਰਫ਼ ਆਸਾਂ ’ਤੇ ਪਾਣੀ ਫਿਰਿਆ, ਸਗੋਂ ਉਨ੍ਹਾਂ ਨੂੰ ਵਿਦੇਸ਼ ਭੇਜਣ ’ਤੇ ਖਰਚ ਕੀਤੇ ਗਏ 80 ਲੱਖ ਰੁਪਏ ਵੀ ਡੁੱਬ ਗਏ। ਹਰਿਆਣਾ ਦੇ ਕਿਸੇ ਏਜੰਟ ਰਾਹੀਂ ਬੱਚਿਆਂ ਨੂੰ ਵਿਦੇਸ਼ ਭੇਜਣ ਲਈ 80 ਲੱਖ ਰੁਪਏ ਦਿੱਤੇ ਸਨ। ਜਸਵਿੰਦਰ ਸਿੰਘ ਨੇ ਪੰਜਾਬ ਸਰਕਾਰ ਨੂੰ ਟਰੈਵਲ ਏਜੰਟ ਖ਼ਿਲਾਫ਼ ਕਾਰਵਾਈ ਦੀ ਅਪੀਲ ਕੀਤੀ ਹੈ।



**ਡਿਪੋਰਟ ਨੌਜਵਾਨ ਪਰਿਵਾਰ ਸਮੇਤ ਘਰੋਂ ਗਾਇਬ**

ਭੋਗਪੁਰ- ਅਮਰੀਕਾ ਤੋਂ ਡਿਪੋਰਟ ਇੱਥੋਂ ਦੇ ਮੁਹੱਲਾ ਰੂਪ ਨਗਰ ਦਾ ਨੌਜਵਾਨ ਪਾਰਸ ਪੁੱਤਰ ਜਗਤਾਰ ਸਿੰਘ ਪਰਿਵਾਰ ਸਣੇ ਘਰ ਤੋਂ ਗਾਇਬ ਹੈ। ਜਾਣਕਾਰੀ ਅਨੁਸਾਰ ਪਾਰਸ ਆਪਣੇ ਚੰਗੇ ਭਵਿੱਖ ਲਈ 40 ਦਿਨ ਪਹਿਲਾਂ ਲੱਖਾਂ ਰੁਪਏ ਲਾ ਕੇ ਇਕ ਟਰੈਵਲ ਏਜੰਟ ਰਾਹੀਂ ਅਮਰੀਕਾ ਗਿਆ ਸੀ। ਅਮਰੀਕਾ ਪੁੱਜਣ ਤੋਂ ਪਹਿਲਾਂ ਹੀ ਸਰਹੱਦ ’ਤੇ ਉੱਥੋਂ ਦੀ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਭਾਰਤ ਭੇਜ ਦਿੱਤਾ। ਉਹ ਬਾਕੀ ਨੌਜਵਾਨਾਂ ਨਾਲ ਅੰਮ੍ਰਿਤਸਰ ਉਤਰਿਆ ਜਿਸ ਨੂੰ ਪੁਲੀਸ ਘਰ ਛੱਡ ਕੇ ਗਈ। ਥਾਣਾ ਭੋਗਪੁਰ ਦੇ ਮੁਖੀ ਇੰਸਪੈਕਟਰ ਯਾਦਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਪਾਰਸ ਦਾ ਪਰਿਵਾਰ ਸਬੰਧਤ ਟਰੈਵਲ ਏਜੰਟ ਵਿਰੁੱਧ ਸ਼ਿਕਾਇਤ ਨਹੀਂ ਲਿਖਵਾ ਰਿਹਾ। ਹੁਣ ਸਾਰਾ ਪਰਿਵਾਰ ਸੋਸ਼ਲ ਮੀਡੀਆ ਅਤੇ ਪੱਤਰਕਾਰਾਂ ਤੋਂ ਡਰਦਾ ਹੋਇਆ ਆਪਣਾ ਘਰ ਛੱਡ ਕੇ ਕਿਸੇ ਰਿਸ਼ਤੇਦਾਰ ਕੋਲ ਚਲਾ ਗਿਆ ਹੈ।

**ਪੰਜਾਬੀਆਂ ’ਚ ਟਾਂਡਾ ਦੇ ਪੰਜ ਨੌਜਵਾਨ**

ਟਾਂਡਾ- ਅਮਰੀਕਾ ਤੋਂ ਡਿਪੋਰਟ ਕੀਤੇ ਟਾਂਡਾ ਦੇ ਪੰਜ ਨੌਜਵਾਨ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਿਲੇ। ਅੰਮ੍ਰਿਤਸਰ ਏਅਰਪੋਰਟ ਤੋਂ ਲਿਆਂਦੇ ਇਨ੍ਹਾਂ ਨੌਜਵਾਨਾਂ ’ਚ ਦਲਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਕੁਰਾਲਾ ਕਲਾਂ, ਹਰਮਨਪ੍ਰੀਤ ਸਿੰਘ ਪੁੱਤਰ ਹਰਦੀਪ ਸਿੰਘ ਵਾਸੀ ਚੌਹਾਨਾਂ, ਹਰਪ੍ਰੀਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਮੁਹੱਲਾ ਬਾਰਾਦਰੀ ਟਾਂਡਾ, ਦਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਨੰਗਲੀ (ਜਲਾਲਪੁਰ), ਮਨਪ੍ਰੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਮਿਆਣੀ ਸ਼ਾਮਲ ਹਨ। ਇਨ੍ਹਾਂ ਨੌਜਵਾਨਾਂ ਨੂੰ ਇਥੋਂ ਦੇ ਡੀਐੱਸਪੀ ਦਫ਼ਤਰ ’ਚ ਵਿਧਾਇਕ ਜਸਵੀਰ ਸਿੰਘ ਰਾਜਾ, ਡੀਐੱਸਪੀ ਦਵਿੰਦਰ ਸਿੰਘ ਬਾਜਵਾ ਅਤੇ ਥਾਣਾ ਮੁਖੀ ਗੁਰਿੰਦਰਜੀਤ ਸਿੰਘ ਨਾਗਰਾ ਨੇ ਉਨ੍ਹਾਂ ਦੇ ਪਰਿਵਾਰਾਂ ਦੇ ਸਪੁਰਦ ਕੀਤਾ।

ਇਸ ਮੌਕੇ ਸਾਰੇ ਨੌਜਵਾਨਾਂ ਨੇ ਅਮਰੀਕਾ ਜਾਣ ਦੇ ਸਫ਼ਰ ਦੀਆਂ ਦੁਸ਼ਵਾਰੀਆਂ ਅਤੇ ਹੁਣ ਜ਼ੰਜੀਰਾਂ ’ਚ ਜਕੜ ਕੇ ਭਾਰਤ ਵਾਪਸੀ ਬਾਰੇ ਦੱਸਿਆ। ਵਿਧਾਇਕ ਜਸਵੀਰ ਸਿੰਘ ਰਾਜਾ ਨੇ ਆਖਿਆ ਕਿ ਸਰਕਾਰ ਵੱਲੋਂ ਇਨ੍ਹਾਂ ਨੌਜਵਾਨਾਂ ਦੀ ਮਦਦ ਕੀਤੀ ਜਾਵੇਗੀ ਅਤੇ ਇਨ੍ਹਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਣ ਵਾਲੇ ਟਰੈਵਲ ਏਜੰਟਾਂ ਖ਼ਿਲਾਫ਼ ਕਾਰਵਾਈ ਕਰਨ ਦੇ ਨਾਲ-ਨਾਲ ਇਨ੍ਹਾਂ ਦੀ ਰਕਮ ਵਾਪਸ ਕਰਵਾਉਣ ਦੇ ਯਤਨ ਕੀਤੇ ਜਾਣਗੇ।

**ਚਾਰ ਨੌਜਵਾਨ ਫ਼ਿਰੋਜ਼ਪੁਰ ਪੁੱਜੇ**

ਫ਼ਿਰੋਜ਼ਪੁਰ- ਅਮਰੀਕਾ ਤੋਂ ਡਿਪੋਰਟ ਹੋਏ 116 ਭਾਰਤੀਆਂ ’ਚ ਚਾਰ ਨੌਜਵਾਨ ਫ਼ਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧ ਰੱਖਦੇ ਹਨ। ਪਰਿਵਾਰ ਵਾਲਿਆਂ ਨੂੰ ਜਿੱਥੇ ਆਪਣੀ ਸਾਰੀ ਉਮਰ ਦੀ ਜਮ੍ਹਾਂ ਪੂੰਜੀ ਗੁਆਚ ਜਾਣ ਦਾ ਦੁੱਖ ਹੈ, ਉਥੇ ਹੀ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਵਾਪਸ ਆਉਣ ਦੀ ਖ਼ੁਸ਼ੀ ਵੀ ਹੈ। ਇੱਥੋਂ ਦੇ ਸਰਹੱਦੀ ਪਿੰਡ ਚਾਂਦੀ ਵਾਲਾ ਦਾ ਰਹਿਣ ਵਾਲਾ ਸੌਰਵ ਏਜੰਟ ਰਾਹੀਂ 45 ਲੱਖ ਰੁਪਏ ਖਰਚ ਕੇ ਡੰਕੀ ਲਾ ਕੇ 27 ਦਸੰਬਰ ਨੂੰ ਅਮਰੀਕਾ ਪਹੁੰਚਿਆ ਸੀ। ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਦਾ ਬਾਰਡਰ ਲੰਘਦਿਆਂ ਹੀ ਸੌਰਵ ਨੂੰ ਅਮਰੀਕੀ ਪੁਲੀਸ ਨੇ ਕਾਬੂ ਕਰ ਲਿਆ। ਉਸ ਨੂੰ ਕਈ ਦਿਨ ਹਿਰਾਸਤੀ ਕੈਂਪ ’ਚ ਰੱਖਿਆ ਗਿਆ ਤੇ ਹੁਣ ਡਿਪੋਰਟ ਕਰ ਦਿੱਤਾ। ਸੌਰਵ ਦੇ ਘਰ ਪਹੁੰਚਦਿਆਂ ਹੀ ਮਾਪੇ ਉਸ ਦੇ ਗਲ ਲੱਗ ਕੇ ਰੋ ਪਏ। ਲੱਖਾਂ ਰੁਪਏ ਦਾ ਕਰਜ਼ਈ ਹੋ ਚੁੱਕਾ ਇਹ ਪਰਿਵਾਰ ਹੁਣ ਪੰਜਾਬ ਸਰਕਾਰ ਪਾਸੋਂ ਆਰਥਿਕ ਮਦਦ, ਸਰਕਾਰੀ ਨੌਕਰੀ ਅਤੇ ਏਜੰਟ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕਰ ਰਿਹਾ ਹੈ।



ਕਸਬਾ ਮਮਦੋਟ ’ਚ ਪੈਂਦੀ ਬਸਤੀ ਅਮਰੀਕ ਸਿੰਘ ਵਾਲੀ ਦੇ ਰਹਿਣ ਵਾਲੇ ਕਸ਼ਮੀਰ ਸਿੰਘ ਨੇ ਵੀ ਆਪਣੇ ਪੁੱਤਰ ਨਵਦੀਪ ਨੂੰ 40 ਲੱਖ ਰੁਪਏ ਖਰਚ ਕੇ ਜੂਨ 2024 ’ਚ ਅਮਰੀਕਾ ਭੇਜਿਆ ਸੀ। ਨਵਦੀਪ ਚਾਰ ਮਹੀਨੇ ਪਨਾਮਾ ਦੇ ਜੰਗਲਾਂ ’ਚ ਭਟਕਦਾ ਰਿਹਾ। ਅਖ਼ੀਰ ਅਮਰੀਕਾ ਪਹੁੰਚਣ ’ਤੇ ਅਮਰੀਕੀ ਪੁਲੀਸ ਨੇ ਉਸ ਨੂੰ ਕਾਬੂ ਕਰ ਲਿਆ ਤੇ 45 ਦਿਨ ਤੱਕ ਹਿਰਾਸਤੀ ਕੈਂਪ ’ਚ ਰੱਖਿਆ। 22 ਨਵੰਬਰ 2024 ਨੂੰ ਨਵਦੀਪ ਨੂੰ ਪਹਿਲੀ ਵਾਰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ। ਪਰਿਵਾਰ ਨੇ ਜਦੋਂ ਏਜੰਟ ’ਤੇ ਪੈਸੇ ਮੋੜਨ ਦਾ ਦਬਾਅ ਬਣਾਇਆ ਤਾਂ ਉਹ ਨਵਦੀਪ ਨੂੰ ਦੁਬਾਰਾ ਅਮਰੀਕਾ ਭੇਜਣ ਲਈ ਰਾਜ਼ੀ ਹੋ ਗਿਆ। ਏਜੰਟ ਨੇ ਕਿਸੇ ਹੋਰ ਰੂਟ ਰਾਹੀਂ ਉਸ ਨੂੰ ਮੈਕਸਿਕੋ ਪਹੁੰਚਾ ਦਿੱਤਾ। 27 ਜਨਵਰੀ 2025 ਨੂੰ ਨਵਦੀਪ ਅਮਰੀਕਾ ਦਾ ਬਾਰਡਰ ਪਾਰ ਕਰਨ ਲੱਗਾ ਤਾਂ ਮੁੜ ਅਮਰੀਕੀ ਪੁਲੀਸ ਨੇ ਕਾਬੂ ਕਰ ਲਿਆ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ ਕੇ ਆਪਣੇ ਪੁੱਤ ਨੂੰ ਅਮਰੀਕਾ ਭੇਜਿਆ ਸੀ। ਪਰਿਵਾਰ ਨੇ ਸੋਚਿਆ ਸੀ ਕਿ ਜਦੋਂ ਨਵਦੀਪ ਉਥੇ ਸੈਟਲ ਹੋ ਜਾਵੇਗਾ ਤਾਂ ਜ਼ਮੀਨ ਜਾਇਦਾਦ ਫ਼ਿਰ ਖਰੀਦ ਲਵਾਂਗੇ। ਇਹ ਸੋਚ ਲੈ ਕੇ ਪਰਿਵਾਰ ਨੇ ਕੁਝ ਕਰਜ਼ਾ ਵੀ ਸਿਰ ’ਤੇ ਚੜ੍ਹਾ ਲਿਆ।

**ਚਚੇਰੇ ਭਰਾ ਗ੍ਰਿਫ਼ਤਾਰ**

ਰਾਜਪੁਰਾ- ਅਮਰੀਕਾ ਤੋਂ ਡਿਪੋਰਟ ਹੋਏ ਰਾਜਪੁਰਾ ਦੇ ਵਸਨੀਕ ਦੋ ਚਚੇਰੇ ਭਰਾਵਾਂ ਸੰਦੀਪ ਸਿੰਘ ਅਤੇ ਪਰਦੀਪ ਸਿੰਘ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪਟਿਆਲਾ ਦੇ ਐੱਸਐੱਸਪੀ ਡਾ। ਨਾਨਕ ਸਿੰਘ ਨੇ ਦੱਸਿਆ ਕਿ ਦੋਵੇਂ ਸਾਲ 2023 ’ਚ ਹੋਏ ਕਤਲ ਦੇ ਇੱਕ ਮਾਮਲੇ ਵਿਚ ਭਗੌੜੇ ਸਨ। ਦੋਹਾਂ ਨੂੰ ਅਦਾਲਤ ’ਚ ਪੇਸ਼ ਕੀਤਾ ਗਿਆ ਜਿਥੋਂ ਤਿੰਨ ਦਿਨ ਦਾ ਪੁਲੀਸ ਰਿਮਾਂਡ ਮਿਲਿਆ ਹੈ। ਥਾਣਾ ਸਿਟੀ ਰਾਜਪੁਰਾ ਦੇ ਐੱਸਐੱਚ ਇੰਸਪੈਕਟਰ ਬਲਵਿੰਦਰ ਸਿੰਘ ਦੀ ਅਗਵਾਈ ਹੇਠਲੀ ਪੁਲੀਸ ਟੀਮ ਵੱਲੋਂ ਲੰਘੀ ਰਾਤ ਅੰਮ੍ਰਿਤਸਰ ਤੋਂ ਹੀ ਹਿਰਾਸਤ ’ਚ ਲੈ ਲਿਆ ਗਿਆ ਸੀ। ਦੋਵੇਂ 26 ਜੂਨ, 2023 ਨੂੰ ਥਾਣਾ ਸਿਟੀ ਰਾਜਪੁਰਾ ’ਚ ਦਰਜ ਐੱਫਆਈਆਰ ਦੇ ਮਾਮਲੇ ਵਿਚ ਪੁਲਿਸ ਨੂੰ ਲੋੜੀਂਦੇ ਸਨ। ਵੇਰਵਿਆਂ ਮੁਤਾਬਕ ਦੋਵੇਂ ਘਰੋਂ ਦਸ ਮਹੀਨੇ ਪਹਿਲਾਂ ਗਏ ਸਨ ਅਤੇ ਵੱਖ ਵੱਖ ਮੁਲਕਾਂ ਵਿਚੋਂ ਦੀ ਹੁੰਦੇ ਹੋਏ ਉਹ 21 ਜਨਵਰੀ, 2025 ਨੂੰ ਅਮਰੀਕਾ ਵਿਚ ਦਾਖ਼ਲ ਹੋਏ ਸਨ।

SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991

Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99

Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more

Everyday Special
1 Large 14" Toppings Pizza
$21.99 *
FREE 2LT SODA

Best Deal
1X-Large 18" 1 Topping Pizza
$22.99 *
FREE 2LT SODA

King Kong Deal
1 King Kong 2 Toppings PIZZA
$37.99 *
FREE 2LT SODA

* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਕੇਜਰੀਵਾਲ ਦੀ ਪਾਰਟੀ ਦਾ ਭਵਿੱਖ

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਾਬਕਾ ਮੁੱਖ ਮੰਤਰੀ ਤਾਂ ਕਾਫੀ ਦਿਨ ਪਹਿਲਾਂ ਹੋ ਗਏ ਸਨ ਪਰ ਹੁਣ ਚਰਚਾ ਇਹ ਵੀ ਛਿੜ ਗਈ ਹੈ ਕਿ ਕੀ ਹੁਣ ਉਹ ਆਮ ਆਦਮੀ ਪਾਰਟੀ ਦੇ ਵੀ ਸਾਬਕਾ ਬਣ ਜਾਣਗੇ? ਅਜਿਹੇ ਸ਼ੰਕਿਆਂ ਨੂੰ ਇਸ ਕਰਕੇ ਬਲ ਮਿਲਦਾ ਹੈ ਕਿਉਂਕਿ ਕੇਜਰੀਵਾਲ ਨੂੰ ਜਿੰਨੀ ਬੁਰੀ ਹਾਰ ਮਿਲੀ ਹੈ, ਉਸ ਤੋਂ ਲੱਗਦਾ ਹੈ ਕਿ ਉਹਨਾਂ ਦੀ ਪਾਰਟੀ ਦੀ ਵਿਚਾਰਧਾਰਾ ਨੂੰ ਨਕਾਰ ਦਿੱਤਾ ਗਿਆ ਹੈ। ਦਰਅਸਲ ਆਮ ਆਦਮੀ ਪਾਰਟੀ ਕੋਈ ਵਿਚਾਰਧਾਰਾ ਨਹੀਂ ਬਲਕਿ ਬਦਲਾਅ ਦਾ ਇਕ ਵੱਡਾ ਸੁਪਨਾ ਨਾਗਰਿਕਾਂ ਨੂੰ ਦਿਖਾ ਕੇ ਸੱਤਾ ਵਿਚ ਆਈ ਅਤੇ ਬਹੁਤ ਤੇਜ਼ੀ ਨਾਲ ਕੌਮੀ ਪਾਰਟੀ ਬਣ ਗਈ। ਪਰ ਕੇਜਰੀਵਾਲ ਦੇ ਕਥਿਤ ਕਾਰਨਾਮਿਆਂ ਨੇ ਆਮ ਲੋਕਾਂ ਨੂੰ ਬਹੁਤ ਨਿਰਾਸ਼ ਕੀਤਾ। ਉਹਨਾਂ ਨੇ ਮੁਫਤ ਦੀਆਂ ਸਹੂਲਤਾਂ ਤਾਂ ਦਿੱਤੀਆਂ ਪਰ ਵਿਵਸਥਾ ਨੂੰ ਨਕਾਰਾ ਕਰ ਦਿੱਤਾ। ਫ੍ਰੀ ਬਿਜਲੀ, ਫ੍ਰੀ ਬੱਸ ਸਫਰ ਕਾਰਨ ਇਹਨਾਂ ਵਿਭਾਗਾਂ ਦਾ ਕਬਾੜਾ ਹੋ ਗਿਆ। ਸੜਕਾਂ ਤੇ ਵੱਡੇ-ਵੱਡੇ ਖੱਡੇ, ਦਿੱਲੀ ਵਿਚ ਅੰਤਾਂ ਦਾ ਪ੍ਰਦੂਸ਼ਣ, ਹਵਾ ਦਾ ਵੀ ਅਤੇ ਪਾਣੀ ਦਾ ਵੀ। ਜਨਤਾ ਨੂੰ ਮਿਲਦੀਆਂ ਮੈਡੀਕਲ ਸਹੂਲਤਾਂ ਤਰਸਯੋਗ ਹੋ ਗਈਆਂ। ਜਦੋਂ ਲੋਕਾਂ ਨੂੰ ਵਿਵਸਥਾ ਦੀ ਮਾੜੀ ਹਾਲਤ ਸਹਿਣ ਨਹੀਂ ਹੋਈ ਤਾਂ ਕੇਜਰੀਵਾਲ ਦੀਆਂ ਮੁਫਤ ਦੀਆਂ ਰਿਓੜੀਆਂ ਨੂੰ ਵੀ ਜਨਤਾ ਨੇ ਨਕਾਰ ਕੇ ਉਹਨਾਂ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ।

ਅਫਸੋਸ ਇਹੀ ਕੁਝ ਪੰਜਾਬ ਵਿਚ ਹੋ ਰਿਹਾ ਹੈ। ਪੰਜਾਬ ਦੀ ਮਾਲੀ ਹਾਲਤ ਬਿਲਕੁਲ ਤਰਸਯੋਗ ਹੈ, ਸੜਕਾਂ ਟੁੱਟ ਰਹੀਆਂ ਹਨ, ਬਿਜਲੀ ਅਤੇ ਟਰਾਂਸਪੋਰਟ ਮਹਿਕਮੇ ਸਹਿਕ ਰਹੇ ਹਨ, ਮੁਲਾਜ਼ਮ ਧਰਨੇ ਦੇ ਰਹੇ ਹਨ, ਕਿਸਾਨੀ ਦਾ ਦਮ ਘੁਟ ਰਿਹਾ ਹੈ। ਮੈਡੀਕਲ ਸਹੂਲਤਾਂ ਦੀ ਹਾਲਤ ਮੰਦੀ ਹੁੰਦੀ ਜਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਮਜ਼ਾਕ ਦਾ ਪਾਤਰ ਜਾ ਕੇਜਰੀਵਾਲ ਦੇ 'ਗੁੱਡੇ' ਵਜੋਂ ਪ੍ਰਚਾਰੇ ਜਾ ਰਹੇ ਹਨ। ਪੰਜਾਬ ਵਿਚੋਂ ਪੈਸਾ ਲੁੱਟ ਕੇ ਦਿੱਲੀ ਵਿਚ ਲਿਜਾ ਕੇ ਚੋਣਾਂ ਲੜਨ ਦੇ ਦੋਸ਼ ਲੱਗ ਰਹੇ ਹਨ। ਹੁਣ ਮੁੱਖ ਮੰਤਰੀ ਸਾਹਿਬ ਦਿੱਲੀ ਮਾਡਲ ਨਹੀਂ ਪੰਜਾਬ ਮਾਡਲ ਦੀ ਗੱਲ ਕਰਦੇ ਹਨ। ਇਹਨਾਂ ਮਾਡਲਾਂ ਦੇ ਚੱਕਰਾਂ ਵਿਚ ਪੰਜਾਬ ਦੀ ਹਾਲਤ ਤਰਸਯੋਗ ਹੁੰਦੀ ਜਾ ਰਹੀ ਹੈ।

ਪੰਜਾਬ ਅਤੇ ਦਿੱਲੀ ਤੋਂ ਇਲਾਵਾ ਇਹ ਪਾਰਟੀ ਜ਼ਿਆਦਾ ਪੈਰ ਨਹੀਂ ਜਮਾ ਸਕੀ। ਜੇਕਰ ਦਿੱਲੀ ਮਾਡਲ ਨੂੰ ਲੋਕਾਂ ਨੇ ਫੇਲ੍ਹ ਕਰ ਦਿੱਤਾ ਤਾਂ ਪੰਜਾਬ ਮਾਡਲ ਦਾ ਕੀ ਬਣੂ, ਇਹ ਸਿਰਫ ਸ਼ੰਕੇ ਨਹੀਂ ਹਕੀਕਤ ਵਿਚ ਬਹੁਤ ਕੁਝ ਬਿਆਨ ਕਰ ਰਹੇ ਹਨ। ਇਹ ਉਹ ਪਾਰਟੀ ਹੈ ਜਿਹੜੀ ਇਕ ਆਸ ਲੈ ਕੇ ਆਈ ਸੀ ਕਿ ਭਾਰਤ ਦੀ ਸਿਆਸਤ ਨੂੰ ਵੀ ਅਮਰੀਕਾ, ਕੈਨੇਡਾ, ਜਰਮਨ, ਫਰਾਂਸ, ਜਾਪਾਨ ਵਰਗੇ ਵਿਕਸਤ ਮੁਲਕਾਂ ਵਰਗੀ ਬਣਾ ਦੇਣਗੇ। ਆਮ ਲੋਕਾਂ ਵਾਂਗ ਹੀ ਸਿਆਸਤਦਾਨ ਅਤੇ ਅਫਸਰਸ਼ਾਹੀ ਰਹੇਗੀ ਅਤੇ ਆਮ ਲੋਕਾਂ ਵਿਚ ਹੀ ਵਿੱਚਰ ਕੇ ਲਾਲ ਬੱਤੀ ਦਾ ਖੌਫ ਆਮ ਲੋਕਾਂ ਵਿਚੋਂ ਕੱਢੇਗੀ। ਗੁਲਾਮੀ ਦੀ ਮਾਨਸਿਕਤਾ ਨੂੰ ਤਿਆਗ ਕੇ ਇਕ ਆਜ਼ਾਦ ਅਤੇ ਸਮਾਨਤਾ ਵਾਲੀ ਫਿਜ਼ਾ ਤਿਆਰ ਹੋਵੇਗੀ। ਪਰ ਹੋਇਆ ਉਲਟ, ਅੱਜ ਵੀ. ਆਈ. ਪੀ. ਕਲਚਰ ਵੀ ਹਾਵੀ ਹੈ, ਅਫਸਰਸ਼ਾਹੀ ਦਾ ਦਬਦਬਾ ਵੀ ਵੱਧ ਗਿਆ ਹੈ। ਇਸ ਪਾਰਟੀ ਦੇ ਲੀਡਰ ਆਪਣੀਆਂ ਮੌਜ-ਮਸਤੀਆਂ 'ਤੇ ਅੰਨ੍ਹੇ ਖਰਚ ਕਰ ਰਹੇ ਹਨ ਅਤੇ ਆਪਣੇ ਘਰ ਵੀ ਭਰ ਰਹੇ ਹਨ। ਸੁਧਾਰ ਕਿਤੇ ਨਜ਼ਰ ਨਹੀਂ ਆਉਂਦਾ। ਅਜਿਹੇ ਵਿਚ ਇਸ ਪਾਰਟੀ ਦਾ ਭਵਿੱਖ ਕੀ ਹੋਵੇਗਾ, ਜਨਤਾ ਸਭ ਜਾਣ ਗਈ ਹੈ, ਸਾਨੂੰ ਕਹਿਣ ਦੀ ਲੋੜ ਨਹੀ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਪ੍ਰਵਾਸੀ ਭਾਰਤੀਆਂ ਦੀ ਮੋਦੀ ਦੇ ਅਮਰੀਕਾ ਦੌਰੇ 'ਤੇ ਨਜ਼ਰ



ਹਰਸ਼ ਵੀ ਪੰਤ

ਅਮਰੀਕਾ 'ਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿਣ ਜਾਂ ਉਥੇ ਗ਼ੈਰ-ਕਾਨੂੰਨੀ ਢੰਗ ਨਾਲ ਪ੍ਰਵੇਸ਼ ਕਰਨ ਦੇ ਦੋਸ਼ 'ਚ ਫੜੇ ਗਏ ਕੁਝ ਪਰਵਾਸੀ ਭਾਰਤੀਆਂ ਨੂੰ ਬੀਤੇ ਦਿਨੀਂ ਜਿਸ ਤਰ੍ਹਾਂ ਸਵਦੇਸ਼ ਭੇਜਿਆ ਗਿਆ, ਉਸ ਦੀ ਦੇਸ਼ 'ਚ ਤਿੱਖੀ ਪ੍ਰਤੀਕਿਰਿਆ ਦਿਖੀ ਹੈ। ਭਾਰਤ ਵੱਲੋਂ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਮੁੱਦੇ 'ਤੇ ਸਹਿਯੋਗ ਦੀ ਵਚਨਬੱਧਤਾ ਦੇ ਬਾਵਜੂਦ ਅਮਰੀਕਾ ਦਾ ਹੰਕਾਰੀ ਵਤੀਰਾ ਪਰੇਸ਼ਾਨ ਕਰਨ ਵਾਲਾ ਹੈ।

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਭਰੋਸਾ ਦਿੱਤਾ ਹੈ ਕਿ ਇਸ ਸੰਦਰਭ 'ਚ ਅਮਰੀਕਾ ਨਾਲ ਚਰਚਾ ਕੀਤੀ ਜਾਵੇਗੀ ਕਿ ਭਾਰਤੀਆਂ ਦੇ ਨਾਲ ਮਾੜਾ ਤੇ ਗ਼ੈਰ-ਮਨੁੱਖੀ ਵਤੀਰਾ ਨਾ ਹੋਵੇ, ਪਰ ਅਜਿਹੇ ਭਰੋਸੇ ਦੇ ਬਾਵਜੂਦ ਇਸ ਮੁੱਦੇ 'ਤੇ ਗੁੱਸਾ ਰੁਕ ਨਹੀਂ ਰਿਹਾ। ਭਾਰਤੀਆਂ ਵੱਲੋਂ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਵੜਨ ਤੇ ਉਥੇ ਵਸਣ ਦਾ ਕਿਸੇ ਤਰ੍ਹਾਂ ਬਚਾਅ ਨਹੀਂ ਕੀਤਾ ਜਾ ਸਕਦਾ, ਪਰ ਉਨ੍ਹਾਂ ਨੂੰ ਜਿਸ ਤਰ੍ਹਾਂ ਬੇੜੀਆਂ 'ਚ ਬੰਨ੍ਹ ਕੇ ਭਾਰਤ ਭੇਜਿਆ ਗਿਆ, ਉਹ ਵੀ ਮਨਜ਼ੂਰ ਨਹੀਂ ਹੋ ਸਕਦਾ। ਅਜਿਹੇ ਪਿਛੋਕੜ 'ਚ ਪ੍ਰਧਾਨ ਮੰਤਰੀ ਦਾ ਅਮਰੀਕਾ ਦੌਰਾ ਹੋਰ ਮਹੱਤਵਪੂਰਨ ਹੋ ਗਿਆ ਹੈ। ਫਰਾਂਸ ਦੌਰੇ ਤੋਂ ਬਾਅਦ ਅਮਰੀਕਾ ਪ੍ਰਧਾਨ ਮੰਤਰੀ ਮੋਦੀ ਦਾ ਅਗਲਾ ਪੜਾਅ ਹੋਵੇਗਾ। ਪ੍ਰਧਾਨ ਮੰਤਰੀ ਸੰਭਵ ਤੌਰ 'ਤੇ 13 ਤੇ 14 ਫਰਵਰੀ ਨੂੰ ਅਮਰੀਕਾ 'ਚ ਹੋਣਗੇ, ਜਿੱਥੇ ਰਾਸ਼ਟਰਪਤੀ ਟਰੰਪ ਵ੍ਹਾਈਟ ਹਾਊਸ 'ਚ ਉਨ੍ਹਾਂ ਦੀ ਮੇਜ਼ਬਾਨੀ ਕਰਨਗੇ। ਇਸ ਤੋਂ ਪਹਿਲਾਂ 10 ਤੇ 11 ਫਰਵਰੀ ਨੂੰ ਪ੍ਰਧਾਨ ਮੰਤਰੀ ਏਆਈ ਸਮਿਟ ਦੇ ਸਿਲਸਿਲੇ 'ਚ ਫਰਾਂਸ 'ਚ ਹੋਣਗੇ।



ਮੌਜੂਦਾ ਸਮੇਂ 'ਚ ਜਿਹੋ-ਜਿਹੇ ਹਾਲਾਤ ਬਣ ਰਹੇ ਹਨ, ਉਸ ਨਾਲ ਇਨ੍ਹਾਂ ਦੌਰਿਆਂ ਦੀ ਅਹਿਮੀਅਤ ਹੋਰ ਵਧ ਗਈ ਹੈ। ਫਰਾਂਸ 'ਚ ਪ੍ਰਧਾਨ ਮੰਤਰੀ ਆਰਟੀਫੀਸ਼ੀਅਲ ਇੰਟੈਲੀਜੈਂਸ ਭਾਵ ਏਆਈ ਨਾਲ ਜੁੜੇ ਇਕ ਸੰਮੇਲਨ 'ਚ ਹਿੱਸਾ ਲੈਣਗੇ।

ਇਸ ਸੰਮੇਲਨ ਦਾ ਮਹੱਤਵ ਇਸ ਕਾਰਨ ਹੋਰ ਵਧ ਗਿਆ ਹੈ ਕਿ ਇਕ ਤਾਂ ਵਿਸ਼ਵ ਪੱਧਰ 'ਤੇ ਏਆਈ ਦੇ ਸੰਚਾਲਨ-ਪਰਿਚਾਲਨ ਦਾ ਕੋਈ ਮਨਜ਼ੂਰਸ਼ੁਦਾ ਵਿਸ਼ਵ ਪੱਧਰੀ ਢਾਂਚਾ ਅਜੇ ਤੱਕ ਹੋਂਦ 'ਚ ਨਹੀਂ ਆ ਸਕਿਆ ਹੈ ਤੇ ਦੂਜਾ, ਇਕ ਚੀਨੀ ਕੰਪਨੀ ਵੱਲੋਂ ਡੀਪਸੀਕ ਵਰਗਾ ਸਸਤਾ ਏਆਈ ਟੂਲ ਬਣਾਉਣ ਨਾਲ ਪੱਛਮ ਦੀਆਂ ਦਿੱਗਜ ਕੰਪਨੀਆਂ ਦਬਾਅ 'ਚ ਆ ਗਈਆਂ ਹਨ। ਚੀਨ ਦੇ ਸ਼ੱਕੀ ਚਰਿੱਤਰ ਨੂੰ ਦੇਖਦੇ ਹੋਏ ਡੀਪਸੀਕ ਦਾ ਦਬਦਬਾ ਵਧਣ ਨਾਲ ਵਿਸ਼ਵ ਪੱਧਰੀ ਡਾਟਾ 'ਚ ਸੰਨ੍ਹਮਾਰੀ ਤੇ ਉਸ ਦੇ ਮਨਮਰਜ਼ੀ ਨਾਲ ਇਸਤੇਮਾਲ ਦਾ ਜੋਖ਼ਮ ਬਹੁਤ ਜ਼ਿਆਦਾ ਵੱਧ ਜਾਵੇਗਾ।

ਇਸ ਕਾਰਨ ਫਰਾਂਸ 'ਚ ਪ੍ਰਸਤਾਵਿਤ ਏਆਈ ਸੰਮੇਲਨ 'ਚ ਸ਼ਾਮਲ ਹੋਣ ਵਾਲਿਆਂ ਦੇ ਸਾਹਮਣੇ ਇਹ ਚੁਣੌਤੀ ਹੋਵੇਗੀ ਕਿ ਉਹ ਵਿਸ਼ਵ ਪੱਧਰੀ ਏਆਈ ਸਮੀਕਰਨਾਂ ਨੂੰ ਠੀਕ ਕਰਨ। ਚੈਟਜੀਪੀਟੀ ਏਆਈ ਟੂਲ ਬਣਾਉਣ ਵਾਲੀ ਓਪਨ ਏਆਈ ਦੇ ਮੁਖੀ ਸੈਮ ਆਲਟਮੈਨ ਦੇ ਹਾਲੀਆ ਭਾਰਤ ਦੌਰੇ ਤੇ ਕਿਫ਼ਾਇਤੀ ਏਆਈ ਤਕਨੀਕ ਨੂੰ ਲੈ ਕੇ ਉਨ੍ਹਾਂ ਦੇ ਦਾਅ ਨੂੰ ਦੇਖ ਕੇ ਸਮਝਿਆ ਜਾ ਸਕਦਾ ਹੈ ਕਿ ਦੁਨੀਆ ਨੇ ਇਸ ਨਵੀਂ ਉੱਭਰਤੀ ਹੋਈ ਤਕਨੀਕ ਨੂੰ ਲੈ ਕੇ ਭਾਰਤ ਤੋਂ ਵੱਡੀਆਂ ਉਮੀਦਾਂ ਲਾਈਆਂ ਹੋਈਆਂ ਹਨ। ਫਰਾਂਸ 'ਚ ਏਆਈ ਸੰਮੇਲਨ ਨਾਲ ਵਿਸ਼ਵ ਪੱਧਰੀ ਏਆਈ ਮਾਨਚਿੱਤਰ 'ਤੇ ਭਾਰਤ ਦੀ ਅਹਿਮੀਅਤ ਹੋਰ ਸਪੱਸ਼ਟ ਤੌਰ 'ਤੇ ਰੇਖਾਂਕਿਤ ਹੋਵੇਗੀ।

ਫਰਾਂਸ 'ਚ ਦੁਵੱਲੇ ਰਿਸ਼ਤੇ ਪਰਵਾਨ ਚੜ੍ਹਾਉਣ ਦੀ ਵੀ ਪੂਰੀ ਤਿਆਰੀ ਹੈ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਰਣਨੀਤਕ, ਆਰਥਕ ਤੇ ਤਕਨੀਕੀ ਪੱਧਰ 'ਤੇ ਨਵੇਂ ਸਮਝੌਤੇ ਕੀਤੇ ਜਾਣ ਦੀ ਉਮੀਦ ਹੈ। ਰਾਫੇਲ ਜਹਾਜ਼ ਤੇ ਸਕੋਰਪੀਨ ਪਣਡੁੱਬੀ ਸੌਦਿਆਂ ਨੂੰ ਨਵਾਂ ਆਕਾਰ ਦੇ ਕੇ ਜਿੱਥੇ ਰਣਨੀਤਕ ਰਿਸ਼ਤੇ ਹੋਰ ਮਜ਼ਬੂਤ ਹੋਣਗੇ ਤਾਂ ਇਸ ਨਾਲ ਹਥਿਆਰਾਂ ਦੀ ਖ਼ਰੀਦ ਦੇ ਮਾਮਲੇ 'ਚ ਭਾਰਤ ਦੀ ਵਿਭਿੰਨਤਾ ਅਤੇ ਵੱਖ-ਵੱਖ ਬਦਲਾਂ ਦੀ ਵੀ ਝਲਕ ਮਿਲੇਗੀ। ਇਹ ਭਾਰਤੀ ਵਿਦੇਸ਼ ਅਤੇ ਰਣਨੀਤਕ ਨੀਤੀ ਦੀ ਖ਼ੁਦਮੁਖਤਿਆਰੀ ਨੂੰ ਵੀ ਵਿਸਥਾਰ ਦੇਵੇਗਾ।

ਫਰਾਂਸ ਦੇ ਮਾਰਸੀਲੇ 'ਚ ਭਾਰਤ ਨਵਾਂ ਵਪਾਰਕ ਦੂਤਘਰ ਵੀ ਖੋਲ੍ਹਣ ਜਾ ਰਿਹਾ ਹੈ। ਦੋਵਾਂ ਦੇਸ਼ਾਂ ਵਿਚਾਲੇ ਜਨਤਾ ਤੋਂ ਜਨਤਾ ਵਿਚਾਲੇ ਸਹਿਯੋਗ, ਮੁੱਖ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਆਪਕ ਸਹਿਮਤੀ ਤੇ ਸਿਖਰਲੇ ਆਗੂਆਂ ਵਿਚਾਲੇ ਸਹਿਜਤਾ ਅਤੇ ਨੇੜਤਾ ਇਹੀ ਦਰਸਾਉਂਦੀ ਹੈ ਕਿ ਨਵੀਂ ਦਿੱਲੀ ਤੇ ਪੈਰਿਸ ਆਪਸੀ ਹਿਤਾਂ ਨੂੰ ਸਮਝਦੇ ਹੋਏ ਸਬੰਧਾਂ ਨੂੰ ਸਹੀ ਦਿਸ਼ਾ 'ਚ ਅੱਗੇ ਲਿਜਾ ਰਹੇ ਹਨ।

ਇਸ 'ਚ ਸ਼ੱਕ ਨਹੀਂ ਕਿ ਸਭ ਤੋਂ ਵੱਧ ਨਜ਼ਰਾਂ ਪ੍ਰਧਾਨ ਮੰਤਰੀ ਦੇ ਅਮਰੀਕੀ ਦੌਰੇ 'ਤੇ ਹੋਣਗੀਆਂ। ਹਾਲਾਤ ਨੂੰ ਦੇਖਦੇ ਹੋਏ ਅਜਿਹਾ ਉਤਸ਼ਾਹ ਬਿਨਾਂ ਕਾਰਨ ਵੀ ਨਹੀਂ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੁਬਾਰਾ ਸੱਤਾ ਸੰਭਾਲਣ ਤੋਂ ਬਾਅਦ ਇਹ ਦੋਵਾਂ ਆਗੂਆਂ ਦੀ ਪਹਿਲੀ ਮੁਲਾਕਾਤ ਹੋਵੇਗੀ। ਟਰੰਪ ਦਾ ਅਣਕਿਆਸਿਆ ਵਤੀਰਾ ਤੇ ਸ਼ਖ਼ਸੀਅਤ ਕਿਸੇ ਤੋਂ ਲੁਕੀ ਨਹੀਂ। ਨਵੇਂ ਕਾਰਜਕਾਲ 'ਚ ਉਹ ਜਿਸ ਹਮਲਾਵਰ ਵਤੀਰੇ ਦੇ ਨਾਲ ਆਪਣੇ ਮੁੱਢਲੇ ਮੁੱਦਿਆਂ 'ਤੇ ਅੱਗੇ ਵਧ ਰਹੇ ਹਨ, ਉਸ ਨੂੰ ਦੇਖਦੇ ਹੋਏ ਟਕਰਾਅ ਤੇ ਤਲਖ਼ੀ ਦੇ ਮੁੱਦੇ ਵੀ ਘੱਟ ਨਹੀਂ ਹਨ। ਇਸ 'ਚ ਸਭ ਤੋਂ ਮੁੱਖ ਮੁੱਦਾ ਗ਼ੈਰ-ਕਾਨੂੰਨੀ ਪਰਵਾਸੀਆਂ ਦਾ ਹੈ।

ਟੈਰਿਫ ਵੀ ਅਜਿਹਾ ਹੀ ਇਕ ਮਸਲਾ ਹੈ, ਕਿਉਂਕਿ ਟਰੰਪ ਭਾਰਤ ਨੂੰ ਟੈਰਿਫ ਕਿੰਗ ਵਾਲੇ ਦੇਸ਼ਾਂ 'ਚੋਂ ਇਕ ਮੰਨਦੇ ਹਨ। ਹਾਲਾਂਕਿ ਮੋਦੀ ਤੇ ਟਰੰਪ ਵਿਚਾਲੇ ਪੁਰਾਣੀ ਨੇੜਤਾ ਨੂੰ ਦੇਖਦੇ ਹੋਏ ਇਹੀ ਆਸਾਰ ਵੱਧ ਹਨ ਕਿ ਅਜਿਹੇ ਮੁੱਦਿਆਂ 'ਤੇ ਵਿਆਪਕ ਸਹਿਮਤੀ ਬਣ ਸਕੇਗੀ। ਭਾਰਤ ਪਹਿਲਾਂ ਹੀ ਅਮਰੀਕਾ ਨੂੰ ਭਰੋਸਾ ਦੇ ਚੁੱਕਾ ਹੈ ਕਿ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਮੁੱਦੇ 'ਤੇ ਉਹ ਅਮਰੀਕਾ ਦੀ ਹਰਸੰਭਵ ਮਦਦ ਕਰੇਗਾ। ਇਸ ਕਾਰਨ ਪ੍ਰਧਾਨ ਮੰਤਰੀ ਦੇ ਦੌਰੇ 'ਤੇ ਸਵਦੇਸ਼ ਭੇਜੇ ਜਾਣ ਵਾਲੇ ਭਾਰਤੀਆਂ ਦੇ ਨਾਲ ਚੰਗੇ ਵਤੀਰੇ ਦਾ ਮੁੱਦਾ ਸਤ੍ਹਾ 'ਤੇ ਆ ਸਕਦਾ ਹੈ। ਜਿੱਥੇ ਤੱਕ ਟੈਰਿਫ ਦੀ ਗੱਲ ਹੈ ਤਾਂ ਹਾਲੀਆ ਕੇਂਦਰੀ ਬਜਟ 'ਚ ਹੀ ਕਈ ਅਜਿਹੇ ਉਤਪਾਦਾਂ 'ਤੇ ਦਰਾਮਦ ਫੀਸ ਤੇ ਡਿਊਟੀ ਘਟਾਉਣ ਦੀ ਵਿਵਸਥਾ ਹੋਈ ਹੈ, ਜਿਨ੍ਹਾਂ ਨਾਲ ਅਮਰੀਕੀ ਉਤਪਾਦਾਂ ਤੇ ਕੰਪਨੀਆਂ ਨੂੰ ਲਾਭ ਮਿਲਣ ਦਾ ਅੰਦਾਜ਼ਾ ਹੈ। ਸਪੱਸ਼ਟ ਹੈ ਕਿ ਟਰੰਪ ਪ੍ਰਸ਼ਾਸਨ ਦੀਆਂ ਉਮੀਦਾਂ ਨੂੰ ਭਾਰਤ ਸਮਝ ਰਿਹਾ ਹੈ। ਜੇ ਅਮਰੀਕਾ ਦੁਵੱਲੇ ਰਿਸ਼ਤਿਆਂ ਨੂੰ ਅੱਗੇ ਵਧਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਵੀ ਭਾਰਤੀ ਉਮੀਦਾਂ ਦਾ ਸਨਮਾਨ ਕਰਨਾ ਪਵੇਗਾ।

ਇਸ 'ਚ ਇਕ ਮੁੱਦਾ ਉਨ੍ਹਾਂ ਕੱਟੜਪੰਥੀਆਂ 'ਤੇ ਸਖ਼ਤੀ ਦਾ ਵੀ ਹੋ ਸਕਦਾ ਹੈ, ਜੋ ਵਾਰ-ਵਾਰ ਭਾਰਤ ਨੂੰ ਧਮਕਾਉਂਦੇ ਰਹਿੰਦੇ ਹਨ ਤੇ ਖੁੱਲ੍ਹ ਕੇ ਭਾਰਤ ਵਿਰੋਧੀ ਕੰਮਾਂ 'ਚ ਸ਼ਾਮਲ ਰਹਿੰਦੇ ਹਨ। ਭਾਰਤ ਇਹੀ ਚਾਹੇਗਾ ਕਿ ਅਮਰੀਕਾ ਉਨ੍ਹਾਂ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆੜ 'ਚ ਸੁਰੱਖਿਆ ਨਾ ਦੇਵੇ। ਬਾਇਡਨ ਪ੍ਰਸ਼ਾਸਨ ਦੌਰਾਨ ਇਹ ਮੁੱਦਾ ਦੁਵੱਲੇ ਰਿਸ਼ਤਿਆਂ 'ਚ ਇਕ ਚੁੱਭਣ ਵਾਲਾ ਕੰਢਾ ਬਣਿਆ ਰਿਹਾ।

ਪੀਐੱਮ ਮੋਦੀ ਉਨ੍ਹਾਂ ਕੌਮੀ ਪ੍ਰਧਾਨਾਂ 'ਚੋਂ ਇਕ ਹਨ ਜਿਨ੍ਹਾਂ ਦੀ ਟਰੰਪ ਦੂਜੇ ਕਾਰਜਕਾਲ ਦੀ ਸ਼ੁਰੂਆਤ 'ਚ ਹੀ ਮੇਜ਼ਬਾਨੀ ਕਰਨ ਜਾ ਰਹੇ ਹਨ। ਇਹ ਦਰਸਾਉਂਦਾ ਹੈ ਕਿ ਉਹ ਮੋਦੀ ਤੇ ਭਾਰਤ ਨੂੰ ਪੂਰੀ ਗੰਭੀਰਤਾ ਨਾਲ ਲੈਂਦੇ ਹਨ। ਉਨ੍ਹਾਂ ਦੀ ਇਹੀ ਗੰਭੀਰਤਾ ਤਦ ਵੀ ਝਲਕੀ, ਜਦ ਟਰੰਪ ਪ੍ਰਸ਼ਾਸਨ ਦੇ ਸ਼ੁਰੂਆਤੀ ਕੰਮਾਂ 'ਚੋਂ ਇਕ ਕਵਾਡ ਵਿਦੇਸ਼ ਮੰਤਰੀਆਂ ਦੀ ਬੈਠਕ ਕਰਵਾਉਣਾ ਸੀ। ਟਰੰਪ ਨੇ ਹੀ 2017 'ਚ ਕਵਾਡ ਨੂੰ ਨਵੇਂ ਸਿਰੇ ਤੋਂ ਸਰਗਰਮ ਕੀਤਾ ਸੀ, ਜਿਸ ਨੂੰ ਬਾਇਡਨ ਨੇ ਅੱਗੇ ਵਧਾਇਆ। ਹੁਣ ਉਮੀਦ ਹੈ ਕਿ ਟਰੰਪ ਉਸ ਨੂੰ ਨਵੇਂ ਤੇਵਰ ਦੇਣਗੇ।

ਇਹ ਹਿੰਦ-ਪ੍ਰਸ਼ਾਂਤ 'ਚ ਸਹਿਯੋਗੀਆਂ ਦੇ ਨਾਲ ਸਹਿਯੋਗ ਵਧਾਉਣ ਤੇ ਚੀਨ ਦੀ ਚੁਣੌਤੀ ਦੇ ਤੋੜ ਕੱਢਣ ਦੀ ਗੰਭੀਰਤਾ ਨੂੰ ਵੀ ਦਰਸਾਉਂਦਾ ਹੈ। ਕੁੱਲ ਮਿਲਾ ਕੇ, ਟਰੰਪ ਦੇ ਨਾਲ ਬੈਠਕ 'ਚ ਮੋਦੀ ਦੁਵੱਲੇ ਸਬੰਧਾਂ ਲਈ ਅਗਲੇ ਚਾਰ ਸਾਲ ਦੀ ਰੂਪਰੇਖਾ ਤਿਆਰ ਕਰਨਗੇ। ਇਹ ਸਬੰਧ ਆਪਸੀ ਵਿਸ਼ਵਾਸ ਅਤੇ ਨਿਰੰਤਰ ਤਰੱਕੀ ਵਾਲੇ ਨਜ਼ਰੀਏ ਤੋਂ ਪ੍ਰੇਰਿਤ ਹੋਣਗੇ।

# ਮੋਦੀ ਵੱਲੋਂ ਅਮਰੀਕੀ ਇੰਟੈਲੀਜੈਂਸ ਮੁਖੀ ਗਬਾਰਡ ਨਾਲ ਮੁਲਾਕਾਤ

**ਵਾਸ਼ਿੰਗਟਨ-** ਇੱਥੇ ਪਹੁੰਚਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪਹਿਲੀ ਰਸਮੀ ਅਧਿਕਾਰਤ ਮੀਟਿੰਗ ਦੌਰਾਨ ਤੁਲਸੀ ਗਬਾਰਡ ਨਾਲ ਮੁਲਾਕਾਤ ਕੀਤੀ। ਬੁੱਧਵਾਰ ਰਾਤ ਨੂੰ ਮੁਲਾਕਾਤ ਤੋਂ ਬਾਅਦ ਪੀਐਮ ਮੋਦੀ ਨੇ 'ਐਕਸ' 'ਤੇ ਪੋਸਟ ਕਰਦਿਆਂ ਲਿਖਿਆ ''ਗਬਾਰਡ ਨੂੰ ਇਸ ਨਵੀਂ ਨਿਯੁਕਤੀ 'ਤੇ ਵਧਾਈ ਦਿੱਤੀ ਅਤੇ ਭਾਰਤ-ਅਮਰੀਕਾ ਦੋਸਤੀ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ।'' ਜ਼ਿਕਰਯੋਗ ਹੈ ਕਿ ਗਬਾਰਡ ਨੇ ਦੇਸ਼ ਦੀ ਚੋਟੀ ਦੀ ਇੰਟੈਲੀਜੈਂਸ ਨੌਕਰੀ ਲਈ ਬੁੱਧਵਾਰ ਨੂੰ ਸੈਨੇਟ ਦੇ ਵੋਟ ਜਿੱਤੇ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਤੋਂ ਕੁਝ ਘੰਟੇ ਪਹਿਲਾਂ ਸਹੁੰ ਚੁੱਕੀ।

ਉਹ ਇੱਕ ਅਮਰੀਕੀ ਹਿੰਦੂ ਹੈ। ਉਹ ਪਹਿਲਾਂ ਵੀ ਕਈ ਵਾਰ ਪੀਐਮ ਮੋਦੀ ਨੂੰ ਮਿਲ ਚੁੱਕੀ ਹੈ। ਇਸ ਦੌਰਾਨ ਵਿਦੇਸ਼ ਮੰਤਰਾਲਾ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ ਕਿ ਬੁੱਧਵਾਰ ਦੀ ਮੀਟਿੰਗ ਦੌਰਾਨ ਹੋਈ ਚਰਚਾ ਅਤਿਵਾਦ ਵਿਰੋਧੀ, ਸਾਈਬਰ ਸੁਰੱਖਿਆ ਅਤੇ ਉੱਭਰ ਰਹੇ ਖਤਰਿਆਂ ਵਿੱਚ ਖੁਫੀਆ ਸਹਿਯੋਗ ਵਧਾਉਣ 'ਤੇ ਵੀ ਕੇਂਦਰਿਤ ਸੀ।

ਪੀਐਮ ਮੋਦੀ ਬੁੱਧਵਾਰ ਸ਼ਾਮ ਕਰੀਬ 5:30 ਵਜੇ ਅਮਰੀਕਾ ਦੀ ਰਾਜਧਾਨੀ ਪਹੁੰਚੇ। ਪ੍ਰਧਾਨ ਮੰਤਰੀ ਮੋਦੀ ਅਤੇ ਟਰੰਪ ਵੀਰਵਾਰ ਨੂੰ ਵ੍ਹਾਈਟ ਹਾਊਸ 'ਚ ਦੁਵੱਲੀ ਗੱਲਬਾਤ ਕਰਨਗੇ। ਪ੍ਰਧਾਨ ਮੰਤਰੀ ਮੋਦੀ ਨੇ 'ਐਕਸ' 'ਤੇ ਕਿਹਾ, ''ਸਾਡੇ ਦੇਸ਼ ਸਾਡੇ ਲੋਕਾਂ ਦੇ ਫਾਇਦੇ ਅਤੇ ਸਾਡੀ ਧਰਤੀ ਦੇ ਬਿਹਤਰ ਭਵਿੱਖ ਲਈ ਮਿਲ ਕੇ ਕੰਮ ਕਰਦੇ ਰਹਿਣਗੇ।''

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ

# ਪਰਵਾਸੀਆਂ ਦੀ ਜਬਰੀ ਵਾਪਸੀ ਲਈ ਜ਼ਿੰਮੇਵਾਰ ਕੌਣ?

**ਲੈਕਚਰਾਰ ਅਜੀਤ ਖੰਨਾ**

ਪਰਵਾਸ ਦਾ ਰੁਝਾਨ ਸਦੀਆਂ ਪੁਰਾਣਾ ਹੈ। ਰੋਜ਼ੀ ਰੋਟੀ ਲਈ ਬੰਦਾ ਪੰਛੀਆਂ ਵਾਂਗ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਂਦਾ ਰਹਿੰਦਾ ਹੈ; ਬੇਸ਼ੱਕ, ਪਰਵਾਸ ਕਾਰਨ ਉਸ ਨੂੰ ਅਨੇਕ ਦਿਕਤਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਪਰਵਾਸ ਦੌਰਾਨ ਗੈਰ-ਕਾਨੂੰਨੀ ਤਰੀਕਿਆਂ ਨਾਲ ਜਾਣ ਸਦਕਾ ਅਨੇਕ ਲੋਕਾਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣ ਪੈ ਜਾਂਦੇ ਹਨ ਪਰ ਇਸ ਦੇ ਬਾਵਜੂਦ ਪਰਵਾਸ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਪਿਛਲੇ ਇੱਕ-ਡੇਢ ਦਹਾਕਿਆਂ ਤੋਂ ਪਰਵਾਸ ਦਾ ਰੁਝਾਨ ਬੜੀ ਤੇਜ਼ ਰਫ਼ਤਾਰ ਨਾਲ ਅੱਗੇ ਵਧਿਆ ਹੈ। ਇਸ ਰੁਝਾਨ ਦੌਰਾਨ ਬਹੁਤ ਸਾਰੇ ਬੰਦੇ ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਕੇ ਬਾਹਰਲੇ ਮੁਲਕਾਂ ਦੀ ਧਰਤੀ ਉੱਤੇ ਪੈਰ ਟਿਕਾਉਣ ਵਿੱਚ ਸਫਲ ਹੋਏ ਹਨ। ਅਮਰੀਕਾ ਸਕਣ। ਏਜੰਟਾਂ ਨੂੰ ਪੈਸਿਆਂ ਦੇ ਥੱਬੇ ਦੇ ਕੇ ਵਿਦੇਸ਼ ਪਹੁੰਚੇ ਇਨ੍ਹਾਂ ਭਾਰਤੀਆਂ ਨੂੰ ਹੁਣ ਜਦੋਂ ਵਾਪਸ ਆਪਣੇ ਮੁਲਕ ਆਉਣਾ ਪਿਆ ਹੈ ਤਾਂ ਉਨ੍ਹਾਂ ਦੀ ਹਾਲਤ ਧੋਬੀ ਦੇ ਕੁੱਤੇ ਵਾਲੀ ਬਣ ਗਈ ਹੈ ਜੋ ਨਾ ਘਰ ਦੇ ਰਹੇ, ਨਾ ਘਾਟ ਦੇ।

ਅਮਰੀਕਾ ਤੋਂ ਪਰਤੇ ਇਹ ਪਰਵਾਸੀ ਸਭ ਕੁਝ ਗੁਆਉਣ ਮਗਰੋਂ ਹੁਣ ਕੀ ਕਰਨ, ਇਹ ਵੱਡਾ ਸਵਾਲ ਹੈ। ਡਿਪੋਰਟ ਹੋਏ ਪਰਵਾਸੀ ਭਾਰਤੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਮਾਨਸਿਕ ਦਸ਼ਾ ਕੀ ਹੋਵੇਗੀ, ਇਹ ਵੀ ਸੋਚਣ ਵਾਲੀ ਗੱਲ ਹੈ। ਇਹ ਲੋਕ ਆਪਣੇ ਸਿਰ ਚੜ੍ਹਿਆ ਕਰਜ਼ਾ ਕਿੰਝ ਲਾਹੁਣਗੇ? ਇਨ੍ਹਾਂ ਗੱਲਾਂ ਨੂੰ ਸਮਝਣ ਦੀ ਲੋੜ ਹੈ। ਇਨ੍ਹਾਂ ਵਿਚੋਂ ਬਹੁਤਿਆਂ ਕੋਲ ਤਾਂ ਦੋ ਚਾਰ ਜਾਂ ਫਿਰ ਇਕ ਅੱਧਾ ਕਿੱਲਾ ਜ਼ਮੀਨ ਦਾ ਟੁਕੜਾ ਹੀ ਹੈ ਜੋ ਗਹਿਣਾ ਗੱਟਾ



**ਅਮਰੀਕਾ ਤੋਂ ਪਰਤੇ ਇਹ ਪਰਵਾਸੀ ਸਭ ਕੁਝ ਗੁਆਉਣ ਮਗਰੋਂ ਹੁਣ ਕੀ ਕਰਨ, ਇਹ ਵੱਡਾ ਸਵਾਲ ਹੈ। ਡਿਪੋਰਟ ਹੋਏ ਪਰਵਾਸੀ ਭਾਰਤੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਮਾਨਸਿਕ ਦਸ਼ਾ ਕੀ ਹੋਵੇਗੀ, ਇਹ ਵੀ ਸੋਚਣ ਵਾਲੀ ਗੱਲ ਹੈ। ਇਹ ਲੋਕ ਆਪਣੇ ਸਿਰ ਚੜ੍ਹਿਆ ਕਰਜ਼ਾ ਕਿੰਝ ਲਾਹੁਣਗੇ? ਇਨ੍ਹਾਂ ਗੱਲਾਂ ਨੂੰ ਸਮਝਣ ਦੀ ਲੋੜ ਹੈ। ਇਨ੍ਹਾਂ ਵਿਚੋਂ ਬਹੁਤਿਆਂ ਕੋਲ ਤਾਂ ਦੋ ਚਾਰ ਜਾਂ ਫਿਰ ਇਕ ਅੱਧਾ ਕਿੱਲਾ ਜ਼ਮੀਨ ਦਾ ਟੁਕੜਾ ਹੀ ਹੈ ਜੋ ਗਹਿਣਾ ਗੱਟਾ ਵੇਚ-ਵੱਟ ਕੇ ਇਸ ਆਸ ਨਾਲ ਜਹਾਜ਼ ਚੜ੍ਹੇ ਸਨ ਕਿ ਅਮਰੀਕਾ ਸੈੱਟ ਹੋਣ ਮਗਰੋਂ ਯਾਰਾਂ ਦੋਸਤਾਂ, ਰਿਸ਼ਤੇਦਾਰਾਂ ਤੋਂ ਲਏ ਕਰਜ਼ੇ ਦੀ ਪੰਡ ਨੂੰ ਕੁਝ ਸਾਲਾਂ 'ਚ ਉਤਾਰ ਕੇ ਖੁਸ਼ਹਾਲ ਜ਼ਿੰਦਗੀ ਜਿਊਣਗੇ ਪਰ ਹੁਣ ਡਿਪੋਰਟ ਹੋਣ ਦਾ ਸੱਲ ਉਮਰਾਂ ਲਈ ਸੀਨੇ ਲੈ ਆਏ ਹਨ।**

ਵਿਚ ਵੀ ਬਹੁਤ ਸਾਰੇ ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਗਏ ਪਰ ਹਾਲ ਹੀ ਵਿਚ ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਹੁੰ ਚੁੱਕਦਿਆਂ ਹੀ ਅਮਰੀਕਾ 'ਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਡਿਪੋਰਟ ਕਰਨ ਦਾ ਫ਼ੈਸਲਾ ਕੀਤਾ ਹੈ।

ਇੱਕ ਪਾਸੇ 5 ਫਰਵਰੀ ਨੂੰ ਅਮਰੀਕੀ ਫੌਜੀ ਜਹਾਜ਼ 104 ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਦੀ ਧਰਤੀ ਉੱਤੇ ਉੱਤਰਿਆ, ਦੂਜੇ ਪਾਸੇ ਉਸ ਸਮੇਂ ਬਹੁਤ ਹੀ ਹੈਰਾਨੀ ਭਰੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਜਿਸ ਵਿਚ ਡਿਪੋਰਟ ਹੋ ਕੇ ਆਏ ਭਾਰਤੀਆਂ ਦੇ ਹੱਥਕੜੀਆਂ ਅਤੇ ਬੇੜੀਆਂ ਲੱਗੀਆਂ ਹੋਈਆਂ ਸਨ। ਇਸ ਨਾਲ ਲੋਕਾਂ ਵਿੱਚ ਅਮਰੀਕਾ ਤੇ ਭਾਰਤ ਸਰਕਾਰ ਖਿਲਾਫ ਰੋਸ ਪੈਦਾ ਹੋਣਾ ਸੁਭਾਵਿਕ ਸੀ। ਇਹ ਹੱਥਕੜੀਆਂ ਤੇ ਬੇੜੀਆਂ ਭਾਵੇਂ ਅਮਰੀਕੀ ਕਾਨੂੰਨ ਮੁਤਾਬਿਕ ਹਰ ਉਸ ਪਰਵਾਸੀ ਨੂੰ ਲਾਈਆਂ ਹੀ ਜਾਂਦੀਆਂ ਹਨ ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਫੜੇ ਜਾਂਦੇ ਹਨ ਪਰ ਲੋਕਾਂ ਵਿਚ ਰੋਸ ਹੈ ਕਿ ਭਾਰਤ ਸਰਕਾਰ ਨੇ ਕੁਝ ਨਹੀਂ ਕੀਤਾ।

ਡਿਪੋਰਟ ਹੋ ਕੇ ਆਏ ਇਨ੍ਹਾਂ ਭਾਰਤੀਆਂ ਵਿੱਚ ਗੁਜਰਾਤ ਤੇ ਹਰਿਆਣਾ ਦੇ 33-33, ਪੰਜਾਬ ਦੇ 30, ਮਹਾਰਾਸ਼ਟਰ ਤੇ ਯੂਪੀ ਦੇ 3-3 ਤੇ ਚੰਡੀਗੜ੍ਹ ਦੇ 2 ਨਾਗਰਿਕ ਸ਼ਾਮਲ ਸਨ। ਇਨ੍ਹਾਂ ਵਿੱਚ 24 ਔਰਤਾਂ ਅਤੇ 18 ਸਾਲ ਤੋਂ ਘੱਟ ਉਮਰ ਦੇ 12 ਬੱਚੇ ਵੀ ਹਨ। ਇਹ ਪਹਿਲਾ ਜਹਾਜ਼ ਹੈ, ਇਸ ਤੋਂ ਬਿਨਾਂ ਅਮਰੀਕਾ ਵਿੱਚ ਅਜੇ 18000 ਤੋਂ ਜ਼ਿਆਦਾ ਭਾਰਤੀਆਂ ਦੇ ਗੈਰ-ਕਾਨੂੰਨੀ ਹੋਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ ਜਿਨ੍ਹਾਂ ਉੱਤੇ ਡਿਪੋਰਟ ਦੀ ਤਲਵਾਰ ਲਟਕ ਰਹੀ ਹੈ। ਇਹ ਖ਼ਬਰਾਂ ਵੀ ਆ ਰਹੀਆਂ ਹਨ ਕਿ ਇਹ ਗਿਣਤੀ ਕਈ ਗੁਣਾ ਵੱਧ ਹੋ ਸਕਦੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਡਿਪੋਰਟ ਦੇ ਇਸ ਵਰਤਾਰੇ ਵਾਸਤੇ ਜ਼ਿੰਮੇਵਾਰ ਕੌਣ ਹੈ? ਅਮਰੀਕਾ, ਭਾਰਤ, ਏਜੰਟ ਜਾਂ ਫਿਰ ਡਿਪੋਰਟ ਹੋਣ ਵਾਲੇ ਇਹ ਭਾਰਤੀ ਖੁਦ? ਜੇ ਗ਼ੌਰ ਨਾਲ ਇਸ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਭ ਤੋਂ ਜ਼ਿਆਦਾ ਦੋਸ਼ ਸਾਡੀਆਂ ਸਰਕਾਰਾਂ ਦਾ ਜਾਪਦਾ ਹੈ, ਇਹ ਭਾਵੇਂ ਕੇਂਦਰ ਸਰਕਾਰ ਹੋਵੇ ਜਾਂ ਸੂਬਾ ਸਰਕਾਰਾਂ ਕਿਉਂਕਿ ਦੇਸ਼ ਆਜ਼ਾਦ ਹੋਣ ਸਮੇਂ ਦੇਸ਼ ਦੀ ਸੰਖਿਆ 43 ਕਰੋੜ ਦੇ ਕਰੀਬ ਅਤੇ ਬੇਰੁਜ਼ਗਾਰਾਂ ਦੀ ਸੰਖਿਆ ਇੱਕ ਕਰੋੜ ਤੋਂ ਘੱਟ ਸੀ। ਪਹਿਲੀਆਂ ਲੋਕ ਸਭਾ ਚੋਣਾਂ ਤੋਂ ਲੈ ਕੇ ਹੁਣ ਤੱਕ ਸਾਡੇ ਨੇਤਾ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ, ਨੌਜਵਾਨਾ ਨੂੰ ਰੁਜ਼ਗਾਰ ਦੇਣ ਦੇ ਲਾਰੇ ਤਾਂ ਲਾਉਂਦੇ ਰਹੇ ਪਰ ਸੱਤਾ ਵਿੱਚ ਆਉਣ ਮਗਰੋਂ ਕਿਸੇ ਨੇ ਬਹੁਤਾ ਕੁਝ ਨਹੀਂ ਕੀਤਾ; ਨਾ ਨੌਕਰੀ ਦਿੱਤੀ, ਨਾ ਰੁਜ਼ਗਾਰ ਜਿਸ ਕਰ ਕੇ ਨੌਜਵਾਨਾਂ ਨੂੰ ਬਾਹਰਲੇ ਮੁਲਕਾਂ ਦਾ ਰੁਖ ਕਰਨਾ ਪਿਆ। ਇਹ ਨੌਜਵਾਨ 40 ਤੋਂ 60 ਲੱਖ ਲਾ ਕੇ ਪੁੱਠੇ ਸਿੱਧੇ ਢੰਗ (ਡੌਂਕੀ) ਨਾਲ ਅਮਰੀਕਾ, ਕੈਨੇਡਾ ਜਾਂ ਇੰਗਲੈਂਡ ਦੀ ਧਰਤੀ ਉੱਤੇ ਇਸ ਉਮੀਦ ਨਾਲ ਜਾਂਦੇ ਹਨ ਤਾਂ ਜੋ ਆਪਣਾ ਭਵਿੱਖ ਬਣਾ ਵੇਚ-ਵੱਟ ਕੇ ਇਸ ਆਸ ਨਾਲ ਜਹਾਜ਼ ਚੜ੍ਹੇ ਸਨ ਕਿ ਅਮਰੀਕਾ ਸੈੱਟ ਹੋਣ ਮਗਰੋਂ ਯਾਰਾਂ ਦੋਸਤਾਂ, ਰਿਸ਼ਤੇਦਾਰਾਂ ਤੋਂ ਲਏ ਕਰਜ਼ੇ ਦੀ ਪੰਡ ਨੂੰ ਕੁਝ ਸਾਲਾਂ 'ਚ ਉਤਾਰ ਕੇ ਖੁਸ਼ਹਾਲ ਜ਼ਿੰਦਗੀ ਜਿਊਣਗੇ ਪਰ ਹੁਣ ਡਿਪੋਰਟ ਹੋਣ ਦਾ ਸੱਲ ਉਮਰਾਂ ਲਈ ਸੀਨੇ ਲੈ ਆਏ ਹਨ। ਇਨ੍ਹਾਂ ਵਾਸਤੇ ਕਰਜ਼ਾ ਲਾਹੁਣਾ ਅਸੰਭਵ ਜਿਹਾ ਲੱਗਦਾ ਹੈ। ਇਨ੍ਹਾਂ ਵਿਚੋਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਅਮਲੋਹ ਦਾ 30 ਸਾਲਾ ਨੌਜਵਾਨ ਤਾਂ ਅਜੇ ਇਸੇ ਵਰ੍ਹੇ 15 ਜਨਵਰੀ ਨੂੰ ਹੀ ਅਮਰੀਕਾ ਪਹੁੰਚਿਆ ਸੀ। ਉਸ ਕੋਲ ਸਿਰਫ 9 ਕਨਾਲ ਜ਼ਮੀਨ ਹੈ। ਉਹ 50 ਲੱਖ ਰੁਪਏ ਲਾ ਕੇ ਜਹਾਜ਼ ਚੜ੍ਹਿਆ ਸੀ। ਹੁਣ ਉਹਦੇ ਮਾਪਿਆਂ ਤੇ ਉਸ ਦੀ ਹਾਲਤ ਦੁਖਦਾਇਕ ਹੈ। ਇਸੇ ਤਰ੍ਹਾਂ ਦੀ ਹਾਲਤ ਵਾਪਸ ਪਰਤੇ ਹੋਰ ਨੌਜਵਾਨਾਂ ਦੀ ਹੈ ਜੋ ਅਜੇ ਕੁਝ ਮਹੀਨੇ ਪਹਿਲਾਂ ਹੀ ਅਮਰੀਕਾ ਪਹੁੰਚੇ ਸਨ। ਇਨ੍ਹਾਂ ਸਾਰਿਆਂ ਦੇ ਸੁਪਨੇ ਟੁੱਟ ਗਏ ਹਨ ਜਿਸ ਨੂੰ ਨਾ ਤਾਂ ਸਾਡੀਆਂ ਸਰਕਾਰਾਂ ਅਤੇ ਨਾ ਹੀ ਡੋਨਲਡ ਟਰੰਪ ਵਰਗੇ ਸਮਝ ਸਕਦੇ ਹਨ।

ਇੱਥੇ ਇੱਕ ਸਵਾਲ ਇਹ ਵੀ ਹੈ ਕਿ ਅਮਰੀਕਾ ਪਰਵਾਸੀ ਦੇਸ਼ ਹੈ ਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਦਾਖਲ ਹੋਣ ਵਾਲੇ ਪਰਵਾਸੀਆਂ ਨੂੰ ਰੋਕਣ ਦੀ ਜ਼ਿੰਮੇਵਾਰੀ ਅਮਰੀਕਾ ਦੀ ਹੈ। ਇਸ ਲਈ ਸਭ ਤੋਂ ਵੱਡਾ ਦੋਸ਼ ਅਮਰੀਕਾ ਦਾ ਕਿਹਾ ਜਾ ਸਕਦਾ ਹੈ ਕਿਉਂਕਿ ਆਪਣੀ ਸਰਹੱਦ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਅਮਰੀਕਾ ਦੀ ਹੈ, ਨਾ ਕਿ ਕਿਸੇ ਹੋਰ ਦੀ।

ਅਗਲੀ ਗੱਲ, ਇਨ੍ਹਾਂ ਪਰਵਾਸੀਆਂ ਦਾ ਰਿਕਾਰਡ ਚੈੱਕ ਕੀਤਾ ਜਾਂਦਾ; ਅਗਰ ਇਹ ਅਪਰਾਧੀ ਹੁੰਦੇ, ਫਿਰ ਬੇਸ਼ੱਕ ਇਨ੍ਹਾਂ ਨੂੰ ਡਿਪੋਰਟ ਕਰ ਦਿੱਤਾ ਜਾਂਦਾ। ਇਸ ਵਿਚ ਦੂਜਾ ਦੋਸ਼ ਸਾਡੀਆਂ ਸਰਕਾਰਾਂ ਦਾ ਹੈ ਜੋ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਅਸਫਲ ਰਹੀਆਂ ਹਨ। ਜੇਕਰ ਆਪਣੇ ਮੁਲਕ ਵਿੱਚ ਰੁਜ਼ਗਾਰ ਹੋਵੇ ਤਾਂ ਕੌਣ ਘਰ-ਬਾਰ ਛੱਡ ਕੇ ਬਾਹਰਲੇ ਮੁਲਕੀਂ ਜਾਣਾ ਚਾਹੁੰਦਾ ਹੈ। ਤੀਜਾ ਦੋਸ਼ ਉਨ੍ਹਾਂ ਏਜੰਟਾਂ ਦਾ ਹੈ ਜੋ ਸਹੀ ਸਲਾਹ ਨਾ ਦੇ ਕੇ, ਲੱਖਾਂ ਰੁਪਏ ਬਟੋਰ ਕੇ ਗੈਰ-ਕਾਨੂੰਨੀ ਢੰਗ ਨਾਲ ਸਰਹੱਦਾਂ ਟੱਪਣ-ਟਪਾਉਣ 'ਚ ਮਦਦ ਕਰਦੇ ਹਨ। ਚੌਥੀ ਗੱਲ ਗੈਰ-ਕਾਨੂੰਨੀ ਢੰਗ ਨਾਲ ਬਾਹਰਲੇ ਮੁਲਕਾਂ 'ਚ ਜਾਣ ਵਾਲੇ ਇਹ ਲੋਕ ਕਾਫੀ ਹੱਦ ਤੱਕ ਖੁਦ ਵੀ ਜ਼ਿੰਮੇਵਾਰ ਹਨ ਕਿਉਂਕਿ ਕਿਸੇ ਵੀ ਗੈਰ-ਕਾਨੂੰਨੀ ਕੰਮ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ।

ਇਹ ਗੱਲ ਵੀ ਕਦੇ ਨਹੀਂ ਭੁੱਲਣੀ ਚਾਹੀਦੀ ਕਿ 40 ਤੋਂ 50 ਲੱਖ ਰੁਪਏ ਲਾ ਕੇ, ਉਹ ਵੀ ਗੈਰ-ਕਾਨੂੰਨੀ ਢੰਗ ਵਿਦੇਸ਼ ਜਾਣਾ ਬਿਲਕੁਲ ਗਲਤ ਹੈ। ਹਮੇਸ਼ਾ ਸਹੀ ਢੰਗ ਨਾਲ ਵਿਦੇਸ਼ ਜਾਵੋ। ਇੰਨੀ ਵੱਡੀ ਰਕਮ ਲਾ ਕੇ ਖੁਦ ਨੂੰ ਜੋਖ਼ਿਮ ਵਿੱਚ ਪਾ ਕੇ ਵਿਦੇਸ਼ ਜਾਣ ਦੀ ਬਜਾਇ ਆਪਣੇ ਮੁਲਕ 'ਚ ਹੀ ਸਵੈ-ਰੁਜ਼ਗਾਰ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਨਾ ਗਹਿਣੇ ਵੇਚਣੇ ਪੈਣ, ਨਾ ਕਰਜ਼ਾ ਲੈਣਾ ਪਵੇ ਅਤੇ ਨਾ ਜ਼ਿੰਦਗੀ ਰਿਸਕ 'ਚ ਪਵੇ।




## Matrimonial ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: **510-938-7771** **shaadi@pardestimes.com**

### ਵਰ ਦੀ ਲੋੜ

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

### ਕੰਨਿਆ ਦੀ ਲੋੜ

ਗੁਰਸਿੱਖ 30 ਸਾਲਾ, ਕੱਦ 5 ਫੁੱਟ 10 ਇੰਚ ਲੜਕਾ, ਬੀ. ਟੈਕ, ਐਮ. ਈ. ਤੇ ਬਿਜਨਸ ਮੈਨੇਜਮੈਂਟ ਡਿਗਰੀ, ਚੰਗੀ ਕੰਪਨੀ 'ਚ ਕੰਮ ਕਰਦੇ ਯੂ. ਐਸ. ਸਿਟੀਜ਼ਨ ਲਈ ਬਰਾਬਰ ਦੀ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263


*In Loving Memory of*

*Late S. Raghbir Singh* (1935-2025)



With heavy heart and great sorrow we announce the passing of S. Raghbir Singh ji, into Waheguru's embrace on February 5, 2025

ਉਹਨਾਂ ਨਮਿਤ ਕੀਰਤਨ ਅਤੇ ਅੰਤਿਮ ਅਰਦਾਸ ਫਰਵਰੀ 19, 2025 (ਦਿਨ ਬੁੱਧਵਾਰ) ਨੂੰ ਦੁਪਹਿਰ ਵੇਲੇ ਫਰੀਮਾਂਟ ਗੁਰਦੁਆਰਾ ਸਾਹਿਬ ਵਿਖੇ ਹੋਈ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

*In Grief*

*Sardarni Paramjit Kaur* (wife)
*Ken Arora & Barbara Nesbet*
(son & daughter-in-law)

*Jaspreet Singh & Harneet Kaur*
(son & daughter-in-law)
*Jasneet & Jasamarbir*
(granddaughter & grandson)

## ਵਿਛੜੀ ਰੂਹ ਨੂੰ ਯਾਦ ਕਰਦਿਆਂ ਦੋ ਸ਼ਬਦ

ਭਾਈ ਸਾਹਿਬ ਰਘਬੀਰ ਸਿੰਘ ਜੀ ਨੂੰ ਮੈਂ 1994 ਤੋਂ ਜਾਣਦਾ ਸੀ ਤੇ ਅੱਜ ਤੱਕ ਉਹਨਾਂ ਨਾਲ ਜਦੋਂ ਵੀ ਬੈਠੇ ਜਾਂ ਗੱਲਬਾਤ ਹੋਈ, ਉਹਨਾਂ ਨੇ ਬਹੁਤ ਹੀ ਸਹਿਜ ਸੁਭਾਅ ਨਾਲ ਗੱਲਾਂ ਕਰਦਿਆਂ ਨੇ ਜ਼ਿੰਦਗੀ ਦੇ ਤਜਰਬੇ ਮੈਨੂੰ ਦੱਸਣ, ਜਿਨ੍ਹਾਂ ਨਾਲ ਇਨਸਾਨ ਹੋਰ ਸੋਝੀ ਪ੍ਰਾਪਤ ਕਰ ਸਕਦਾ ਹੈ। ਉਹ ਬਹੁਤ ਪੜ੍ਹੇ-ਲਿਖੇ ਤੇ ਗੱਲਬਾਤ ਪੱਖੋਂ ਬਹੁਤ ਹੀ ਸਿਆਣਪ ਨਾਲ ਮਿਠਬੋਲੜੇ ਸੁਭਾਅ ਦੇ ਤੇ ਬਹੁਤ ਹੀ ਖੁਸ਼ੀ-ਖੁਸ਼ੀ ਸਾਹਮਣੇ ਆ ਰਹੇ ਇਨਸਾਨ ਨੂੰ ਮਿਲਦੇ ਹੁੰਦੇ ਸੀ।

ਆਖਰੀ ਵਾਰ ਮੈਂ ਦੋ ਮਹੀਨੇ ਤੋਂ ਘੱਟ ਦੇ ਸਮੇਂ 'ਚ ਉਹਨਾਂ ਨੂੰ ਗੁਰਦੁਆਰਾ ਸਾਹਿਬ ਫਰੀਮਾਂਟ 'ਚ ਮਿਲਿਆ। ਉਸ ਦਿਨ ਉਹ ਮੇਰੇ ਨਾਲ ਬੈਠ ਕੇ ਜ਼ਿੰਦਗੀ ਦੇ ਫ਼ਲਸਫ਼ੇ ਦੀ ਗੱਲਬਾਤ ਲੰਮਾ ਸਮਾਂ ਕਰਦੇ ਰਹੇ। ਉਹਨਾਂ ਦੀ ਧਰਮ ਪਤਨੀ ਕਹਿੰਦੀ, ਆਓ ਹੁਣ ਚੱਲੀਏ ਘਰ। ਕਹਿਣ ਲੱਗੇ ਅੱਜ ਜ਼ਰਾ ਬਲਬੀਰ ਸਿੰਘ ਜੀ ਨਾਲ ਕੁਝ ਹੋਰ ਸਮਾਂ ਬੈਠਣ ਨੂੰ ਮਨ ਕਰਦਾ ਹੈ- ਮੈਂ ਅੱਜ ਉਹ ਮਹਿਸੂਸ ਕਰ ਰਿਹਾ ਹਾਂ। ਜ਼ਿੰਦਗੀ ਦੇ ਤੀਹ ਸਾਲ ਦੀ ਵਾਕਫ਼ੀਅਤ ਨੂੰ ਅੱਜ ਉਹ ਪੂਰਾ ਸਮਾਂ ਦੇ ਕੇ ਮੈਨੂੰ ਜਾ ਰਹੇ ਸਨ।

ਹੁਣ ਜਦੋਂ ਉਹਨਾਂ ਦੇ ਜਾਣ ਦੀ ਖ਼ਬਰ ਆਈ ਤਾਂ ਮੈਂ ਅੱਥਰੂ ਨਹੀਂ ਰੋਕ ਸਕਿਆ। ਇਕ ਚੰਗੇ ਇਨਸਾਨ, ਮਿੱਤਰ-ਦੋਸਤ ਤੇ ਬਹੁਤ ਪੜ੍ਹੇ-ਲਿਖੇ, ਸੁਚੱਜੇ ਇਨਸਾਨ ਦੇ ਜਾਣ ਦਾ ਬਹੁਤ ਦੁੱਖ ਹੋਇਆ। ਉਹਨਾਂ ਦੀ ਸ਼ਖਸੀਅਤ ਨੂੰ ਮੈਂ ਹਮੇਸ਼ਾ ਯਾਦ ਰੱਖਾਂਗਾ।

ਵਾਹਿਗੁਰੂ ਅੱਗੇ ਬੇਨਤੀ/ਅਰਦਾਸ ਹੈ ਕਿ ਇਸ ਵਿੱਛੜੀ ਰੂਹ ਨੂੰ ਸ਼ਾਂਤੀ ਪ੍ਰਦਾਨ ਕਰੇ ਤੇ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ੇ।

ਪਿੱਛੇ ਪਰਿਵਾਰ ਨੂੰ ਵਾਹਿਗੁਰੂ ਚੜ੍ਹਦੀ ਕਲਾ 'ਚ ਰੱਖੇ ਤੇ ਸਾਰਾ ਪਰਿਵਾਰ ਗੁਰੂ ਵਾਲਾ ਹੈ ਤੇ ਉਹਨਾਂ ਨੂੰ ਬਾਣੀ ਤੋਂ ਢਾਰਸ ਮਿਲਦਾ ਰਹੇ।

**– ਬਲਬੀਰ ਸਿੰਘ ਐਮ. ਏ.**

# ਵਿਪਸਾ ਵੱਲੋਂ ਪੰਜਾਬ ਲੋਕ ਰੰਗ ਟੀਮ ਦਾ ਭਾਰਤ ਵਿੱਚ 'ਜ਼ਫਰਨਾਮਾ' ਨਾਟਕ ਦੀ ਸਫ਼ਲ ਪੇਸ਼ਕਾਰੀ ਕਰਕੇ ਵਾਪਸੀ 'ਤੇ ਨਿੱਘਾ ਸੁਆਗਤ

ਹੇਵਰਡ- ਵਿਪਸਾ ਦੀ ਮਾਸਿਕ ਮਿਲਣੀ ਸੈਫਾਇਰ ਬੈਂਕੁਇਟ ਹਾਲ, ਹੇਵਰਡ ਵਿਖੇ ਹੋਈ। ਪ੍ਰਧਾਨ ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਕਹਿੰਦੇ ਹੋਏ ਅਗਲੇ ਦੋ ਵਰ੍ਹਿਆਂ ਲਈ ਆਪਣੀ ਕਾਰਜਕਾਰਨੀ ਦੀ ਘੋਸ਼ਣਾ ਕਰਦੇ ਹੋਏ ਕਿਹਾ ਕਿ ਸ. ਸੁਰਿੰਦਰ ਸਿੰਘ ਧਨੋਆ ਸਰਪ੍ਰਸਤ, ਡਾ. ਸੁਖਵਿੰਦਰ ਕੰਬੋਜ ਆਰਗੇਨਾਈਜ਼ਰ, ਅਮਰਜੀਤ ਕੌਰ ਪੰਨੂੰ ਅਤੇ ਪ੍ਰੋ. ਸੁਰਿੰਦਰ ਸੀਰਤ ਮੀਤ ਪ੍ਰਧਾਨ, ਜਗਜੀਤ ਨੌਸ਼ਹਿਰਵੀ ਸੰਧੂ ਜਰਨਲ ਸਕੱਤਰ, ਲਾਜ ਨੀਲਮ ਸੈਣੀ ਸਾਹਿਤ ਸਕੱਤਰ, ਗੁਲਸ਼ਨ ਦਿਆਲ ਅਤੇ ਤਾਰਾ ਸਾਗਰ ਵਿੱਤ ਸਕੱਤਰ, ਮੁਕੇਸ਼ ਸ਼ਰਮਾ ਕਲਾ ਸਕੱਤਰ ਅਤੇ ਐਸ਼ ਕੁਮ ਐਸ਼ ਵਿੱਕ ਮੀਡੀਆ ਸਕੱਤਰ ਦੀਆਂ ਸੇਵਾਵਾਂ ਨਿਭਾਉਣਗੇ।


ਇਸ ਵਰ੍ਹੇ ਮਾਰਚ 30, 2025 ਨੂੰ ਸਾਨ ਫ਼ਰਾਂਸਿਸਕੋ ਗ਼ਦਰ ਮੇਮੋਰਿਅਲ ਵਿਖੇ ਕਵੀ ਦਰਬਾਰ ਕਰਵਾਇਆ ਜਾਵੇਗਾ। ਅਪ੍ਰੈਲ ਵਿੱਚ ਲਾਜ ਨੀਲਮ ਸੈਣੀ ਦੇ ਸਵੈ ਜੀਵਨੀ ਮੂਲਕ ਨਾਵਲ 'ਅਲਵਿਦਾ! ..ਕਦੀ ਵੀ ਨਹੀਂ' ਅਤੇ ਮਈ ਵਿੱਚ ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਚਰਚਾ ਹੋਵੇਗੀ। ਜੂਨ ਵਿੱਚ ਵਿਪਸਾ ਕਹਾਣੀਕਾਰਾਂ ਦੀਆਂ ਨਵੀਆਂ ਕਹਾਣੀਆਂ 'ਤੇ ਗੱਲਬਾਤ ਹੋਵੇਗੀ। ਜੁਲਾਈ ਵਿੱਚ ਸੁਰਜੀਤ ਸਖੀ ਦੀ ਵਾਰਤਕ ਕਿਤਾਬ 'ਗੱਲ ਤਾਂ ਚਲਦੀ ਰਹੇਗੀ' ਅਤੇ ਹਰਜਿੰਦਰ ਕੰਗ ਦੇ ਕਾਵਿ-ਸੰਗ੍ਰਹਿ 'ਵੇਲ ਰੁਪਈਏ ਦੀ ਵੇਲ' 'ਤੇ ਵਿਚਾਰ ਚਰਚਾ ਹੋਵੇਗੀ। ਸਤੰਬਰ ਮਹੀਨੇ ਵਿਪਸਾ ਦੀ ਸਿਲਵਰ ਜੁਬਲੀ 'ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਈ ਜਾਵੇਗੀ। ਇਸ ਮੌਕੇ ਪੰਜਾਬੀ ਮਾਤ ਭਾਸ਼ਾ ਦੇ ਪਸਾਰ ਲਈ ਸਾਰਥਕ ਯਤਨ ਕੀਤੇ ਜਾਣਗੇ। ਨਵੀਂ ਪੀੜ੍ਹੀ ਨੂੰ ਨਾਲ਼ ਜੋੜਨ ਲਈ ਸੁਰਿੰਦਰ ਸਿੰਘ ਧਨੋਆ ਅਤੇ ਮੁਕੇਸ਼ ਸ਼ਰਮਾ ਵੱਲੋਂ ਬੱਚਿਆਂ ਦੀ ਵਿਸ਼ੇਸ਼ ਆਈਟਮ ਤਿਆਰ ਕਰਵਾਈ ਜਾਵੇਗੀ। ਵਿਪਸਾ ਮੈਂਬਰਾਂ ਦੀਆਂ ਕਵਿਤਾਵਾਂ ਦਾ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਜਾਵੇਗਾ। ਤਾਰਾ ਸਾਗਰ ਨੇ ਕਿਹਾ ਕਿ ਉਹ ਇਸ ਕਾਵਿ ਸੰਗ੍ਰਹਿ ਨੂੰ ਸਪਾਂਸਰ ਕਰਨਗੇ। ਸੁਖਦੇਵ ਸਾਹਿਲ ਵੱਲੋਂ 'ਅਵਤਾਰ ਰੈਕਰਡਜ਼' ਦੀ ਦੇਖ ਰੇਖ ਹੇਠ ਵਿਪਸਾ ਮੈਂਬਰਾਂ ਦੇ ਗੀਤਾਂ/ਗ਼ਜ਼ਲਾਂ ਦੀ ਆਡੀਓ/ਵੀਡੀਓ ਤਿਆਰ ਕੀਤੀ ਜਾਵੇਗੀ।

ਇਸ ਉਪਰੰਤ ਪੰਜਾਬ ਲੋਕ ਰੰਗ ਦੇ ਨਿਰਦੇਸ਼ਕ ਅਤੇ ਰੰਗਕਰਮੀ ਸੁਰਿੰਦਰ ਸਿੰਘ ਧਨੋਆ ਸਭ ਦੇ ਰੂ ਬ ਰੂ ਹੋਏ। ਉਨ੍ਹਾਂ ਬੜੇ ਉਤਸ਼ਾਹ ਨਾਲ਼ ਦੱਸਿਆ ਕਿ ਉਹ ਪੰਜਾਬ ਵਿੱਚ 'ਜ਼ਫਰਨਾਮਾ' ਨਾਟਕ ਦੇ ਉੱਨੀ ਸਫ਼ਲ ਸ਼ੋਅ ਕਰਕੇ ਵਾਪਸ ਪਰਤੇ ਹਨ। ਪੰਜਾਬ ਫੇਰੀ ਤੋਂ ਪਹਿਲਾਂ ਇਸ ਨਾਟਕ ਦੇ ਪੱਚੀ ਸ਼ੋਅ ਅਮਰੀਕਾ ਅਤੇ ਕੈਨੇਡਾ ਵਿੱਚ ਕਰ ਚੁੱਕੇ ਹਨ ਅਤੇ ਪੰਤਾਲ਼ੀਵਾਂ ਸ਼ੋਅ 22 ਮਾਰਚ, 2025 ਨੂੰ ਰੋਜ਼ਵਿਲ ਵਿਖੇ ਹੋਣ ਜਾਣ ਰਿਹਾ ਹੈ। ਉਨ੍ਹਾਂ ਪੰਜਾਬ ਫੇਰੀ ਬਾਰੇ ਕਿਹਾ ਕਿ ਉਨ੍ਹਾਂ ਨਾਟਕ ਦਾ ਆਗਾਜ਼ ਅਨੰਦਪੁਰ ਸਾਹਿਬ ਤੋਂ ਗਿਆਨੀ ਸੁਲਤਾਨ ਸਿੰਘ ਅਤੇ ਗੁਰਦੁਆਰਾ ਕੇਸ ਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਜੋਗਿੰਦਰ ਸਿੰਘ ਦੇ ਸਹਿਯੋਗ ਨਾਲ ਕੀਤਾ। ਉਸ ਤੋਂ ਬਾਅਦ ਉਸ ਰਹਿਬਰ ਦੀ ਬਖ਼ਸ਼ਿਸ਼ ਨਾਲ਼ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਨਾਟਕ ਖੇਡਦੇ ਹੋਏ ਪ੍ਰੋ. ਸੁਰਿੰਦਰ ਸੀਰਤ ਦੇ ਯਤਨਾਂ ਨਾਲ਼ ਜੰਮੂ ਪਹੁੰਚੇ। ਜਿੱਥੇ ਉਨ੍ਹਾਂ ਨੂੰ ਸੂਝਵਾਨ ਦਰਸ਼ਕ ਮਿਲੇ। ਉਨ੍ਹਾਂ ਦੇ ਸ਼ੋਅ ਵਿੱਚ 6000 ਤੋਂ ਲੈ ਕੇ 22000 ਤੱਕ ਦਰਸ਼ਕ ਪਹੁੰਚਦੇ ਰਹੇ। ਸ਼ੋਅ ਨੂੰ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ ਮਿਲਦਾ ਰਿਹਾ ਅਤੇ ਸਾਡੀ ਟੀਮ ਦਾ ਉਤਸ਼ਾਹ ਵੀ ਵੱਧਦਾ ਰਿਹਾ। ਉਨ੍ਹਾਂ ਨੇ ਅਨੁਭਵ ਕੀਤਾ ਕਿ ਪੰਜਾਬ ਵਿਚ ਸਿੱਖ ਇਤਿਹਾਸ ਨਹੀਂ ਪੜ੍ਹਾਇਆ ਜਾ ਰਿਹਾ। ਬੱਚੇ ਚਾਰ ਸਾਹਿਬਜ਼ਾਦਿਆਂ ਦੇ ਨਾਵਾਂ ਤੋਂ ਵਾਕਫ਼ ਨਹੀਂ। ਦਰਸ਼ਕ ਮੋਤੀ ਮਹਿਰਾ ਬਾਰੇ ਨਹੀਂ ਜਾਣਦੇ। ਉਨ੍ਹਾਂ ਡਾ. ਆਤਮ ਰੰਧਾਵਾ, ਡਾ. ਮੋਨੋਜੀਤ ਅਤੇ ਬਲਜੀਤ ਕੌਰ ਦਾ ਪ੍ਰਾਹੁਣਾਚਾਰੀ ਲਈ ਵਿਸ਼ੇਸ਼ ਜ਼ਿਕਰ ਕੀਤਾ। ਖੁਮਾਣੋਂ ਦੇ ਡੀ ਆਈ ਜੀ ਨਵਦੀਪ ਸਿੱਧੂ ਸੁਰੱਖਿਆ ਜਾਇਜ਼ਾ ਲੈਣ ਆਏ ਨਾਟਕ ਤੋਂ ਪ੍ਰਭਾਵਿਤ ਹੋਏ। ਪਾਕਿਸਤਾਨ ਫੇਰੀ ਦੌਰਾਨ ਲਹਿੰਦੇ ਪੰਜਾਬ ਵਿੱਚ ਦਿਆਲ ਸਿੰਘ ਕਾਲਜ ਅਤੇ ਲਾਇਬ੍ਰੇਰੀ ਤੋਂ ਪ੍ਰਭਾਵਿਤ ਹੋਏ। ਪੰਜਾਬ ਲੋਕ ਰੰਗ ਅਤੇ ਵਿਪਸਾ ਦੇ ਮੈਂਬਰ ਮੁਕੇਸ਼ ਸ਼ਰਮਾ ਅਤੇ ਜਸਵਿੰਦਰ ਕੌਰ ਧਨੋਆ ਨੇ ਵੀ ਆਪਣੇ ਅਨੁਭਵ ਸਾਂਝੇ ਕੀਤੇ। ਵਿਪਸਾ ਮੈਂਬਰਾਂ ਵੱਲੋਂ ਉਨ੍ਹਾਂ ਦਾ ਕਰਮ ਭੂਮੀ 'ਤੇ ਵਾਪਸ ਪਰਤਣ 'ਤੇ ਨਿੱਘਾ ਸੁਆਗਤ ਕੀਤਾ ਗਿਆ ਅਤੇ ਇਸ ਸਫ਼ਲਤਾ ਲਈ ਵਧਾਈ ਦਿੱਤੀ ਗਈ। ਤਾਰਾ ਸਾਗਰ ਨੇ ਸੁਰਿੰਦਰ ਧਨੋਆ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਕੈਲੀਫ਼ੋਰਨੀਆ ਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਦੇਣ ਹੈ। ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ ਜਿਸ ਵਿੱਚ ਅਮਰ ਸੂਫ਼ੀ, ਮੁਕੇਸ਼ ਸ਼ਰਮਾ, ਤਾਰਾ ਸਿੰਘ ਸਾਗਰ, ਸੁਖਪਾਲ ਸੰਘੇੜਾ, ਗੁਲਸ਼ਨ ਦਿਆਲ, ਸੁਖਵਿੰਦਰ ਕੰਬੋਜ, ਅਮਰਜੀਤ ਕੌਰ ਪੰਨੂ, ਡਾ. ਸੁਖਪਾਲ ਸੰਘੇੜਾ, ਚਰਨਜੀਤ ਸਿੰਘ ਪੰਨੂ, ਕੁਲਵਿੰਦਰ ਅਤੇ ਪ੍ਰੋ. ਸੁਰਿੰਦਰ ਸੀਰਤ ਨੇ ਆਪਣੇ ਕਲਾਮ ਪੇਸ਼ ਕੀਤੇ। ਸਾਹਿਲ ਨੇ ਤਿਆਰੀ ਅਧੀਨ ਐਲਬਮ ਵਿੱਚੋਂ ਜਗਜੀਤ ਨੌਸ਼ਹਿਰਵੀ, ਡਾ. ਸੁਖਵਿੰਦਰ ਕੰਬੋਜ, ਪ੍ਰੋ. ਸੁਰਿੰਦਰ ਸੀਰਤ, ਲਾਜ ਨੀਲਮ ਸੈਣੀ ਅਤੇ ਕੁਲਵਿੰਦਰ ਦੀਆਂ ਗ਼ਜ਼ਲਾਂ ਅਤੇ ਗੀਤਾਂ ਦੇ ਮੁਖੜੇ ਸੁਰ ਬੱਧ ਕੀਤੇ।

**ਰਿਪੋਰਟ: ਲਾਜ ਨੀਲਮ ਸੈਣੀ**
**ਫ਼ੋਨ: 510-502-0551**
**ਜਾਰੀ ਕਰਤਾ,**
**ਜਗਜੀਤ ਨੌਸ਼ਹਿਰਵੀ (ਜਰਨਲ ਸਕੱਤਰ)**
**ਵਿਸ਼ਵ ਪੰਜਾਬੀ ਸਾਹਿਤ ਅਕਾਦਮੀ,**
**ਕੈਲੀਫ਼ੋਰਨੀਆ**
**510-676-1565**

# ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਕਰਵਾਇਆ 40ਵਾਂ ਸਲਾਨਾ ਟੂਰਨਾਮੈਂਟ

ਧਨੌਲਾ ਮੰਡੀ (ਸੰਜੀਵ ਗਰਗ ਕਾਲੀ)- ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਸਾਲੀ 40 ਵਾਂ ਸਲਾਨਾ ਟੂਰਨਾਮੈਂਟ ਮਰਹੂਮ ਮਾਸਟਰ ਨਿਰਮਲ ਸਿੰਘ ਨਿੰਮਾ ਨੂੰ ਸਮਰਪਿਤ ਕਰਵਾਇਆ ਗਿਆ। ਇਸ ਮੌਕੇ ਤੇ ਕਲੱਬ ਦੇ ਸਰਪ੍ਰਸਤ ਨਿਰਮਲ ਸਿੰਘ ਗਿੱਲ ਯੂਐਸਏ, ਚੇਅਰਮੈਨ ਸੁਖਦੇਵ ਸਿੰਘ ਮਿੱਠੂ ਮਾਨ ,ਪ੍ਰਧਾਨ ਭਗਵੰਤ ਸਿੰਘ ਪੰਧੇਰ, ਸਿਮਰਦੀਪ ਸਿੰਘ ਸਿੱਧੂ ਦੀਪੀ ਡੀਐਮ ਸਪੋਰਟਸ, ਨਵਦੀਪ ਸਿੰਘ, ਬਲਵਿੰਦਰ ਸਿੰਘ ਜੱਸੜਵਾਲੀਆ, ਮਾਸਟਰ ਹਰਭਜਨ ਸਿੰਘ ਭਜੋ, ਤਰਸੇਮ ਸਿੰਘ ਬਾਠ, ਦੀਪਾਂਸ਼ੂ ਗਰਗ ਨੰਨੂ, ਆਦਿ ਨੇ ਦੱਸਿਆ ਕਿ ਇਨਾ ਟੂਰਨਾਮੈਂਟਾਂ ਨੂੰ ਐਨਆਰਆਈ ਭਰਾਵਾਂ ਤੇ ਨਗਰ ਨਿਵਾਸੀਆਂ ਤੇ ਇਲਾਕਾ ਨਿਵਾਸੀਆਂ ਦੇ ਪੰਚਾਂ ਸਰਪੰਚਾਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ। ਸਰਦਾਰ ਸੰਤੋਖ ਸਿੰਘ ਮਿਨਹਾਸ, ਸੰਤੋਖ ਸਿੰਘ ਢਿੱਲੋਂ ,ਹਰਭਜਨ ਸਿੰਘ ਢਿੱਲੋ ,ਉੱਤਮ ਸਿੰਘ ਢਿੱਲੋਂ ਸਰਪੰਚ, ਮਨਪ੍ਰੀਤ ਮਾਨ ਕੈਨੇਡਾ, ਜ਼ਿਲ੍ਹਾ ਪ੍ਰਧਾਨ ਸ਼ੈਲਰ ਪ੍ਰਿੰਸਪਾਲ ਗਰਗ, ਪ੍ਰਧਾਨ ਸ਼ੈਲਰ ਐਸੋਸੀਏਸ਼ਨ ਧਨੌਲਾ ਮੋਹਿਤ ਸਿੰਗਲਾ ਕਾਲਾ, ਮੱਖਣ ਮਿੱਤਲ , ਜੀਵਨ ਕੁਮਾਰ ਬਾਂਸਲ ਨੰਦ ਲਾਲ ਬਾਂਸਲ, ਰੋਹਿਤ ਕੁਮਾਰ ਨੀਟੂ, ਦੀਪਕ ਬਾਂਸਲ, ਡਾਕਟਰ ਭੂਸ਼ਨ ਕੁਮਾਰ ਗਰਗ, ਐਡਵੋਕੇਟ ਵਿਸ਼ਾਲ ਬਾਂਸਲ, ਹਰਨਾਮ ਸਿੰਘ ਸਿੱਧੂ, ਸਾਗਰ ਸਿੰਘ ਕਾਲੇਕੇ ਕੈਨੇਡਾ, ਸੁਖਵਿੰਦਰ ਸਿੰਘ ਜਟਾਣਾ ਵੱਲੋਂ ਸਰਦਾਰ ਸੇਵਾ ਸਿੰਘ ਰਾਜੀਏ ਵਾਲਿਆਂ ਦੀ ਹਾਜ਼ਰੀ ਲਵਾਈ ਗਈ। ਇਹਨਾਂ ਤੋ ਇਲਾਵਾ ਹੋਰ ਵੀ ਪਤਵੰਤਿਆਂ ਵਿਅਕਤੀਆਂ ਸਾਬਕਾ ਜ਼ਿਲਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਦੀਪ ਸਿੰਘ ਬਾਠ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਇੰਚਾਰਜ ਕੁਲਵੰਤ ਸਿੰਘ ਕੰਤਾ ਕੀਤੂ, ਐਸਐਚਓ ਧਨੌਲਾ ਇੰਸਪੈਕਟਰ ਲਖਬੀਰ ਸਿੰਘ ਨੇ ਵੀ ਹਾਜ਼ਰੀ ਲਵਾਈ। ਇਸ ਟੂਰਨਾਮੈਂਟਾਂ ਵਿੱਚ ਕਬੱਡੀ 42 ਕਿਲੋ, 52 ਕਿਲੋ, 65 ਕਿਲੋ ਤੋਂ ਇਲਾਵਾ ਬਾਲੀਵਾਲ ਦੀਆਂ 14 ਟੀਮਾਂ ਨੇ ਹਿੱਸਾ ਲਿਆ ਜਿਨਾਂ ਵਿੱਚ ਪਹਿਲਾ ਇਨਾਮ ਭੈਣੀ ਜੱਸਾ ਦੂਜਾ ਇਨਾਮ ਰੂੜੇਕੇ ਕਲਾਂ ਨੇ ਜਿੱਤਿਆ। ਫੁੱਟਬਾਲ ਦੀਆਂ 16 ਟੀਮਾਂ ਨੇ ਹਿੱਸਾ ਲਿਆ ਜਿਨਾਂ ਵਿੱਚ ਭੱਠਲਾਂ ਫਸਟ ਅਤੇ ਧਨੌਲਾ ਸੈਕਿੰਡ ਐਲਾਨੇ ਗਏ। ਬਾਸਕਟ ਬਾਲ ਦੀਆਂ 16 ਟੀਮਾਂ ਵਿੱਚ ਲੁਧਿਆਣਾ ਅਕੈਡਮੀ ਨੇ ਪਹਿਲਾ ਏ.ਐਸ.ਸੀ. ਆਰਮੀ ਦਿੱਲੀ ਨੇ ਦੂਜਾ ਅਤੇ ਚੰਡੀਗੜ੍ਹ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਇਨਾਮ ਝੋਲੀ ਪਾਏ। ਇਸ ਮੌਕੇ ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਧਨੌਲਾ ਵੱਲੋਂ ਰਾਜੀਆ ਪਰਿਵਾਰ ਸਰਦਾਰ ਸੇਵਾ ਸਿੰਘ ਰਾਜੀਆ ਕਾਕਾ ਸਿੰਘ ਰਾਜੀਆ ਮੋਹਣ ਸਿੰਘ ਰਾਜੀਆ ਪਰਿਵਾਰ ਕਲੱਬ ਨੂੰ ਹਰ ਸਾਲ ਯੋਗਦਾਨ ਦੇਣ ਲਈ ਵਿਸ਼ੇਸ਼ ਤੌਰ ਤੇ ਮਾਨ ਸਨਮਾਨ ਕੀਤਾ ਗਿਆ। ਉਹਨਾਂ ਦਾ ਮਾਨ ਸਨਮਾਨ ਸੁਖਵਿੰਦਰ ਸਿੰਘ ਜਟਾਣਾ ਵੱਲੋਂ ਪ੍ਰਾਪਤ ਕੀਤਾ ਗਿਆ। ਇਹਨਾਂ ਮੈਰੀਲੈਂਡ ਦੇ ਮਹਿੰਦਰ ਸਿੰਘ ਗਰੇਵਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਵੀ ਕਲੱਬ ਨੂੰ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਹੈ। ਇਸ ਮੌਕੇ ਤੇ ਧਨੌਲਾ ਤੇ ਨੌਜਵਾਨ ਜਗਮੋਹਨ ਸਿੰਘ ਧਨੌਲਾ ਵੱਲੋਂ ਪਾਵਰ ਪੈਰਾਗਲਾਈਡਰ ਰਾਹੀ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮੌਕੇ ਤੇ ਰਮਨਦੀਪ ਲਾਲੀ, ਵਰਿੰਦਰ ਕੁਮਾਰ ਬੀਬਨ, ਅਟੱਲ ਕੁਮਾਰ, ਪਲਵਿੰਦਰ ਸਿੰਘ ਬਬਲੂ, ਜਾਗਰ ਸਿੰਘ ਢਿੱਲੋਂ, ਮਾਸਟਰ ਸੁਰਿੰਦਰ ਦੁਗਲ ਟੀਟੀ, ਕੈਲਾਸ਼ ਚੰਦ, ਬਲਰਾਜ ਸਿੰਘ, ਬਰਾੜ, ਪ੍ਰਧਾਨ ਗੁਰਦੁਆਰਾ ਰਾਮਸਰ ਸਾਹਿਬ ਕਮੇਟੀ ਸੁਖਰਾਜ ਸਿੰਘ ਭੰਦੇਰ ਬਰਿੰਦਰ ਸਿੰਘ ਮਿੰਟੂ ਵਾਲੀਆ, ਬਹਾਦਰ ਸਿੰਘ, ਗੁਰਦੀਪ ਸਿੰਘ ਗੋਗੀ, ਪ੍ਰਵੀਨ ਬਾਵਾ, ਗੁਰਮੇਲ ਸਿੰਘ ਕਾਕਾ, ਪਰਮਵੀਰ ਸਿੰਘ ਸੰਧੂ, ਮਨਜੀਤ ਸਿੰਘ ਸਿੱਧੂ, ਦੀਪ ਪੰਨੂ, ਜੱਸਾ ਧਨੌਲਾ ਆਦਿ ਮੌਜੂਦ ਸਨ। ਕਲੱਬ ਵੱਲੋਂ ਆਏ ਮਹਿਮਾਨਾਂ ਦਾ ਯਾਦਗਰੀ ਚਿੰਨ ਦੇ ਕੇ ਸਨਮਾਨ ਕੀਤਾ ਗਿਆ।






# ਦਿੱਲੀ 'ਚ ਪਲਟੀ ਬਾਜ਼ੀ, ਕੀ ਹੋਵੇਗਾ ਆਮ ਆਦਮੀ ਪਾਰਟੀ ਦਾ




ਸੰਜੇ ਗੁਪਤ

ਆਖ਼ਰਕਾਰ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦਿੱਲੀ ਦੀ ਸੱਤਾ ਹਾਸਲ ਕਰ ਹੀ ਲਈ। ਉਹ 27 ਸਾਲਾਂ ਤੋਂ ਦਿੱਲੀ ਦੀ ਸੱਤਾ ਤੋਂ ਬਾਹਰ ਸੀ। ਦਿੱਲੀ ਵਿਚ ਭਾਜਪਾ ਦੇ ਸੱਤਾ ਤੋਂ ਬੇਦਖ਼ਲ ਹੋਣ ਤੋਂ ਬਾਅਦ ਕਾਂਗਰਸ ਨੇ ਲਗਾਤਾਰ 15 ਸਾਲ ਹਕੂਮਤ ਕੀਤੀ ਸੀ। ਸੰਨ 2013 ਦੀਆਂ ਵਿਧਾਨ ਸਭਾ ਚੋਣਾਂ ਵਿਚ ਅੰਨਾ ਅੰਦੋਲਨ ਤੋਂ ਨਿਕਲੀ ਆਮ ਆਦਮੀ ਪਾਰਟੀ (ਆਪ) ਨੇ 70 ਵਿੱਚੋਂ 28 ਸੀਟਾਂ ਜਿੱਤ ਕੇ ਚਮਤਕਾਰ ਜਿਹਾ ਕਰ ਦਿੱਤਾ ਸੀ।

'ਆਪ' ਨੇ ਜਿਸ ਕਾਂਗਰਸ ਨੂੰ ਸੱਤਾ ਤੋਂ ਬਾਹਰ ਕੀਤਾ, ਉਸੇ ਨੇ ਉਸ ਦੀ ਸਰਕਾਰ ਬਣਾਉਣ ਵਿਚ ਇਸ ਲਈ ਮਦਦ ਕੀਤੀ ਸੀ ਤਾਂ ਕਿ ਭਾਜਪਾ ਨੂੰ ਸੱਤਾ ਤੋਂ ਦੂਰ ਰੱਖਿਆ ਜਾ ਸਕੇ। ਮੁੱਖ ਮੰਤਰੀ ਬਣੇ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਨਾਲ ਮਤਭੇਦਾਂ ਕਾਰਨ 49 ਦਿਨਾਂ ਬਾਅਦ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਰਾਸ਼ਟਰਪਤੀ ਸ਼ਾਸਨ ਲੱਗਿਆ ਅਤੇ ਜਦ 2015 ਵਿਚ ਵਿਧਾਨ ਸਭਾ ਚੋਣਾਂ ਹੋਈਆਂ ਤਾਂ 'ਆਪ' ਨੇ 67 ਸੀਟਾਂ ਜਿੱਤ ਕੇ ਸਭਨਾਂ ਨੂੰ ਹੈਰਾਨ ਕਰ ਦਿੱਤਾ ਸੀ। ਇਸ ਲਈ ਹੋਰ ਵੀ, ਕਿਉਂਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ ਮੋਦੀ ਪੂਰਨ ਬਹੁਮਤ ਨਾਲ ਪ੍ਰਧਾਨ ਮੰਤਰੀ ਬਣ ਚੁੱਕੇ ਸਨ। ਇਸੇ ਤਰ੍ਹਾਂ 2020 ਵਿਚ ਵੀ 'ਆਪ' ਨੇ 62 ਸੀਟਾਂ ਜਿੱਤੀਆਂ ਅਤੇ ਉਹ ਵੀ ਉਦੋਂ ਜਦ 2019 ਦੀਆਂ ਲੋਕ ਸਭਾ ਚੋਣਾਂ ਵਿਚ ਮੋਦੀ ਨੂੰ ਪ੍ਰਚੰਡ ਬਹੁਮਤ ਮਿਲਿਆ ਸੀ। ਇਸ ਵਾਰ ਵਿਧਾਨ ਸਭਾ ਚੋਣਾਂ ਵਿਚ 'ਆਪ' ਮੁਸ਼ਕਲ ਵਿਚ ਦਿਸ ਰਹੀ ਸੀ ਕਿਉਂਕਿ ਕੇਜਰੀਵਾਲ ਸਮੇਤ 'ਆਪ' ਦੇ ਵੱਡੇ ਨੇਤਾ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਜੇਲ੍ਹ ਜਾ ਚੁੱਕੇ ਸਨ। ਇਸ ਨਾਲ ਕੇਜਰੀਵਾਲ ਦੇ ਭ੍ਰਿਸ਼ਟਾਚਾਰ ਨਾਲ ਲੜਨ ਵਾਲੇ ਅਕਸ ਨੂੰ ਧੱਕਾ ਲੱਗਾ। ਮੁੱਖ ਮੰਤਰੀ ਆਵਾਸ ਦੇ ਨਵੀਨੀਕਰਨ ਤੇ ਸਜਾਵਟ 'ਤੇ 40 ਕਰੋੜ ਨਾਲੋਂ ਵੱਧ ਧਨ ਖ਼ਰਚ ਕੀਤੇ ਜਾਣ ਕਾਰਨ ਵੀ ਜਨਤਾ ਨੂੰ ਇਹ ਲੱਗਾ ਕਿ ਕੇਜਰੀਵਾਲ ਦੀ ਕਥਨੀ-ਕਰਨੀ ਵਿਚ ਫ਼ਰਕ ਹੈ।

ਲੱਗਦਾ ਹੈ ਕਿ ਕੇਜਰੀਵਾਲ ਨੇ ਅੰਨਾ ਹਜ਼ਾਰੇ ਦੀ ਇਸ ਨਸੀਹਤ 'ਤੇ ਧਿਆਨ ਨਹੀਂ ਦਿੱਤਾ ਕਿ ਰਾਜਨੀਤੀ ਕੋਲਿਆਂ ਨਾਲ ਭਰੀ ਹੋਈ ਕੋਠੜੀ ਹੁੰਦੀ ਹੈ। ਇਸ ਤੋਂ ਵੱਡੀ ਤ੍ਰਾਸਦੀ ਹੋਰ ਕੋਈ ਨਹੀਂ ਕਿ ਜੋ ਪਾਰਟੀ ਭ੍ਰਿਸ਼ਟਾਚਾਰ ਨਾਲ ਲੜਨ ਦਾ ਦਾਅਵਾ ਕਰ ਰਹੀ ਸੀ, ਉਸੇ 'ਤੇ ਘਪਲੇ-ਘੁਟਾਲੇ ਦਾ ਦੋਸ਼ ਲੱਗਾ। ਹਾਲਾਂਕਿ ਕੇਜਰੀਵਾਲ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ 'ਤੇ ਝੂਠਾ ਦੋਸ਼ ਲਗਾ ਕੇ ਉਨ੍ਹਾਂ ਨੂੰ ਬਦਨਾਮ ਕੀਤਾ ਗਿਆ ਪਰ ਨਤੀਜੇ ਦੱਸ ਰਹੇ ਹਨ ਕਿ ਉਨ੍ਹਾਂ ਦੀ ਸਫ਼ਾਈ ਜਨਤਾ ਨੂੰ ਰਾਸ ਨਹੀਂ ਆਈ। ਉਹ ਖ਼ੁਦ ਵੀ ਚੋਣ ਹਾਰ ਗਏ। ਸਮੇਂ ਦੇ ਨਾਲ ਆਮ ਆਦਮੀ ਪਾਰਟੀ ਇਕ ਅਜਿਹੀ ਪਾਰਟੀ ਬਣੀ ਸੀ ਜਿਸ ਨੇ ਦੋ ਸੂਬਿਆਂ-ਪਹਿਲਾਂ ਦਿੱਲੀ ਅਤੇ ਫਿਰ ਪੰਜਾਬ ਵਿਚ ਸਰਕਾਰ ਬਣਾਈ ਅਤੇ ਕੌਮੀ ਪਾਰਟੀ ਦਾ ਦਰਜਾ ਹਾਸਲ ਕੀਤਾ।

ਦਿੱਲੀ ਵਿਚ ਹਾਰ ਕਾਰਨ 'ਆਪ' ਨੂੰ ਕਰਾਰਾ ਝਟਕਾ ਲੱਗਾ ਹੈ ਪਰ ਉਹ ਹੁਣ ਵੀ ਇਕ ਸਿਆਸੀ ਤਾਕਤ ਹੈ। ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ 'ਆਪ' ਨਾਲ ਮੁਕਾਬਲੇ ਲਈ ਭਾਜਪਾ ਨੂੰ ਉਸ ਵਰਗੇ ਹੀ ਤੌਰ-ਤਰੀਕੇ ਅਪਣਾਉਣੇ ਪਏ। ਉਸ ਨੂੰ ਨਾ ਸਿਰਫ਼ ਇਹ ਐਲਾਨ ਕਰਨਾ ਪਿਆ ਕਿ 'ਆਪ' ਸਰਕਾਰ ਦੀਆਂ ਲੋਕ ਭਲਾਈ ਵਾਲੀਆਂ ਯੋਜਨਾਵਾਂ ਜਾਰੀ ਰਹਿਣਗੀਆਂ ਬਲਕਿ ਕੁਝ ਨਵੇਂ



ਲੋਕ ਲੁਭਾਊ ਐਲਾਨ ਵੀ ਕਰਨੇ ਪਏ। ਤੱਥ ਇਹ ਵੀ ਹੈ ਕਿ 'ਆਪ' ਨੇ ਰਿਉੜੀਆਂ ਵੰਡਣ ਦੀ ਜੋ ਸਿਆਸਤ ਸ਼ੁਰੂ ਕੀਤੀ, ਉਸ ਨੂੰ ਕਈ ਹੋਰ ਪਾਰਟੀਆਂ ਨੇ ਵੀ ਅਪਣਾਇਆ।

ਇਨ੍ਹਾਂ ਵਿਚ ਕਾਂਗਰਸ ਵੀ ਹੈ। ਦਿੱਲੀ ਦੇ ਨਤੀਜਿਆਂ ਨੇ ਆਪ' ਦੇ ਨਾਲ ਹੀ ਕਾਂਗਰਸ ਨੂੰ ਵੀ ਝਟਕਾ ਦਿੱਤਾ ਹੈ। ਕਾਂਗਰਸ ਲਗਾਤਾਰ ਤੀਜੀ ਵਾਰ ਇਕ ਵੀ ਸੀਟ ਨਹੀਂ ਜਿੱਤ ਸਕੀ। ਸ਼ਾਇਦ ਕਾਂਗਰਸ ਨੂੰ ਹੁਣ ਇਹ ਅਹਿਸਾਸ ਹੋਵੇ ਕਿ ਉਸ ਨੇ 2013 ਵਿਚ ਕੇਜਰੀਵਾਲ ਦੀ ਸਰਕਾਰ ਬਣਵਾ ਕੇ ਭਾਰੀ ਭੁੱਲ ਕੀਤੀ ਸੀ। ਉਹ ਅਜਿਹੀ ਹੀ ਭੁੱਲ ਖੇਤਰੀ ਪਾਰਟੀਆਂ ਨੂੰ ਸਮਰਥਨ ਦੇਣ ਦੀ ਕਰਦੀ ਰਹੀ ਹੈ। ਇਸ ਨਾਲ ਹੀ ਕਾਂਗਰਸ ਦਾ ਭਵਿੱਖ ਧੁੰਦਲਾ ਹੋਇਆ ਹੈ। ਕਾਂਗਰਸ ਦੀ ਅਸਫਲਤਾ ਲਈ ਗਾਂਧੀ ਪਰਿਵਾਰ ਹੀ ਜ਼ਿੰਮੇਵਾਰ ਹੈ ਕਿਉਂਕਿ ਪਾਰਟੀ ਦੀ ਕਮਾਨ ਉਸ ਦੇ ਹੀ ਹੱਥ ਹੈ। ਦਿੱਲੀ ਦੇ ਨਤੀਜਿਆਂ ਤੋਂ ਉਸ ਨੂੰ ਸਬਕ ਸਿੱਖਣੇ ਹੋਣਗੇ। 'ਆਪ' ਦੇ ਬਾਨੀ ਅਰਵਿੰਦ ਕੇਜਰੀਵਾਲ ਨੇ ਆਪਣਾ ਅਕਸ ਇਕ ਜੁਝਾਰੂ ਨੇਤਾ ਦਾ ਬਣਾਇਆ।

ਉਹ ਮੁੱਖ ਮੰਤਰੀ ਰਹਿੰਦੇ ਹੋਏ ਧਰਨੇ 'ਤੇ ਬੈਠੇ ਪਰ ਲੜਾਕੂ ਨੇਤਾ ਦੇ ਉਨ੍ਹਾਂ ਦੇ ਅਕਸ ਨੇ ਉਨ੍ਹਾਂ ਨੂੰ ਨੁਕਸਾਨ ਹੀ ਪਹੁੰਚਾਇਆ ਕਿਉਂਕਿ ਇਹ ਧਾਰਨਾ ਬਣੀ ਕਿ ਉਹ ਆਪਣਾ ਕੰਮ ਕਰਨ ਦੀ ਥਾਂ ਲੜਾਈ-ਝਗੜਾ ਕਰਨਾ ਪਸੰਦ ਕਰਦੇ ਹਨ। ਉਹ ਜਦ ਤੱਕ ਮੁੱਖ ਮੰਤਰੀ ਰਹੇ, ਕੇਂਦਰ ਸਰਕਾਰ ਨਾਲ ਉਲਝਦੇ ਹੀ ਰਹੇ। ਇਸ ਨਾਲ ਦਿੱਲੀ ਨੂੰ ਨੁਕਸਾਨ ਹੋਇਆ। ਕੇਂਦਰ ਸਰਕਾਰ ਨਾਲ ਟਕਰਾਅ ਕਾਰਨ 'ਆਪ' ਸਰਕਾਰ ਲੋਕ ਭਲਾਈ ਦੇ ਕੰਮਾਂ ਵੱਲ ਜ਼ਿਆਦਾ ਧਿਆਨ ਨਾ ਦੇ ਸਕੀ। ਕੇਜਰੀਵਾਲ 'ਆਪ' ਨੂੰ ਕੌਮੀ ਪਾਰਟੀ ਦਾ ਰੁਤਬਾ ਮਿਲਣ ਕਾਰਨ ਆਪਣਾ ਸਾਰਾ ਧਿਆਨ ਵੱਖ-ਵੱਖ ਸੂਬਿਆਂ ਵਿਚ ਚੋਣਾਂ ਲੜਨ ਵੱਲ ਕੇਂਦਰਿਤ ਕਰਦੇ ਰਹੇ। ਇਸ ਕਾਰਨ ਦਿੱਲੀ ਦੀ ਅਣਦੇਖੀ ਹੁੰਦੀ ਗਈ ਜਿਸ ਕਾਰਨ ਉਨ੍ਹਾਂ ਦਾ ਜਨ ਆਧਾਰ ਖੁਰਨ ਲੱਗਾ। ਉਹ ਸਿਆਸੀ ਹਾਲਾਤ ਦਾ ਮੁਲਾਂਕਣ ਕਰਨ ਵਿਚ ਵੀ ਟਪਲਾ ਖਾ ਗਏ। ਕੇਜਰੀਵਾਲ ਤੇ ਉਨ੍ਹਾਂ ਦੀ ਪਾਰਟੀ ਦੇ ਹੋਰ ਕਈ ਨੇਤਾਵਾਂ ਨੂੰ ਇਹੀ ਲੱਗਦਾ ਰਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਹਰਾਉਣਾ ਸੌਖਾ ਕੰਮ ਨਹੀਂ ਹੈ। ਇਸੇ ਅੱਤ ਦੇ ਸਵੈ-ਭਰੋਸੇ ਨੇ ਉਨ੍ਹਾਂ ਦੀ ਸਿਆਸੀ ਜ਼ਮੀਨ ਖਿਸਕਾਉਣ ਦਾ ਕੰਮ ਕੀਤਾ।

ਦਿੱਲੀ ਪੂਰਨ ਰਾਜ ਨਹੀਂ ਹੈ। ਇੱਥੇ ਕੇਂਦਰ ਦੇ ਸਹਿਯੋਗ ਤੋਂ ਬਿਨਾਂ ਸ਼ਾਸਨ ਕਰਨਾ ਸੰਭਵ ਨਹੀਂ। ਕੇਂਦਰ ਨਾਲ ਤਨਾਤਨੀ ਕਾਰਨ ਦਿੱਲੀ ਵਿਚ ਵਿਕਾਸ ਅਤੇ ਲੋਕ ਭਲਾਈ ਦੇ ਕਈ ਕੰਮ ਨਹੀਂ ਹੋ ਸਕੇ ਅਤੇ ਬੁਨਿਆਦੀ ਢਾਂਚੇ ਨੂੰ ਵੀ ਨਹੀਂ ਸੁਧਾਰਿਆ ਜਾ ਸਕਿਆ। ਰਾਜਨੀਤਕ ਹਠ ਦੀ ਇਕ ਹੱਦ ਹੁੰਦੀ ਹੈ। ਜੇ ਇਸ ਹੱਦ ਨੂੰ ਟੱਪ ਲਿਆ ਜਾਂਦਾ ਹੈ ਤਾਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਭਾਜਪਾ ਨੇ ਕੇਜਰੀਵਾਲ ਦੇ ਸਮੱਸਿਆਵਾਂ ਉਪਜਾਉਣ ਵਾਲੇ ਇਸੇ ਰਵੱਈਏ ਦਾ ਫ਼ਾਇਦਾ ਚੁੱਕਿਆ। ਭਾਜਪਾ ਨੇ ਦਿੱਲੀ ਵਿਚ ਜ਼ੋਰਦਾਰ ਰਾਜਨੀਤਕ ਸਫਲਤਾ ਮੁੱਖ ਮੰਤਰੀ ਦੇ ਦਾਅਵੇਦਾਰ ਦਾ ਐਲਾਨ ਕੀਤੇ ਬਿਨਾਂ ਹਾਸਲ ਕੀਤੀ। ਭਾਜਪਾ ਨੂੰ ਇਸ ਦਾ ਵੀ ਲਾਭ ਹੋਇਆ ਕਿ ਉਸ ਦੇ ਚੁਣਾਵੀ ਐਲਾਨਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਗਾਰੰਟੀ ਦੱਸ ਕੇ ਦਿੱਲੀ ਦੀ ਜਨਤਾ ਨੂੰ ਭਰੋਸਾ ਦਿੱਤਾ ਸੀ। ਭਾਜਪਾ ਇਸ ਲਈ ਵੀ ਦਿੱਲੀ ਵਿਚ ਬਾਜ਼ੀ ਪਲਟਣ ਵਿਚ ਕਾਮਯਾਬ ਰਹੀ ਕਿਉਂਕਿ ਉਸ ਨੇ ਅਸਰਦਾਰ ਰਣਨੀਤੀ ਨਾਲ ਆਰਐੱਸਐੱਸ ਨਾਲ ਬਿਹਤਰ ਤਾਲਮੇਲ ਕਾਇਮ ਕੀਤਾ ਅਤੇ ਇਕਜੁੱਟਤਾ ਦਾ ਮੁਜ਼ਾਹਰਾ ਕੀਤਾ। ਧੜੇਬੰਦੀ ਦਿੱਲੀ ਭਾਜਪਾ ਦੀ ਇਕ ਵੱਡੀ ਸਮੱਸਿਆ ਰਹੀ ਹੈ।

ਉਮੀਦ ਕੀਤੀ ਜਾਂਦੀ ਹੈ ਕਿ ਇਹ ਸਮੱਸਿਆ ਫਿਰ ਨਹੀਂ ਉੱਭਰੇਗੀ ਅਤੇ ਭਾਜਪਾ ਭਾਵੀ ਮੁੱਖ ਮੰਤਰੀ ਦੇ ਪਿੱਛੇ ਇਕਜੁੱਟ ਦਿਖਾਈ ਦੇਵੇਗੀ। ਚੋਣਾਂ ਦੇ ਸਮੇਂ 'ਆਪ' ਦੀ ਰੰਗਤ ਇਸ ਲਈ ਫਿੱਕੀ ਦਿਸ ਰਹੀ ਸੀ ਕਿਉਂਕਿ ਉਸ ਦਾ ਜ਼ਿਆਦਾਤਰ ਸਮਾਂ ਦੋਸ਼ਾਂ ਦਾ ਜਵਾਬ ਦੇਣ ਵਿਚ ਜ਼ਾਇਆ ਹੋ ਰਿਹਾ ਸੀ। ਉਹ ਦਿੱਲੀ ਦੀਆਂ ਸਮੱਸਿਆਵਾਂ ਲਈ ਕੇਂਦਰ ਨੂੰ ਦੋਸ਼ ਦੇ ਰਹੀ ਸੀ ਪਰ ਜਨਤਾ ਨੂੰ ਦਿਸ ਰਿਹਾ ਸੀ 'ਆਪ' ਸਰਕਾਰ ਆਪਣੇ ਹਿੱਸੇ ਦੇ ਵੀ ਕੰਮ ਨਹੀਂ ਕਰ ਰਹੀ। ਦਿੱਲੀ ਦੀ ਜਨਤਾ ਨੂੰ ਆਪਣੀਆਂ ਸਮੱਸਿਆਵਾਂ ਘੱਟ ਹੋਣ ਦੀ ਥਾਂ ਵਧਦੀਆਂ ਦਿਸ ਰਹੀਆਂ ਸਨ। ਭਾਵੇਂ ਆਪ' ਇਕ ਕੇਡਰ ਆਧਾਰਤ ਪਾਰਟੀ ਹੋਵੇ ਪਰ ਕੇਜਰੀਵਾਲ ਨੇ ਹੌਲੀ-ਹੌਲੀ ਸਾਰੇ ਬਾਨੀ ਮੈਂਬਰਾਂ ਨੂੰ ਖੁੱਡੇ ਲਾ ਦਿੱਤਾ।

ਉਹ ਪਾਰਟੀ ਦੇ ਪ੍ਰਤੀਕ ਬਣ ਗਏ। ਕੇਜਰੀਵਾਲ ਜਦ ਦੂਜਿਆਂ 'ਤੇ ਭ੍ਰਿਸ਼ਟਾਚਾਰ ਦਾ ਇਲਜ਼ਾਮ ਲਗਾਉਂਦੇ ਸਨ ਤਾਂ ਆਖਦੇ ਸਨ ਕਿ ਅਸਤੀਫ਼ਾ ਦੇ ਕੇ ਖ਼ੁਦ ਨੂੰ ਬੇਗੁਨਾਹ ਸਾਬਿਤ ਕਰੋ ਪਰ ਜਦ ਆਪਣੀ ਵਾਰੀ ਆਈ ਤਾਂ ਉਨ੍ਹਾਂ ਨੇ ਇਸ ਨਸੀਹਤ 'ਤੇ ਅਮਲ ਨਹੀਂ ਕੀਤਾ। ਉਨ੍ਹਾਂ ਨੇ ਜੇਲ੍ਹ ਤੋਂ ਹੀ ਸਰਕਾਰ ਚਲਾਉਣ ਦੀ ਅੜੀ ਫੜੀ।

ਉਨ੍ਹਾਂ ਨੇ ਮਜਬੂਰੀ ਵਿਚ ਉਦੋਂ ਅਸਤੀਫ਼ਾ ਦਿੱਤਾ ਜਦ ਸੁਪਰੀਮ ਕੋਰਟ ਨੇ ਇਹ ਸ਼ਰਤ ਲਗਾ ਦਿੱਤੀ ਕਿ ਜ਼ਮਾਨਤ ਦੌਰਾਨ ਉਹ ਮੁੱਖ ਮੰਤਰੀ ਦੇ ਦਫ਼ਤਰ ਨਹੀਂ ਜਾ ਸਕਦੇ। ਉਨ੍ਹਾਂ ਨੇ ਅਸਤੀਫ਼ਾ ਦੇ ਕੇ ਆਤਿਸ਼ੀ ਨੂੰ ਮੁੱਖ ਮੰਤਰੀ ਤਾਂ ਬਣਾਇਆ ਪਰ ਚੋਣਾਂ ਤੋਂ ਪਹਿਲਾਂ ਇਹ ਕਹਿ ਦਿੱਤਾ ਕਿ ਪਾਰਟੀ ਜਿੱਤਦੀ ਹੈ ਤਾਂ ਉਹ ਫਿਰ ਤੋਂ ਮੁੱਖ ਮੰਤਰੀ ਬਣਨਗੇ।

ਜੇਲ੍ਹ ਜਾਣ 'ਤੇ ਉਹ ਪਤਨੀ ਸੁਨੀਤਾ ਕੇਜਰੀਵਾਲ ਨੂੰ ਆਪਣਾ ਜਾਨਸ਼ੀਨ ਬਣਾਉਣ ਦੀ ਕੋਸ਼ਿਸ਼ ਕਰਦੇ ਦਿਸੇ ਸਨ। ਦਿੱਲੀ ਦੀ ਸੱਤਾ ਤੋਂ ਬਾਹਰ ਹੋ ਜਾਣ ਤੋਂ ਬਾਅਦ ਕੇਜਰੀਵਾਲ ਦੀਆਂ ਚੁਣੌਤੀਆਂ ਵਧਣੀਆਂ ਤੈਅ ਹਨ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਉਹ ਦਿੱਲੀ ਵਿਚ ਲੱਗੇ ਝਟਕੇ ਤੋਂ ਉੱਭਰ ਪਾਉਂਦੇ ਹਨ ਜਾਂ ਨਹੀਂ?

# ਆਪ ਦੀ ਦਿੱਲੀ ਹਾਰ ਦਾ ਪੰਜਾਬ 'ਤੇ ਕੀ ਅਸਰ ਪਵੇਗਾ !

ਦਿੱਲੀ 'ਚ ਲਗਾਤਾਰ ਦਸ ਸਾਲ ਸੱਤਾ 'ਤੇ ਕਾਬਜ਼ ਰਹਿਣ ਮਗਰੋਂ ਆਮ ਆਦਮੀ ਪਾਰਟੀ ਦੇ ਹੱਥ ਹਾਰ ਤੇ ਭਾਰਤੀ ਜਨਤਾ ਪਾਰਟੀ ਨੂੰ 27 ਵਰ੍ਹਿਆਂ ਪਿੱਛੋਂ ਜਿੱਤ ਹਾਸਲ ਹੋਈ ਹੈ। ਇਸ ਜਿੱਤ ਤੋਂ ਬਾਅਦ ਪੂਰੇ ਦੇਸ਼ ਦੇ ਭਾਜਪਾ ਸਮਰਥਕਾਂ 'ਚ ਇਕ ਵੱਖਰੇ ਹੀ ਤਰ੍ਹਾਂ ਦੇ ਜਸ਼ਨ ਦਾ ਮਾਹੌਲ ਹੈ। ਹਾਲਾਂਕਿ ਆਪ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਹੋਰ ਆਗੂਆਂ ਨੂੰ ਇਸ ਤਰੀਕੇ ਹਾਰ ਮਿਲਣ ਦਾ ਬਿਲਕੁਲ ਵੀ ਇਲਮ ਨਹੀਂ ਸੀ। ਦਿੱਲੀ ਦੀਆਂ 70 ਸੀਟਾਂ ਵਿੱਚੋਂ ਭਾਜਪਾ ਨੂੰ 48 ਤੇ ਆਪ ਨੂੰ 22 ਸੀਟਾਂ ਹਾਸਲ ਹੋਈਆਂ ਹਨ। ਦੂਜੇ ਪਾਸੇ ਕਾਂਗਰਸ ਇਸ ਵਾਰ ਫਿਰ ਕੋਈ ਕਮਾਲ ਨਹੀਂ ਕਰ ਸਕੀ।

**ਪੰਜਾਬ ਵਿਚ ਪਾਰਟੀ ਤੇ ਸਰਕਾਰ ਪ੍ਰਤੀ ਲੋਕਾਂ ਦੇ ਕਈ ਸਵਾਲ ਹਨ ਤੇ ਮੌਜੂਦਾ ਸੂਬਾ ਸਰਕਾਰ ਉਨ੍ਹਾਂ ਦੇ ਹੱਲ ਦਾ ਦਾਅਵਾ ਵੀ ਕਰ ਰਹੀ ਹੈ ਪਰ ਬੀਜੇਪੀ ਨੂੰ ਇਹ ਬਿਲਕੁਲ ਵੀ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਵਿਚ ਸਿਆਸਤ ਤੇ ਲੋਕ ਮੁੱਦਿਆਂ ਦੇ ਸਮੀਕਰਨ ਦੂਜੇ ਸੂਬਿਆਂ ਨਾਲੋਂ ਪੂਰੀ ਤਰ੍ਹਾਂ ਵੱਖਰੇ ਹਨ। ਪੰਜਾਬ ਇਕ ਸਰਹੱਦੀ ਸੂਬਾ ਹੈ ਤੇ ਇਸ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।**



ਇਸ ਚੋਣ ਦੀ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਵੀ ਹੈ ਕਿ ਆਪ ਦੇ ਦਿੱਗਜ ਨੇਤਾ ਵੀ ਲੋਕਾਂ ਦੇ ਦਿਲਾਂ 'ਚ ਇਸ ਵਾਰ ਥਾਂ ਨਹੀਂ ਬਣਾ ਸਕੇ ਤੇ ਕੇਜਰੀਵਾਲ, ਮਨੀਸ਼ ਸ਼ਿਸ਼ੋਦੀਆ ਤੇ ਸਤੇਂਦਰ ਜੈਨ ਸਣੇ ਹੋਰਾਂ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ ਹੈ। ਫਿਲਹਾਲ ਦਿੱਲੀ ਭਾਜਪਾ ਜਿੱਤ ਦੇ ਜਸ਼ਨ ਵਿਚ ਪੂਰੀ ਤਰ੍ਹਾਂ ਰੰਗੀ ਹੋਈ ਹੈ ਤੇ ਇਹ ਜਸ਼ਨ ਪੰਜਾਬ ਭਾਜਪਾ ਵੱਲੋਂ ਵੀ ਰਾਜਧਾਨੀ ਵਾਂਗ ਹੀ ਮਨਾਇਆ ਜਾ ਰਿਹਾ ਹੈ। ਪੰਜਾਬ ਦੇ ਬਹੁਤੇ ਆਪ ਆਗੂ ਤੇ ਮੰਤਰੀ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਲਈ ਚੋਣ ਪ੍ਰਚਾਰ ਵਿਚ ਲੱਗੇ ਹੋਏ ਸਨ।

ਪਾਰਟੀ ਨੂੰ ਬੇਸ਼ੱਕ ਹਾਰ ਮਿਲੀ ਹੈ ਪਰ ਆਪ ਆਗੂਆਂ ਦੇ ਘਰਾਂ ਤੇ ਦਫ਼ਤਰਾਂ ਵਿਚ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ ਤੇ ਹਾਰ ਦੇ ਮੁਲਾਂਕਣ ਵੀ ਜਾਰੀ ਹਨ। ਦੂਜੇ ਪਾਸੇ ਬੀਜੇਪੀ ਵੀ ਆਪ ਨੂੰ ਦਿੱਲੀ ਵਿਚ ਹਰਾ ਕੇ ਪੰਜਾਬ ਵਿਚ ਕੋਈ ਨਵਾਂ ਕਮਾਲ ਕਰਨ ਦੀਆਂ ਵਿਉਂਤਾਂ ਘੜਣ ਲੱਗੀ ਹੈ। ਹਾਲਾਂਕਿ ਦਿੱਲੀ ਵਰਗਾ ਕੁਝ ਪੰਜਾਬ ਵਿਚ ਕਰ ਦੇਣਾ ਪਾਰਟੀ ਲਈ ਟੇਢੀ ਖੀਰ ਤੋਂ ਘੱਟ ਨਹੀਂ ਹੈ। ਬੇਸ਼ੱਕ ਆਪ ਨੇ ਦਿੱਲੀ ਦੇ ਬਹੁਤੇ ਮਾਡਲ ਪੰਜਾਬ ਵਿਚ ਲਾਗੂ ਕੀਤੇ ਤੇ ਪੰਜਾਬ ਵਿਚ ਦਿੱਤੀਆਂ ਗਾਰੰਟੀਆਂ ਦਿੱਲੀ ਦੇ ਲੋਕਾਂ ਮੂਹਰੇ ਰੱਖੀਆਂ ਫਿਰ ਵੀ ਆਪ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

ਪੰਜਾਬ ਵਿਚ ਪਾਰਟੀ ਤੇ ਸਰਕਾਰ ਪ੍ਰਤੀ ਲੋਕਾਂ ਦੇ ਕਈ ਸਵਾਲ ਹਨ ਤੇ ਮੌਜੂਦਾ ਸੂਬਾ ਸਰਕਾਰ ਉਨ੍ਹਾਂ ਦੇ ਹੱਲ ਦਾ ਦਾਅਵਾ ਵੀ ਕਰ ਰਹੀ ਹੈ ਪਰ ਬੀਜੇਪੀ ਨੂੰ ਇਹ ਬਿਲਕੁਲ ਵੀ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਵਿਚ ਸਿਆਸਤ ਤੇ ਲੋਕ ਮੁੱਦਿਆਂ ਦੇ ਸਮੀਕਰਨ ਦੂਜੇ ਸੂਬਿਆਂ ਨਾਲੋਂ ਪੂਰੀ ਤਰ੍ਹਾਂ ਵੱਖਰੇ ਹਨ। ਪੰਜਾਬ ਇਕ ਸਰਹੱਦੀ ਸੂਬਾ ਹੈ ਤੇ ਇਸ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਿੱਲੀ 'ਚ ਜਿੱਤ ਤੋਂ ਬਾਅਦ ਹੋ ਸਕਦਾ ਹੈ ਕਿ ਬੀਜੇਪੀ ਪੰਜਾਬ ਵਿਚ ਆਮ ਆਦਮੀ ਪਾਰਟੀ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕਰੇ ਪਰ ਇਹ ਸੌਖਾ ਕਾਰਜ ਨਹੀਂ ਹੈ।

ਪੰਜਾਬ ਦੇ ਕਈ ਮੁੱਦਿਆਂ 'ਤੇ ਇੱਥੋਂ ਦੀਆਂ ਖੇਤਰੀ ਪਾਰਟੀਆਂ ਵੀ ਫੇਲ੍ਹ ਸਾਬਤ ਹੋਈਆਂ ਹਨ ਤੇ ਆਮ ਆਦਮੀ ਪਾਰਟੀ ਵੀ ਇਨ੍ਹਾਂ ਮੁੱਦਿਆਂ ਦੇ ਪੱਕੇ ਹੱਲ ਦੇ ਵਾਅਦੇ ਨਾਲ ਸੂਬੇ 'ਚ ਆਈ ਸੀ ਪਰ ਹਾਲੇ ਵੀ ਕਈ ਚੁਣੌਤੀਆਂ ਬਰਕਰਾਰ ਹਨ। ਪੰਜਾਬ ਵਿਚ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਹੋਂਦ ਵਿਚ ਆਈਆਂ ਤੇ ਬਗੈਰ ਕੋਈ ਨਵੀਂ ਲੀਕ ਖਿੱਚੇ ਹਾਸ਼ੀਏ ਤੋਂ ਬਾਹਰ ਹੋ ਗਈਆਂ।

ਮੁਫ਼ਤ ਯੋਜਨਾਵਾਂ ਕਿਸੇ ਵੀ ਸੂਬੇ ਵਿਚ ਲਾਗੂ ਕੀਤੀਆਂ ਜਾਣ ਤਾਂ ਲੋਕ ਬਿਨਾਂ ਸੋਚੇ ਲਾਹਾ ਲੈ ਹੀ ਲੈਂਦੇ ਹਨ ਪਰ ਵੋਟ ਪਾਉਣ ਵੇਲੇ ਉਨ੍ਹਾਂ ਅੱਗੇ ਕਈ ਸਵਾਲ ਤੇ ਜਵਾਬ ਹੁੰਦੇ ਹਨ। ਲੋਕ ਵਿਕਾਸ, ਰੁਜ਼ਗਾਰ ਤੇ ਖ਼ੁਸ਼ਹਾਲੀ ਚਾਹੁੰਦੇ ਹਨ ਤੇ ਇਸ ਤੋਂ ਬਾਹਰ ਉਨ੍ਹਾਂ ਨੂੰ ਜੋ ਮਿਲਦਾ ਹੈ, ਉਹ ਮਨਜ਼ੂਰ ਤਾਂ ਕਰ ਲੈਂਦੇ ਹਨ ਪਰ ਸਰਕਾਰ ਚੁਣਨ ਵੇਲੇ ਕਈ ਵਾਰ ਇਹ ਗੱਲਾਂ ਉਨ੍ਹਾਂ ਲਈ ਮਾਅਨੇ ਨਹੀਂ ਰੱਖਦੀਆਂ।

ਇਸ ਲਈ ਪਾਰਟੀ ਚਾਹੇ ਦਿੱਲੀ 'ਚ ਜਿੱਤ ਹਾਸਲ ਕਰਨ ਵਾਲੀ ਭਾਜਪਾ ਹੋਵੇ ਜਾਂ ਪੰਜਾਬ ਦੀ ਸੱਤਾ ਧਿਰ ਤੇ ਜਾਂ ਕੋਈ ਹੋਰ ਖੇਤਰੀ ਪਾਰਟੀ। ਸੂਬੇ ਦੀਆਂ ਚੁਣੌਤਦੀਆਂ ਤੇ ਮਸਲਿਆਂ ਦਾ ਜਦੋਂ ਤੱਕ ਕੋਈ ਪੱਕਾ ਹੱਲ ਨਹੀਂ ਮਿਲਦਾ, ਉਦੋਂ ਤੱਕ ਲੋਕ ਨਾ ਤਾਂ ਭਰੋਸਾ ਕਰਨਗੇ ਤੇ ਨਾ ਹੀ ਕਿਸੇ ਦੇ ਹੱਕ ਵਿਚ ਫ਼ਤਵਾ ਦੇਣਗੇ। ਮੁੱਕਦੀ ਗੱਲ ਇਹ ਹੈ ਕਿ, ਦਿੱਲੀ ਦੇ ਇਸ਼ਾਰਿਆਂ ਨੂੰ ਬਹੁਤ ਸੋਚ ਸਮਝ ਕੇ ਭਵਿੱਖ ਵਿਚ ਵਰਤਣ ਦੀ ਲੋੜ ਹੈ।

### ਕੁਝ ਲੋਕਾਂ ਨੇ ਪੰਜਾਬ ਨੂੰ ਆਪਣਾ ਏਟੀਐਮ ਸਮਝ ਲਿਆ ਹੈ

ਆਮ ਆਦਮੀ ਪਾਰਟੀ (ਆਪ) ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਇੱਕ ਵਾਰ ਫਿਰ 'ਆਪ' 'ਤੇ ਨਿਸ਼ਾਨਾ ਸਾਧਿਆ ਹੈ। ਉਸਨੇ ਆਪਣੇ ਅਧਿਕਾਰਤ ਐਕਸ ਅਕਾਊਂਟ 'ਤੇ ਇੱਕ ਪੋਸਟ ਪਾਈ ਹੈ। ਸਵਾਤੀ ਮਾਲੀਵਾਲ ਨੇ ਆਪਣੀ ਪੋਸਟ ਵਿੱਚ ਲਿਖਿਆ ਕਿ ਕੁਝ ਲੋਕਾਂ ਨੇ ਪੰਜਾਬ ਨੂੰ ਆਪਣਾ ਏਟੀਐਮ ਸਮਝ ਲਿਆ ਹੈ। ਇਸ ਪੋਸਟ ਵਿੱਚ ਉਸਨੇ ਰੇਤ ਦੀ ਖੁਦਾਈ, ਟ੍ਰਾਂਸਫਰ-ਪੋਸਟਿੰਗ ਅਤੇ ਰੀਅਲ ਅਸਟੇਟ ਦਾ ਵੀ ਜ਼ਿਕਰ ਕੀਤਾ ਹੈ।

'ਆਪ' ਸੰਸਦ ਮੈਂਬਰ ਸਵਾਤੀ ਮਾਲੀਵਾਲ ਨੇ ਅੱਗੇ ਲਿਖਿਆ ਕਿ ਇਸ ਲੁੱਟ ਨੂੰ ਰੋਕਣਾ ਪਵੇਗਾ। ਆਮ ਆਦਮੀ ਪਾਰਟੀ ਅਤੇ ਕੇਜਰੀਵਾਲ ਲੰਬੇ ਸਮੇਂ ਤੋਂ ਸਵਾਤੀ ਮਾਲੀਵਾਲ ਦੇ ਨਿਸ਼ਾਨੇ 'ਤੇ ਹਨ। ਇਹ ਖ਼ਬਰ ਲਗਾਤਾਰ ਅੱਪਡੇਟ ਕੀਤੀ ਜਾ ਰਹੀ ਹੈ। ਅਸੀਂ ਆਪਣੇ ਸਾਰੇ ਪਾਠਕਾਂ ਨੂੰ ਹਰ ਪਲ ਹਰ ਖ਼ਬਰ ਨਾਲ ਅਪਡੇਟ ਕਰਦੇ ਹਾਂ। ਅਸੀਂ ਤੁਹਾਡੇ ਤੱਕ ਤਾਜ਼ਾ ਅਤੇ ਤਾਜ਼ਾ ਖ਼ਬਰਾਂ ਤੁਰੰਤ ਪਹੁੰਚਾਉਣ ਲਈ ਵਚਨਬੱਧ ਹਾਂ। ਅਸੀਂ ਪ੍ਰਾਪਤ ਹੋਈ ਮੁੱਢਲੀ ਜਾਣਕਾਰੀ ਦੇ ਆਧਾਰ 'ਤੇ ਇਸ ਖ਼ਬਰ ਨੂੰ ਲਗਾਤਾਰ ਅਪਡੇਟ ਕਰ ਰਹੇ ਹਾਂ। ਤਾਜ਼ਾ ਖ਼ਬਰਾਂ ਅਤੇ ਅਪਡੇਟਸ ਲਈ ਜਾਗਰਣ ਨਾਲ ਜੁੜੇ ਰਹੋ।

# ਅਮਰੀਕਾ ਜਾਣ ਦੇ ਖ਼ਤਰਨਾਕ ਡੰਕੀ ਰੂਟ ਨੇ ਤੋੜੇ ਸੁਨਹਿਰੀ ਸੁਪਨੇ



ਅਮਰੀਕਾ, ਜਿਸ ਨੂੰ ਦੁਨੀਆ ਭਰ ਵਿਚ ਸੁਪਨਿਆਂ ਦੀ ਧਰਤੀ ਕਿਹਾ ਜਾਂਦਾ ਹੈ, ਨੇ ਦਹਾਕਿਆਂ ਤੋਂ ਲੱਖਾਂ ਪੰਜਾਬੀਆਂ ਨੂੰ ਆਪਣੇ ਵੱਲ ਖਿੱਚਿਆ ਹੈ। ਪੰਜਾਬ ਦੇ ਲੋਕਾਂ ਨੇ ਅਮਰੀਕਾ ਵਿਚ ਜਾ ਕੇ ਨਾ ਸਿਰਫ਼ ਆਪਣੀ ਕਿਸਮਤ ਬਦਲੀ ਹੈ ਸਗੋਂ ਉਸ ਅਮਰੀਕਾ ਦੀ ਤਰੱਕੀ 'ਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਹਾਲ ਹੀ ਦੇ ਸਾਲਾਂ ਵਿਚ ਅਮਰੀਕਾ ਤੋਂ ਭਾਰਤੀਆਂ, ਖ਼ਾਸ ਕਰਕੇ ਪੰਜਾਬੀਆਂ ਦੀ ਡਿਪੋਰਟੇਸ਼ਨ ਦੀ ਘਟਨਾ ਨੇ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ।

ਅਮਰੀਕਾ ਵੱਲੋਂ ਜੋ 104 ਭਾਰਤੀ ਡਿਪੋਰਟ ਕੀਤੇ ਗਏ ਹਨ, ਉਨ੍ਹਾਂ 'ਚੋਂ ਜ਼ਿਆਦਾਤਰ ਗੁਜਰਾਤ, ਪੰਜਾਬ ਅਤੇ ਹਰਿਆਣਾ ਤੋਂ ਹਨ। ਗੁਜਰਾਤ ਅਤੇ ਹਰਿਆਣਾ 'ਚੋਂ 33 ਅਤੇ ਪੰਜਾਬ 'ਚੋਂ 30 ਹਨ। ਜਿਸ ਤਰੀਕੇ ਨਾਲ ਉਨ੍ਹਾਂ ਨੂੰ ਡਿਪੋਰਟ ਕੀਤਾ ਗਿਆ ਅਤੇ ਅਮਰੀਕੀ ਫ਼ੌਜ ਦੇ ਜਹਾਜ਼ ਸੀ-17 ਮਾਸਟਰ ਵਿਚ ਹੱਥਕੜੀਆਂ ਲਾ ਕੇ ਲਿਆਂਦਾ ਗਿਆ, ਉਸ ਦੀਆਂ ਤਸਵੀਰਾਂ ਅਸੀਂ ਸਭ ਨੇ ਦੇਖੀਆਂ ਹਨ। ਕਿੰਨੀਆਂ ਉਮੀਦਾਂ ਲੈ ਕੇ ਗਏ ਹੋਣਗੇ ਉਹ ਅਮਰੀਕਾ ਪਰ ਅਮਰੀਕੀ ਸਰਕਾਰ ਦੇ ਇਕ ਫ਼ੈਸਲੇ ਨਾਲ ਉਨ੍ਹਾਂ ਨੂੰ ਕਿੰਨੀ ਨਿਰਾਸ਼ਾ ਹੋਈ ਹੋਵੇਗੀ। ਇਹ ਕਾਰਵਾਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਖ਼ਿਲਾਫ਼ ਮੁਹਿੰਮ ਦਾ ਹਿੱਸਾ ਹੈ। ਇਸ ਮੌਕੇ ਕਾਫ਼ੀ ਸਾਰੇ ਪਹਿਲੂਆਂ 'ਤੇ ਚਰਚਾ ਕਰਨੀ ਬਣਦੀ ਹੈ। ਅਮਰੀਕਾ ਇਕ ਹੋਰ ਦੇਸ਼ ਹੈ, ਸਭ ਕੁਝ ਨਹੀਂ। ਅਜਿਹਾ ਕੀ ਹੈ ਉਸ ਦੇਸ਼ 'ਚ, ਜੋ ਲੋਕ ਆਪਣੀ ਜਾਨ ਜੋਖ਼ਮ 'ਚ ਪਾ ਕੇ ਉੱਥੇ ਜਾਣਾ ਚਾਹੁੰਦੇ ਹਨ?

ਪਿਛਲੇ ਕੁਝ ਸਾਲਾਂ ਵਿਚ ਅਮਰੀਕਾ 'ਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀ ਨਾਗਰਿਕਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਖ਼ਾਸ ਕਰਕੇ ਪੰਜਾਬ ਅਤੇ ਗੁਜਰਾਤ ਤੋਂ ਬਹੁਤ ਸਾਰੇ ਲੋਕ ਆਪਣੇ ਸੁਨਹਿਰੇ ਭਵਿੱਖ ਦੀ ਖ਼ਾਤਰ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦੇ ਹਨ। ਅੰਕੜਿਆਂ ਅਨੁਸਾਰ ਅਮਰੀਕਾ ਵਿਚ ਲਗਭਗ 7,25,000 ਗ਼ੈਰ-ਕਾਨੂੰਨੀ ਭਾਰਤੀ ਨਾਗਰਿਕ ਰਹਿ ਰਹੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪੰਜਾਬ ਅਤੇ ਗੁਜਰਾਤ ਤੋਂ ਹਨ। ਅਮਰੀਕਾ ਲਗਭਗ 18,000 ਗ਼ੈਰ-ਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਵਿਉਂਤ ਬਣਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ 'ਤੇ ਭਾਰਤ ਆਪਣੇ ਨਾਗਰਿਕਾਂ ਨੂੰ ਵਾਪਸ ਲੈ ਕੇ ਅਮਰੀਕਾ ਨਾਲ ਸਹਿਯੋਗ ਕਰ ਰਿਹਾ ਹੈ, ਜੋ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖ਼ਲ ਹੋਏ ਸਨ। ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਆਪਣੇ ਨਾਗਰਿਕਾਂ ਦੀ ਜਾਇਜ਼ ਵਾਪਸੀ ਲਈ ਤਿਆਰ ਹੈ, ਜੋ ਅਮਰੀਕਾ ਸਮੇਤ ਹੋਰ ਦੇਸ਼ਾਂ 'ਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ।

ਪੰਜਾਬ ਵਿਚ ਬੇਰੁਜ਼ਗਾਰੀ, ਕਿਸਾਨੀ ਦੇ ਸੰਕਟ ਅਤੇ ਵਧਦੇ ਕਰਜ਼ੇ ਕਾਰਨ ਲੋਕ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ। ਅਮਰੀਕਾ ਨੂੰ ਸੁਨਹਿਰੇ ਮੌਕਿਆਂ ਦੀ ਧਰਤੀ ਮੰਨਿਆ ਜਾਂਦਾ ਹੈ, ਜਿਸ ਕਰਕੇ ਬਹੁਤ ਸਾਰੇ ਪੰਜਾਬੀ ਨੌਜਵਾਨ ਅਕਸਰ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦੇ ਹਨ। ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਜਾਣ ਵਾਲੇ ਲੋਕਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਮਨੁੱਖੀ ਤਸਕਰੀ ਦਾ ਸ਼ਿਕਾਰ ਹੋਣਾ, ਅਮਰੀਕਾ ਵਿਚ ਗ੍ਰਿਫ਼ਤਾਰੀ, ਡਿਪੋਰਟੇਸ਼ਨ ਅਤੇ ਵਾਪਸੀ 'ਤੇ ਸਮਾਜਿਕ ਦਬਾਅ ਅਤੇ ਆਰਥਿਕ ਸੰਕਟ। ਇਸ ਤੋਂ ਇਲਾਵਾ, ਡਿਪੋਰਟ ਹੋਣ ਵਾਲੇ ਲੋਕਾਂ ਨੂੰ ਅਕਸਰ ਹੱਥਕੜੀਆਂ ਪਾਈਆਂ ਜਾਂਦੀਆਂ ਹਨ, ਜਿਸ ਨਾਲ ਉਨ੍ਹਾਂ ਦੀ ਇੱਜ਼ਤ ਅਤੇ ਆਤਮ-ਸਨਮਾਨ ਨੂੰ ਠੇਸ ਪਹੁੰਚਦੀ ਹੈ।

ਭਾਰਤ ਸਰਕਾਰ ਨੇ ਅਮਰੀਕਾ ਨਾਲ ਸਹਿਯੋਗ ਕਰਦੇ ਹੋਏ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ਇਸ ਦੇ ਨਾਲ ਹੀ ਸਰਕਾਰ ਨੇ ਨਾਗਰਿਕਾਂ ਨੂੰ ਕਾਨੂੰਨੀ ਤਰੀਕਿਆਂ ਨਾਲ ਹੀ ਵਿਦੇਸ਼ ਜਾਣ ਦੀ ਸਲਾਹ ਦਿੱਤੀ ਹੈ ਅਤੇ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਤੋਂ ਬਚਣ ਲਈ ਚਿਤਾਵਨੀ ਜਾਰੀ ਕੀਤੀ ਹੈ। ਗ਼ੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਨੂੰ ਆਪਣੀ ਜ਼ਿੰਦਗੀ ਤੇ ਆਤਮ-ਸਨਮਾਨ ਨੂੰ ਖ਼ਤਰੇ ਵਿਚ ਪਾਉਣਾ ਪੈਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਲੋਕ ਕਾਨੂੰਨੀ ਤਰੀਕਿਆਂ ਨਾਲ ਹੀ ਵਿਦੇਸ਼ ਜਾਣ ਦੀ ਯੋਜਨਾ ਬਣਾਉਣ ਅਤੇ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਤੋਂ ਬਚਣ। ਕਈ ਪੰਜਾਬੀ ਨਾਗਰਿਕਾਂ ਨੇ ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾ ਕੇ ਸਫਲਤਾ ਹਾਸਿਲ ਕੀਤੀ ਹੈ। ਉਨ੍ਹਾਂ ਦੀਆਂ ਕਹਾਣੀਆਂ ਪ੍ਰੇਰਨਾਦਾਇਕ ਹਨ ਤੇ ਦੱਸਦੀਆਂ ਹਨ ਕਿ ਸਹੀ ਤਰੀਕੇ ਨਾਲ ਮਿਹਨਤ ਕਰਕੇ ਕਿਸੇ ਵੀ ਦੇਸ਼ ਵਿਚ ਸਫਲਤਾ ਹਾਸਿਲ ਕੀਤੀ ਜਾ

ਦਿਲਰਾਜ ਸਿੰਘ ਬਾਜਵਾ

ਸਕਦੀ ਹੈ। ਜ਼ਰੂਰੀ ਹੈ ਕਿ ਸਰਕਾਰ ਅਤੇ ਸਮਾਜ ਮਿਲ ਕੇ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਯਤਨ ਕਰਨ। ਇਸ ਲਈ ਲੋਕਾਂ ਨੂੰ ਸਹੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

### ਕੌਣ ਹੈ ਡਿਪੋਰਟੇਸ਼ਨ ਦਾ ਮਾਸਟਰਮਾਈਂਡ?

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਰਵਾਸ ਨੀਤੀ ਦੇ ਪਿੱਛੇ ਜਿਸ ਮਾਸਟਰਮਾਈਂਡ ਦਾ ਨਾਂ ਆਉਂਦਾ ਹੈ, ਉਹ ਹੈ ਸਟੀਫਨ ਮਿਲਰ। ਉਸ ਨੇ ਹੀ ਟਰੰਪ ਦੇ ਪਹਿਲੇ ਪ੍ਰਸ਼ਾਸਨ ਵਿਚ ਪਰਵਾਸ ਨੂੰ ਲੈ ਕੇ ਕਈ ਸਖ਼ਤ ਨਿਯਮ ਬਣਾਏ ਸਨ। ਹੁਣ ਉਹ ਕੌਮੀ ਸੁਰੱਖਿਆ ਸਲਾਹਕਾਰ ਅਤੇ ਨੀਤੀਗਤ ਮਾਮਲਿਆਂ ਦੇ ਡਿਪਟੀ ਡਾਇਰੈਕਟਰ ਵਜੋਂ ਕੰਮ ਕਰ ਰਹੇ ਹਨ। ਰਾਸ਼ਟਰਪਤੀ ਟਰੰਪ ਨੇ ਜਿਹੜੇ ਕਾਰਜਕਾਰੀ ਆਦੇਸ਼ਾਂ 'ਤੇ ਦਸਤਖ਼ਤ ਕੀਤੇ, ਉੱਥੇ ਮਿਲਰ ਦੇ ਦਸਤਖ਼ਤ ਪਹਿਲਾਂ ਤੋਂ ਹੀ ਮੌਜੂਦ ਸਨ। ਇਹ ਆਦੇਸ਼ ਸਨ: ਜਨਮਸਿੱਧ ਨਾਗਰਿਕਤਾ ਨੂੰ ਖ਼ਤਮ ਕਰਨਾ ਅਤੇ ਦੱਖਣੀ ਸੀਮਾ 'ਤੇ ਕੌਮੀ ਐਮਰਜੈਂਸੀ ਦਾ ਐਲਾਨ ਕਰਨਾ। ਸਟੀਫਨ ਮਿਲਰ ਨੂੰ ਵ੍ਹਾਈਟ ਹਾਊਸ ਵਿਚ ਕਾਫ਼ੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਮੰਨਿਆ ਜਾਂਦਾ ਹੈ। ਮਿਲਰ ਨੇ 2013 ਵਿਚ ਇਮੀਗ੍ਰੇਸ਼ਨ ਸੁਧਾਰ ਕਾਨੂੰਨ ਦਾ ਵਿਰੋਧ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਟਰੰਪ ਦੀ ਇਮੀਗ੍ਰੇਸ਼ਨ ਵਿਰੋਧੀ ਸੁਰ ਨੂੰ ਮਜ਼ਬੂਤ ਕਰਨ ਦੇ ਪਿੱਛੇ ਵੀ ਮਿਲਰ ਦਾ ਨਾਂ ਆਉਂਦਾ ਹੈ।



### ਕੀ ਹੈ ਡੰਕੀ ਸਿਸਟਮ?

ਡੰਕੀ ਸਿਸਟਮ ਗ਼ੈਰ-ਕਾਨੂੰਨੀ ਤਰੀਕਾ ਹੈ, ਜਿਸ ਦੀ ਵਰਤੋਂ ਕਰ ਕੇ ਲੋਕ ਬਿਨਾਂ ਵੀਜ਼ਾ ਜਾਂ ਪ੍ਰਮਾਣਿਤ ਦਸਤਾਵੇਜ਼ਾਂ ਦੇ ਵਿਦੇਸ਼ ਜਾਂਦੇ ਹਨ। ਇਸ ਸਿਸਟਮ ਵਿਚ ਆਮ ਤੌਰ 'ਤੇ ਸਰਹੱਦਾਂ ਪਾਰ ਕਰਨ ਲਈ ਚੋਰੀ-ਛਿਪੇ ਰਸਤੇ ਅਪਣਾਏ ਜਾਂਦੇ ਹਨ। ਪੰਜਾਬ ਵਿਚ ਇਸ ਨੂੰ ਡੰਕੀ ਲਾਉਣਾ ਕਹਿੰਦੇ ਹਨ। ਇਹ ਸਿਸਟਮ ਖ਼ਤਰਨਾਕ ਹੋ ਸਕਦਾ ਹੈ ਕਿਉਂਕਿ ਇਸ ਵਿਚ ਲੋਕਾਂ ਨੂੰ ਅਣਜਾਣ ਰਸਤਿਆਂ, ਜੰਗਲਾਂ, ਪਹਾੜਾਂ ਅਤੇ ਕਈ ਵਾਰ ਸਮੁੰਦਰੀ ਰਸਤਿਆਂ ਤੋਂ ਲੰਘਣਾ ਪੈਂਦਾ ਹੈ। ਇਸ ਦੌਰਾਨ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਤੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਡੰਕੀ ਸਿਸਟਮ ਦਾ ਰਸਤਾ ਹਰ ਵਿਅਕਤੀ ਲਈ ਅਲੱਗ ਹੋ ਸਕਦਾ ਹੈ ਪਰ ਆਮ ਤੌਰ 'ਤੇ ਜ਼ਿਆਦਾਤਰ ਲੋਕ ਪਹਿਲਾਂ ਪੰਜਾਬ ਤੋਂ ਦਿੱਲੀ ਜਾਂ ਮੁੰਬਈ ਜਾਂਦੇ ਹਨ, ਜਿੱਥੇ ਉਨ੍ਹਾਂ ਨੂੰ ਏਜੰਟਾਂ ਜਾਂ ਸਮੂਹਾਂ ਨਾਲ ਜੋੜਿਆ ਜਾਂਦਾ ਹੈ। ਇੱਥੋਂ ਲੋਕਾਂ ਨੂੰ ਨੇਪਾਲ, ਬੰਗਲਾਦੇਸ਼, ਜਾਂ ਸ਼੍ਰੀਲੰਕਾ ਲਿਜਾਇਆ ਜਾਂਦਾ ਹੈ। ਇਹ ਦੇਸ਼ ਭਾਰਤੀ ਨਾਗਰਿਕਾਂ ਲਈ ਵੀਜ਼ਾ-ਮੁਕਤ ਹਨ, ਇਸ ਲਈ ਇੱਥੇ ਪਹੁੰਚਣਾ ਆਸਾਨ ਹੁੰਦਾ ਹੈ। ਇਸ ਤੋਂ ਬਾਅਦ ਲੋਕਾਂ ਨੂੰ ਥਾਈਲੈਂਡ ਜਾਂ ਮਲੇਸ਼ੀਆ ਲਿਜਾਇਆ ਜਾਂਦਾ ਹੈ। ਇਹ ਸਫ਼ਰ ਅਕਸਰ ਨਕਲੀ ਦਸਤਾਵੇਜ਼ਾਂ ਜਾਂ ਚੋਰੀ-ਛਿਪੇ ਰਸਤਿਆਂ ਤੋਂ ਹੁੰਦਾ ਹੈ। ਆਖ਼ਰੀ ਪੜਾਅ ਵਿਚ ਲੋਕਾਂ ਨੂੰ ਮੈਕਸਿਕੋ ਜਾਂ ਯੂਰਪ ਖ਼ਾਸ ਕਰਕੇ ਯੂਕੇ, ਜਰਮਨੀ, ਇਟਲੀ ਜਾਂ ਅਮਰੀਕਾ ਲਿਜਾਇਆ ਜਾਂਦਾ ਹੈ। ਇਹ ਸਫ਼ਰ ਕਈ ਵਾਰ ਕਿਸ਼ਤੀਆਂ ਜਾਂ ਟਰੱਕਾਂ ਦੁਆਰਾ ਹੁੰਦਾ ਹੈ, ਜੋ ਬਹੁਤ ਖ਼ਤਰਨਾਕ ਹੋ ਸਕਦਾ ਹੈ। ਡੰਕੀ ਸਿਸਟਮ ਨਾਲ ਜੁੜੇ ਕਈ ਖ਼ਤਰੇ ਹਨ, ਜਿਵੇਂ ਕਈ ਵਾਰ ਲੋਕ ਰਸਤੇ ਵਿਚ ਹੀ ਮਾਰੇ ਜਾਂਦੇ ਹਨ ਜਾਂ ਗੁੰਮ ਹੋ ਜਾਂਦੇ ਹਨ। ਏਜੰਟ ਲੋਕਾਂ ਨੂੰ ਧੋਖਾ ਦੇ ਕੇ ਪੈਸੇ ਲੈ ਕੇ ਭੱਜ ਜਾਂਦੇ ਹਨ। ਇਹ ਗ਼ੈਰ-ਕਾਨੂੰਨੀ ਹੈ ਅਤੇ ਫੜੇ ਜਾਣ 'ਤੇ ਜੇਲ੍ਹ ਜਾਂ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬੀਆਂ ਨੂੰ ਇਸ ਤਰ੍ਹਾਂ ਦੇ ਰਸਤਿਆਂ ਤੋਂ ਬਚਣਾ ਚਾਹੀਦਾ ਹੈ ਅਤੇ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਜ਼ਿੰਦਗੀ ਦੀ ਕੀਮਤ ਪੈਸੇ ਤੋਂ ਵੱਧ ਹੈ ਅਤੇ ਸੁਰੱਖਿਅਤ ਰਸਤਾ ਹੀ ਸਭ ਤੋਂ ਵਧੀਆ ਰਸਤਾ ਹੈ।

### ਪੰਜਾਬੀਆਂ ਤੇ ਅਮਰੀਕਾ ਦਾ ਰਿਸ਼ਤਾ

ਪੰਜਾਬੀਆਂ ਅਤੇ ਅਮਰੀਕਾ ਦਾ ਰਿਸ਼ਤਾ ਦਹਾਕਿਆਂ ਪੁਰਾਣਾ ਹੈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਬਹੁਤ ਸਾਰੇ ਪੰਜਾਬੀ ਮਜ਼ਦੂਰ ਅਮਰੀਕਾ ਗਏ, ਜਿੱਥੇ ਉਨ੍ਹਾਂ ਨੇ ਖੇਤੀਬਾੜੀ ਅਤੇ ਰੇਲਵੇ ਵਿਚ ਮਿਹਨਤ ਕਰ ਕੇ ਆਪਣੀ ਜ਼ਿੰਦਗੀ ਸੁਧਾਰੀ। ਉਸ ਸਮੇਂ ਦੇ ਪੰਜਾਬੀਆਂ ਨੇ ਅਮਰੀਕਾ ਵਿਚ ਆਪਣੀ ਮਿਹਨਤ ਅਤੇ ਲਗਨ ਨਾਲ ਮਿਸਾਲ ਕਾਇਮ ਕੀਤੀ। ਪਿਛਲੇ ਕੁਝ ਦਹਾਕਿਆਂ ਵਿਚ ਪੰਜਾਬ ਦੇ ਨੌਜਵਾਨਾਂ ਨੇ ਵੀ ਅਮਰੀਕਾ ਨੂੰ ਆਪਣੇ ਸੁਪਨਿਆਂ ਦੀ ਧਰਤੀ ਬਣਾਇਆ ਹੈ। ਖ਼ਾਸ ਕਰਕੇ ਪੜ੍ਹਾਈ ਅਤੇ ਨੌਕਰੀ ਦੇ ਮੌਕਿਆਂ ਦੀ ਤਲਾਸ਼ ਵਿਚ ਹਜ਼ਾਰਾਂ ਪੰਜਾਬੀ ਨੌਜਵਾਨ ਅਮਰੀਕਾ ਜਾ ਰਹੇ ਹਨ। ਪਰ ਹੁਣ ਇਹ ਸੁਪਨਾ ਉਨ੍ਹਾਂ ਲਈ ਇਕ ਸੁਪਨਾ ਹੀ ਰਹਿ ਗਿਆ ਹੈ ਕਿਉਂਕਿ ਡਿਪੋਰਟੇਸ਼ਨ ਦੀ ਤਲਵਾਰ ਉਨ੍ਹਾਂ ਦੇ ਸਿਰ 'ਤੇ ਲਟਕ ਰਹੀ ਹੈ।

### ਸੂਬਾ ਸਰਕਾਰ ਦੀ ਭੂਮਿਕਾ

ਪੰਜਾਬ ਸਰਕਾਰ ਨੇ ਇਸ ਮੁੱਦੇ 'ਤੇ ਆਪਣੀ ਚਿੰਤਾ ਜ਼ਾਹਿਰ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਮਰੀਕਾ ਤੋਂ ਡਿਪੋਰਟ ਹੋਏ ਨੌਜਵਾਨਾਂ ਲਈ ਮੁੜ ਵਸੇਬੇ ਦੀਆਂ ਯੋਜਨਾਵਾਂ ਬਣਾਉਣ ਦੀ ਗੱਲ ਕੀਤੀ ਹੈ ਪਰ ਇਹ ਯੋਜਨਾਵਾਂ ਕਿੰਨੀਆਂ ਕਾਰਗਰ ਹੋਣਗੀਆਂ, ਇਹ ਵੇਖਣਾ ਬਾਕੀ ਹੈ। ਅਮਰੀਕਾ ਤੋਂ ਪੰਜਾਬੀਆਂ ਦੀ ਡਿਪੋਰਟੇਸ਼ਨ ਗੰਭੀਰ ਮੁੱਦਾ ਹੈ, ਜਿਸ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਸਮੱਸਿਆ ਦਾ ਹੱਲ ਸਿਰਫ਼ ਸਰਕਾਰੀ ਯੋਜਨਾਵਾਂ ਨਾਲ ਹੀ ਨਹੀਂ ਸਗੋਂ ਸਮਾਜਿਕ ਜਾਗਰੂਕਤਾ ਅਤੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਨਾਲ ਹੀ ਸੰਭਵ ਹੈ। ਪੰਜਾਬ ਦੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਵੀਜ਼ਾ ਨਿਯਮਾਂ ਦੀ ਪਾਲਣਾ ਕਰਨ ਅਤੇ ਗ਼ੈਰ-ਕਾਨੂੰਨੀ ਰਸਤਿਆਂ ਤੋਂ ਬਚਣ। ਸਾਡੇ ਨੌਜਵਾਨ ਸਾਡੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਾਨੂੰ ਉਨ੍ਹਾਂ ਨੂੰ ਸਹੀ ਦਿਸ਼ਾ ਦੇਣੀ ਚਾਹੀਦੀ ਹੈ, ਤਾਂ ਜੋ ਉਹ ਨਾ ਸਿਰਫ਼ ਵਿਦੇਸ਼ਾਂ ਵਿਚ ਸਗੋਂ ਆਪਣੇ ਦੇਸ਼ 'ਚ ਵੀ ਸਫਲਤਾ ਪ੍ਰਾਪਤ ਕਰ ਸਕਣ।

### ਸਵੈ-ਜਲਾਵਤਨੀ ਕਿਉਂ?

ਅਮਰੀਕਾ ਤੋਂ ਪੰਜਾਬੀਆਂ ਦੀ ਡਿਪੋਰਟੇਸ਼ਨ ਦੇ ਕਈ ਕਾਰਨ ਹਨ। ਇਨ੍ਹਾਂ ਵਿੱਚੋਂ ਕੁਝ ਮੁੱਖ ਕਾਰਨ ਹਨ ਕਿ ਬਹੁਤ ਸਾਰੇ ਪੰਜਾਬੀ ਨੌਜਵਾਨ ਅਮਰੀਕਾ ਵਿਚ ਵੀਜ਼ਾ 'ਤੇ ਜਾਂਦੇ ਹਨ, ਜਿਵੇਂ ਕਿ F-1 (ਵਿਦਿਆਰਥੀ ਵੀਜ਼ਾ) ਜਾਂ H-1B (ਨੌਕਰੀ ਵੀਜ਼ਾ)। ਪਰ ਕਈ ਵਾਰ ਉਹ ਵੀਜ਼ਾ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰ ਪਾਉਂਦੇ। ਜੇ ਕੋਈ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਨਹੀਂ ਕਰਦਾ ਜਾਂ ਨੌਕਰੀ ਵੀਜ਼ਾ 'ਤੇ ਕੰਮ ਛੱਡ ਦਿੰਦਾ ਹੈ, ਤਾਂ ਉਸ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ। ਕਈ ਪੰਜਾਬੀ ਨੌਜਵਾਨ ਵੀਜ਼ਾ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਵੀ ਅਮਰੀਕਾ ਵਿਚ ਰਹਿ ਜਾਂਦੇ ਹਨ। ਇਸ ਨੂੰ ' ਵਰਸਟੇਅ' ਕਹਿੰਦੇ ਹਨ ਅਤੇ ਇਹ ਅਮਰੀਕੀ ਕਾਨੂੰਨ ਦੀ ਉਲੰਘਣਾ ਹੈ। ਅਜਿਹੇ ਲੋਕਾਂ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ। ਕਈ ਵਾਰ ਪੰਜਾਬੀ ਨੌਜਵਾਨ ਅਮਰੀਕਾ ਵਿਚ ਅਪਰਾਧਿਕ ਮਾਮਲਿਆਂ ਵਿਚ ਫਸ ਜਾਂਦੇ ਹਨ। ਜੇ ਕੋਈ ਵਿਅਕਤੀ ਗੰਭੀਰ ਅਪਰਾਧ ਕਰਦਾ ਹੈ, ਤਾਂ ਉਸ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ। ਕੁਝ ਪੰਜਾਬੀ ਨੌਜਵਾਨ ਅਮਰੀਕਾ ਵਿਚ ਅਸਾਈਲਮ (ਸ਼ਰਨਾਰਥੀ) ਲਈ ਅਰਜ਼ੀ ਦਿੰਦੇ ਹਨ ਪਰ ਉਨ੍ਹਾਂ ਦੀ ਅਰਜ਼ੀ ਰੱਦ ਹੋ ਜਾਂਦੀ ਹੈ। ਅਜਿਹੇ ਮਾਮਲਿਆਂ ਵਿਚ ਵੀ ਡਿਪੋਰਟੇਸ਼ਨ ਦਾ ਖ਼ਤਰਾ ਹੁੰਦਾ ਹੈ।

### ਸਵੈਮਾਣ ਨੂੰ ਵੱਜੀ ਸੱਟ

ਡਿਪੋਰਟੇਸ਼ਨ ਦਾ ਪੰਜਾਬੀਆਂ 'ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਬਹੁਤ ਸਾਰੇ ਪੰਜਾਬੀ ਨੌਜਵਾਨ ਅਮਰੀਕਾ ਵਿਚ ਸਾਲਾਂ ਤਕ ਰਹਿ ਕੇ ਆਪਣੇ ਪਰਿਵਾਰਾਂ ਨੂੰ ਆਰਥਿਕ ਸਹਾਰਾ ਦਿੰਦੇ ਹਨ। ਜਦੋਂ ਉਨ੍ਹਾਂ ਨੂੰ ਡਿਪੋਰਟ ਕੀਤਾ ਜਾਂਦਾ ਹੈ, ਤਾਂ ਨਾ ਸਿਰਫ਼ ਉਨ੍ਹਾਂ ਦੇ ਸੁਪਨੇ ਟੁੱਟ ਜਾਂਦੇ ਹਨ, ਸਗੋਂ ਉਨ੍ਹਾਂ ਦੇ ਪਰਿਵਾਰਾਂ ਦੀ ਆਰਥਿਕ ਸਥਿਤੀ ਵੀ ਡੋਲ੍ਹ ਜਾਂਦੀ ਹੈ। ਡਿਪੋਰਟੇਸ਼ਨ ਦਾ ਮਾਨਸਿਕ ਪ੍ਰਭਾਵ ਵੀ ਬਹੁਤ ਗਹਿਰਾ ਹੁੰਦਾ ਹੈ। ਬਹੁਤ ਸਾਰੇ ਨੌਜਵਾਨ ਡਿਪੋਰਟ ਹੋਣ ਤੋਂ ਬਾਅਦ ਸਮਾਜਿਕ ਕਲੰਕ ਅਤੇ ਨਿਰਾਸ਼ਾ ਦਾ ਸ਼ਿਕਾਰ ਹੋ ਜਾਂਦੇ ਹਨ। ਕਈਆਂ ਨੇ ਅਮਰੀਕਾ ਜਾਣ ਦਾ ਸੁਪਨਾ ਪੂਰਾ ਕਰਨ ਲਈ ਕਈ ਕੁਝ ਦਾਅ 'ਤੇ ਲਾਇਆ ਹੁੰਦਾ ਹੈ, ਕਰਜ਼ਾ ਲਿਆ ਹੁੰਦਾ ਹੈ ਜਾਂ ਕਈ ਸਭ ਕੁਝ ਵੇਚ-ਵੱਟ ਕੇ ਸਿਰਫ਼ ਅਮਰੀਕਾ ਦਾ ਚਾਅ ਲੈ ਕੇ ਤੁਰ ਪੈਂਦੇ ਹਨ।

### ਕਾਨੂੰਨੀ ਰਸਤਾ ਅਪਣਾਓ

ਪੰਜਾਬੀਆਂ ਨੂੰ ਡੰਕੀ ਸਿਸਟਮ ਦੀ ਵਰਤੋਂ ਕਰਨ ਦੀ ਬਜਾਏ ਕਾਨੂੰਨੀ ਰਸਤੇ ਅਪਣਾਉਣੇ ਚਾਹੀਦੇ ਹਨ। ਵੀਜ਼ਾ, ਪਾਸਪੋਰਟ ਅਤੇ ਇਮੀਗ੍ਰੇਸ਼ਨ ਦੇ ਨਿਯਮਾਂ ਦੀ ਪਾਲਣਾ ਕਰ ਕੇ ਸੁਰੱਖਿਅਤ ਢੰਗ ਨਾਲ ਵਿਦੇਸ਼ ਜਾਇਆ ਜਾ ਸਕਦਾ ਹੈ। ਇਸ ਤਰ੍ਹਾਂ ਨਾਲ ਨਾ ਸਿਰਫ਼ ਜਾਨ ਸੁਰੱਖਿਅਤ ਰਹੇਗੀ ਸਗੋਂ ਵਿਦੇਸ਼ਾਂ ਵਿਚ ਇੱਜ਼ਤ ਨਾਲ ਰਹਿ ਸਕੋਗੇ। ਡੰਕੀ ਸਿਸਟਮ ਖ਼ਤਰਨਾਕ ਰਸਤਾ ਹੈ, ਜੋ ਕਈ ਵਾਰ ਜਾਨਲੇਵਾ ਸਾਬਿਤ ਹੋ ਸਕਦਾ ਹੈ।

### ਨਿਚੋੜ

ਸਾਡੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਜਿਨ੍ਹਾਂ ਨੀਤੀਆਂ ਪ੍ਰਤੀ ਖਿੱਚ ਕਰਕੇ ਸਾਡੇ ਲੋਕ ਵਿਦੇਸ਼ ਜਾਣ ਲਈ ਜਾਨ ਜੋਖ਼ਮ 'ਚ ਪਾ ਲੈਂਦੇ ਹਨ, ਉਹ ਨੀਤੀਆਂ ਏਥੇ ਵੀ ਬਣਨੀਆਂ ਚਾਹੀਦੀਆਂ ਹਨ।

ਸਾਡੇ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਜਿਸ ਤਰ੍ਹਾਂ ਪੱਛਮੀ ਲੋਕਾਂ ਨੇ ਆਪਣੇ ਦੇਸ਼ ਦੀ ਸਾਫ਼-ਸਫ਼ਾਈ ਤੇ ਪ੍ਰਬੰਧਕੀ ਢਾਂਚੇ ਨੂੰ ਵਧੀਆ ਬਣਾਇਆ ਹੈ, ਸਾਨੂੰ ਵੀ ਉਸ ਤਰ੍ਹਾਂ ਦੇ ਢਾਂਚੇ ਦੀ ਸਿਰਜਣਾ ਕਰਨੀ ਚਾਹੀਦੀ ਹੈ। ਉਦਾਹਰਨ ਦੇ ਤੌਰ 'ਤੇ ਜੋ ਲੋਕ ਵਿਦੇਸ਼ਾਂ ਦੇ ਪੱਕੇ ਵਸਨੀਕ ਬਣ ਗਏ ਹਨ, ਉਹ ਉਸ ਮੁਲਕ ਦੇ ਤਾਂ ਸਾਰੇ ਨਿਯਮਾਂ ਦੀ ਪਾਲਣਾ ਕਰਦੇ ਹਨ ਅਤੇ ਉੱਥੋਂ ਦੇ ਸਿਸਟਮ ਦਾ ਗੁਣਗਾਣ ਵੀ ਵਧਾ-ਚੜ੍ਹਾ ਕੇ ਕਰਦੇ ਹਨ ਪਰ ਜਦੋਂ ਭਾਰਤ ਆਉਂਦੇ ਹਨ ਤਾਂ ਉਹ ਇਸ ਧਰਤੀ ਪ੍ਰਤੀ ਉਹ ਖਿੱਚ ਤੇ ਭਾਵਨਾ ਨਹੀਂ ਦਿਖਾਉਂਦੇ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਚੰਗੇ ਨਾਗਰਿਕ ਹੀ ਚੰਗਾ ਆਲਾ-ਦੁਆਲਾ ਬਣਾਉਂਦੇ ਹਨ। ਅਮਰੀਕਾ ਜੋ ਅੱਜ ਹੈ, ਉਹ ਇਕ ਦਿਨ 'ਚ ਨਹੀਂ ਬਣਿਆ। ਉੱਥੋਂ ਦੇ ਲੋਕਾਂ ਨੇ ਉਸ ਦੇਸ਼ ਨੂੰ ਬਿਹਤਰ ਬਣਾਉਣ ਲਈ ਪੀੜ੍ਹੀ-ਦਰ-ਪੀੜ੍ਹੀ ਬਹੁਤ ਘਾਲਣਾ ਕੀਤੀ ਹੈ। ਜਿਵੇਂ ਇਕ ਕਹਾਵਤ ਹੈ ਕਿ 'ਰੋਮ ਇਕ ਦਿਨ ਵਿਚ ਨਹੀਂ ਬਣਿਆ।' ਇਸ ਤਰ੍ਹਾਂ ਚੰਗਾ ਪ੍ਰਬੰਧ ਵੀ ਇਕ ਦਿਨ ਵਿਚ ਨਹੀਂ ਬਣਦਾ। ਇਸ ਲਈ ਸਮੂਹਿਕ ਯਤਨਾਂ ਦੀ ਲੋੜ ਹੁੰਦੀ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com




ਜਯੋਤੀ ਮਲਹੋਤਰਾ

# ਪਰਾਇਆ ਮੁਲਕ, ਬੇਗਾਨੇ ਲੋਕ

ਟੀਐੱਸ ਇਲੀਅਟ (ਅਮਰੀਕੀ-ਅੰਗਰੇਜ਼ ਕਵੀ ਜਿਸ ਨੇ ਆਪਣੀ ਇੱਕ ਮਸ਼ਹੂਰ ਕਵਿਤਾ ਵਿੱਚ ਅਪਰੈਲ ਨੂੰ ਸਭ ਤੋਂ ਵੱਧ ਨਿਰਦਈ ਮਹੀਨਾ ਆਖਿਆ ਸੀ) ਤੋਂ ਖਿਮਾ ਦੀ ਯਾਚਕ ਹਾਂ ਪਰ ਇਹ ਫਰਵਰੀ ਬਹੁਤ ਤੇਜ਼ੀ ਨਾਲ ਭਾਰਤ ਦੀ ਵਿਦੇਸ਼ ਨੀਤੀ ਦੇ ਕੈਲੰਡਰ ਦਾ ਸਭ ਤੋਂ ਵੱਧ ਨਿਰਦਈ ਮਹੀਨਾ ਬਣ ਰਿਹਾ ਹੈ। ਪੂਰਬ ਵੱਲ, ਬੌਲੀਵੁਡ ਦੇ ਫਿਲਮੀ ਗਾਣੇ 'ਮੁੰਨੀ ਬਦਨਾਮ ਹੂਈ' ਦੀ ਧੁਨ 'ਤੇ ਨੱਚਦਿਆਂ ਹੁੜਦੰਗੀ ਨੌਜਵਾਨਾਂ ਨੇ ਢਾਕਾ ਵਿੱਚ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦਾ ਜੱਦੀ ਘਰ ਮਲੀਆਮੇਟ ਕਰ ਦਿੱਤਾ। ਇਹੀ ਘਰ ਕਦੇ ਦੋਵਾਂ ਦੇਸ਼ਾਂ ਦੇ ਸਫ਼ਰ ਦਾ ਸ਼ਾਨਦਾਰ ਪੰਨਾ ਬਣਿਆ ਸੀ ਪਰ ਜਦੋਂ ਇਸ 'ਤੇ ਹਜੂਮ ਦਾ ਹਥੌੜਾ ਚੱਲਿਆ ਤਾਂ ਘਰਾਂ ਵਿੱਚ ਬੈਠੇ ਖੌਫ਼ਜ਼ਦਾ ਭਾਰਤੀ ਦੇਖਦੇ ਰਹਿ ਗਏ; ਹੁਣ ਉਹ ਬੇਵਸੀ ਦੇ ਆਲਮ ਵਿੱਚ ਪੁੱਛ ਰਹੇ ਹਨ ਕਿ ਹੁਣ ਕੀ ਕਰੀਏ?

ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਸ਼ਟਰਪਤੀ ਟਰੰਪ ਨੂੰ ਮਿਲਣ ਲਈ ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਸਨ ਤਾਂ ਇਸ ਤੋਂ ਕੁਝ ਦਿਨ ਪਹਿਲਾਂ 104 ਭਾਰਤੀ ਪਰਵਾਸੀਆਂ ਨੂੰ ਹੱਥਕੜੀਆਂ ਅਤੇ



ਬੇੜੀਆਂ ਨਾਲ ਜਕੜ ਕੇ ਵਾਪਸ ਭੇਜਣ ਮੁਤੱਲਕ ਬਹੁਤ ਸਾਰੇ ਸਵਾਲ ਕੀਤੇ ਜਾ ਰਹੇ ਹਨ। 487 ਹੋਰ ਭਾਰਤੀਆਂ ਨੂੰ ਵੀ ਵਾਪਸ ਭੇਜਿਆ ਜਾ ਰਿਹਾ ਹੈ। ਮਾਹੌਲ ਵਿੱਚ ਬੇਚੈਨੀ ਸਾਫ਼ ਮਹਿਸੂਸ ਕੀਤੀ ਜਾ ਰਹੀ ਹੈ ਕਿ ਇਸ ਵਕਤ ਪ੍ਰਧਾਨ ਮੰਤਰੀ ਦਾ ਅਮਰੀਕਾ ਜਾਣ ਦਾ ਫ਼ੈਸਲਾ ਕਿੰਨਾ ਕੁ ਸਹੀ ਹੈ।

ਬਹੁਤ ਸਾਰੇ ਲੋਕ ਕਹਿਣਗੇ, ਬਿਨਾਂ ਸ਼ੱਕ ਸਹੀ ਹੈ। ਕੋਵਿਡ-19 ਤੋਂ ਬਾਅਦ ਹਾਲੀਆ ਸਾਲਾਂ ਦੌਰਾਨ ਭਾਵੇਂ ਰੂਸ ਨੇ ਬਹੁਤ ਘੱਟ ਕੀਮਤ 'ਤੇ ਭਾਰਤ ਨੂੰ ਤੇਲ ਸਪਲਾਈ ਕਰਵਾਇਆ ਪਰ ਅੱਜ ਦੇ ਦਿਨ ਭਾਰਤ-ਅਮਰੀਕਾ ਸਬੰਧ, ਵਿਦੇਸ਼ ਨੀਤੀ ਦੇ ਸਭ ਤੋਂ ਮਹੱਤਵਪੂਰਨ ਰਿਸ਼ਤੇ ਬਣੇ ਹੋਏ ਹਨ। ਇਸ ਦਲੀਲ ਦੇ ਹੱਕ ਵਿੱਚ ਕਿਹਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਦੇ ਦੌਰੇ ਮੌਕੇ ਵਪਾਰਕ ਖਾਕਾ ਤਿਆਰ ਕੀਤਾ ਜਾ ਰਿਹਾ ਹੈ ਤੇ ਇਹ ਐਲਾਨ ਹੋ ਸਕਦਾ ਹੈ ਕਿ ਭਾਰਤ 17 ਸਾਲਾਂ ਬਾਅਦ ਆਪਣਾ ਸਿਵਲ ਪਰਮਾਣੂ ਖੇਤਰ ਖੋਲ੍ਹ ਦੇਵੇ; ਦਿੱਲੀ ਵੱਲੋਂ ਅਮਰੀਕਾ ਤੋਂ ਹੋਰ ਜ਼ਿਆਦਾ ਫ਼ੌਜੀ ਸਾਜ਼ੋ-ਸਾਮਾਨ ਖਰੀਦਣ ਦੀਆਂ ਗੱਲਾਂ ਜ਼ੋਰ ਫੜ ਰਹੀਆਂ ਹਨ।

ਇਸੇ ਕਰ ਕੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਚਾਰ ਮਹੀਨਿਆਂ ਵਿੱਚ ਤਿੰਨ ਵਾਰ ਅਮਰੀਕਾ ਦਾ ਦੌਰਾ ਕਰ ਚੁੱਕੇ ਹਨ) ਪਹਿਲਾਂ ਸਤੰਬਰ, ਫਿਰ ਦਸੰਬਰ ਤੇ ਹੁਣ ਜਨਵਰੀ ਵਿੱਚ) ਤਾਂ ਕਿ ਮੋਦੀ ਅਤੇ ਟਰੰਪ ਦੀ ਮੀਟਿੰਗ ਕਰਵਾਈ ਜਾ ਸਕੇ। ਉਨ੍ਹਾਂ ਖੁਲਾਸਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਸੱਤਾ ਵਿੱਚ ਆਉਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਉਨ੍ਹਾਂ ਨੂੰ ਮਿਲਣ ਵਾਲੇ ਇਜ਼ਰਾਈਲ ਦੇ ਨੇਤਨਯਾਹੂ ਅਤੇ ਜਪਾਨ ਦੇ ਇਸ਼ੀਬਾ ਸਣੇ ਤਿੰਨ ਆਗੂਆਂ ਵਿੱਚ ਸ਼ਾਮਿਲ ਹੋਣਗੇ।

ਮਾੜੀ ਕਿਸਮਤ ਨੂੰ ਮੋਦੀ ਦੇ ਵਾਸ਼ਿੰਗਟਨ ਡੀਸੀ ਵਿੱਚ ਪੈਰ ਪਾਉਣ ਤੋਂ ਹਫ਼ਤਾ ਕੁ ਪਹਿਲਾਂ ਆਈ ਖ਼ਬਰ ਬਹੁਤੀ ਸਵੱਲੀ ਨਹੀਂ। ਫਟੀਆਂ ਪੁਰਾਣੀਆਂ ਜੀਨਾਂ ਤੇ ਚੀਨੀ ਜੁੱਤੇ ਪਹਿਨ ਅਤੇ ਪੈਰਾਂ ਵਿੱਚ ਬੇੜੀਆਂ ਪਾ ਕੇ ਅਮਰੀਕੀ ਫ਼ੌਜੀ ਜਹਾਜ਼ ਵੱਲ ਜਾਂਦੇ ਹੋਏ ਭਾਰਤੀ ਨੌਜਵਾਨਾਂ ਦੀਆਂ ਤਸਵੀਰਾਂ ਨਾਲ ਬਾਕੀ ਦੇਸ਼ ਦਾ ਤਾਂ ਪਤਾ ਨਹੀਂ ਪਰ ਪੂਰੇ ਪੰਜਾਬ ਵਿੱਚ ਸਦਮੇ ਤੇ ਦੁੱਖ ਦੀ ਲਹਿਰ ਫੈਲ ਗਈ ਹੈ। ਬਿਨਾਂ ਸ਼ੱਕ, ਟਰੰਪ ਬਿਲਕੁਲ ਇਹੀ ਚਾਹੁੰਦਾ ਸੀ। ਉਹ ਦੁਨੀਆ ਨੂੰ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਅਮਰੀਕਾ ਦੇ ਦਰਾਂ 'ਤੇ ਆਉਣ ਵਾਲੇ ਹਰੇਕ ਅਣਚਾਹੇ ਸ਼ਖ਼ਸ ਵਿੱਚ ਉਸ ਦੀ ਕੋਈ ਦਿਲਚਸਪੀ ਨਹੀਂ; ਉਨ੍ਹਾਂ ਲਈ ਬੱਸ ਪ੍ਰਤਿਭਾਸ਼ਾਲੀ, ਹੁਨਰਮੰਦ ਅਤੇ ਐੱਚ1ਬੀ ਵੀਜ਼ਿਆਂ ਵਾਲੇ ਮਾਣਮੱਤੇ ਜੱਥੇ ਕਾਫ਼ੀ ਹਨ।

ਅਪਮਾਨ ਤੋਂ ਗੁਰੇਜ਼ ਕਰਨ ਲਈ ਉਸ ਕੋਲ ਵਕਤ ਹੀ ਨਹੀਂ। ਜੇ ਹਫ਼ਤੇ ਬਾਅਦ ਹੀ ਭਾਰਤੀ ਪ੍ਰਧਾਨ ਮੰਤਰੀ ਨੇ ਚੱਲ ਕੇ ਮਿਲਣ ਜਾਣਾ ਹੋਵੇ ਤਾਂ ਤੁਹਾਨੂੰ ਇਹ ਤਵੱਕੋ ਨਹੀਂ ਕਰਨੀ ਚਾਹੀਦੀ ਕਿ ਤੁਹਾਡੀ ਫੇਰੀ ਤੋਂ ਐਨ ਪਹਿਲਾਂ ਆਈ ਇਹ ਕੋਈ ਸ਼ੁਭ ਖ਼ਬਰ ਹੈ। ਟਰੰਪ ਨੇ ਪਿਛਲੇ ਕੁਝ ਹਫ਼ਤਿਆਂ ਵਿੱਚ ਆਲਮੀ ਨਿਜ਼ਾਮ ਦੇ ਨਵੇਂ ਨੇਮ ਘੜ ਦਿੱਤੇ ਹਨ। ਸਾਬਕਾ ਵਿਦੇਸ਼ ਸਕੱਤਰ ਸ਼ਿਆਮ ਸਰਨ ਇਸ ਨੂੰ 'ਅਮਰੀਕਾ ਦਾ ਅਸੱਭਿਅਕ ਵਿਹਾਰ' ਕਰਾਰ ਦਿੰਦੇ ਹਨ। ਮਸਲਾ ਇਹ ਹੈ ਕਿ ਨਵੇਂ ਅਮਰੀਕਾ ਦੀ ਵਿਦੇਸ਼ ਨੀਤੀ ਵਿੱਚ ਇਸ ਕਿਸਮ ਦੀਆਂ ਸੱਭਿਅਕ ਵਿਹਾਰ ਅਤੇ ਨਫ਼ਾਸਤਾਂ ਦੀ ਪਹਿਲਾਂ ਹੀ ਛੁੱਟੀ ਕੀਤੀ ਜਾ ਚੁੱਕੀ ਹੈ। ਜਿਸ ਢੰਗ ਨਾਲ ਟਰੰਪ ਮੱਧ ਪੂਰਬ-ਗਾਜ਼ਾ, ਫ਼ਲਸਤੀਨ ਅਤੇ ਜੌਰਡਨ ਦਾ ਕਾਇਆ ਕਲਪ ਕਰਨ ਲੱਗੇ ਹੋਏ ਹਨ, ਉਸ ਦੀ ਮਿਸਾਲ ਨਹੀਂ ਮਿਲਦੀ। ਭਾਰਤ ਨੇ ਇਸ ਸਭ ਕਾਸੇ ਬਾਰੇ ਚੁੱਪ ਵੱਟੀ ਹੋਈ ਹੈ ਕਿਉਂਕਿ ਅੰਧ-ਯਥਾਰਥਵਾਦੀ ਨੀਤੀਆਂ ਪਿਛਲੇ ਕੁਝ ਅਰਸੇ ਤੋਂ ਇਹ ਪ੍ਰਚਾਰ ਕਰ ਰਹੀਆਂ ਹਨ ਕਿ ਤੁਸੀਂ ਉਦੋਂ ਹੀ ਕੋਈ ਪੰਗਾ ਲਵੋ ਜਦੋਂ ਤੁਹਾਡੇ ਹਿੱਤ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਰਹੇ ਹੋਣ; ਤੇ ਤੁਹਾਨੂੰ ਲਗਦਾ ਹੈ ਕਿ ਗਾਜ਼ਾ, ਫ਼ਲਸਤੀਨ ਅਤੇ ਜੌਰਡਨ ਵਿੱਚ ਤੁਹਾਡੇ ਹਿੱਤ ਸਿੱਧੇ ਤੌਰ 'ਤੇ ਪ੍ਰਭਾਵਿਤ ਨਹੀਂ ਹੋ ਰਹੇ।

ਜਿੱਥੋਂ ਤੱਕ 104 ਪਰਵਾਸੀਆਂ ਦਾ ਤਾਅਲੁਕ ਹੈ ਜਿਨ੍ਹਾਂ ਵਿੱਚ ਕੁਝ ਔਰਤਾਂ ਵੀ ਸ਼ਾਮਿਲ ਸਨ, ਨੂੰ ਨੂੜ ਕੇ ਪਿਛਲੇ ਹਫ਼ਤੇ ਵਾਪਸ ਵਤਨ ਭੇਜਿਆ ਗਿਆ ਸੀ ਤਾਂ ਇਸ ਬਾਰੇ ਨਵੀਂ ਦਿੱਲੀ ਦਾ ਸੰਦੇਸ਼ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਕਾਨੂੰਨ ਤੋੜਿਆ ਹੈ, ਉਨ੍ਹਾਂ ਨੂੰ ਬਣਦੀ ਸਜ਼ਾ ਮਿਲੀ ਹੈ। ਅਮਰੀਕੀ ਬਾਰਡਰ ਪੈਟਰੋਲ ਪੁਲੀਸ ਨੇ ਉਨ੍ਹਾਂ ਨੂੰ ਬੇਗਾਨੇ/ਏਲੀਅਨਜ਼ ਕਰਾਰ ਦਿੱਤਾ ਹੈ ਅਤੇ ਉਹ ਹਨ ਵੀ।

ਫਿਰ ਵੀ ਜਦੋਂ ਡਿਪੋਰਟ ਕੀਤੇ ਭਾਰਤੀਆਂ ਦੇ ਮੁੱਦੇ 'ਤੇ ਜੈਸ਼ੰਕਰ ਪਾਰਲੀਮੈਂਟ ਵਿੱਚ ਬੋਲੇ ਤਾਂ ਉਨ੍ਹਾਂ ਰਿਕਾਰਡ 'ਤੇ ਇਹ ਮੰਨਿਆ ਕਿ 'ਨੌਕਰਸ਼ਾਹੀ ਦੇ ਅੰਕੜਿਆਂ ਦੇ ਲਿਹਾਜ਼ ਨਾਲ' ਉਹ ਸਹੀ ਸਨ ਪਰ ਇਸ 'ਤੇ ਕੋਈ ਹੈਰਾਨ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ ਕਿ ਜੇ ਇਸ ਤਰ੍ਹਾਂ ਦਾ ਧਰਮ ਸੰਕਟ ਉਨ੍ਹਾਂ ਤੋਂ ਪਹਿਲੀ ਵਿਦੇਸ਼ ਮੰਤਰੀ (ਮਰਹੂਮ) ਸੁਸ਼ਮਾ ਸਵਰਾਜ ਵੇਲੇ ਆਇਆ ਹੁੰਦਾ ਤਾਂ ਆਪਣੇ ਗ਼ਰੀਬ ਅਤੇ ਗ਼ੈਰ-ਹੁਨਰਮੰਦ ਲੋਕਾਂ ਨੂੰ ਬਹੁਤ ਹੀ ਮੂਰਖਤਾਪੂਰਨ ਕਦਮ ਪੁੱਟਣ 'ਤੇ ਇੰਝ ਦੰਡਿਤ ਅਤੇ ਅਪਮਾਨਿਤ ਹੁੰਦਿਆਂ ਦੇਖ ਕੇ ਉਨ੍ਹਾਂ ਕੀ ਆਖਣਾ ਸੀ?

ਬੀਬੀ ਸੁਸ਼ਮਾ ਨੇ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਨਾਢੂ ਖਾਂ ਅਫਸਰਾਂ ਦੀ ਜ਼ਮੀਰ ਨੂੰ ਹਲੂਣਦਿਆਂ ਦੁਨੀਆ ਭਰ ਵਿੱਚ ਫੈਲੇ ਆਪਣੇ ਮਿਹਨਤਕਸ਼ ਕਾਮਿਆਂ ਪ੍ਰਤੀ ਹਮਦਰਦੀ ਨਾਲ ਪੇਸ਼ ਆਉਣ ਲਈ ਮਜਬੂਰ ਕਰਨਾ ਸੀ। ਪਰਵਾਸੀਆਂ ਦੀ ਰਾਖੀ ਲਈ ਸੁਧਾਰਾਂ ਦੇ ਹੁਕਮ ਦਿੱਤੇ ਜਾਣੇ ਸਨ, ਵਿਦੇਸ਼ ਵਿੱਚ ਕੰਮ ਕਰਨ ਦੇ ਚਾਹਵਾਨਾਂ ਲਈ ਕਾਨੂੰਨ ਸਖ਼ਤ ਕੀਤੇ ਜਾਂਦੇ, ਇਮੀਗ੍ਰੇਸ਼ਨ ਏਜੰਟਾਂ ਨੂੰ ਵਾਹਣੀਂ ਪਾਇਆ ਹੋਣਾ ਸੀ। ਐਸਾ ਨਹੀਂ ਕਿ ਉਹ ਸਮੁੱਚੇ ਨਿਜ਼ਾਮ ਦੀ ਸਫ਼ਾਈ ਕਰ ਦਿੰਦੀ ਪਰ ਉਸ ਨੇ ਯਤਨ ਜ਼ਰੂਰ ਕਰਨੇ ਸਨ। ਉਸ ਨੂੰ ਪਤਾ ਹੋਣਾ ਸੀ ਕਿ ਉਸ ਦੇ ਹਮਵਤਨ ਬਹੁਤੀ ਵਾਰ ਵਿਦੇਸ਼ੀ ਕਾਨੂੰਨ ਤੋਂ ਗ਼ਲਤ ਪਾਸੇ ਖੜ੍ਹੇ ਹੁੰਦੇ ਹਨ, ਫਿਰ ਵੀ ਉਸ ਨੇ ਉਨ੍ਹਾਂ ਖਾਤਿਰ ਹਮਦਰਦੀ ਦੇ ਬੋਲ ਆਖਣੇ ਸਨ ਤੇ ਜਦੋਂ ਨੇਮ ਤੋੜਨ 'ਤੇ ਉਹ ਫੜੇ ਜਾਂਦੇ ਤਾਂ ਉਸ ਨੇ ਉਨ੍ਹਾਂ ਦੇ ਹੰਝੂ ਪੂੰਝਣ ਲਈ ਹੱਥ ਵਧਾਉਣੇ ਸਨ। ਇਸ ਸਮੇਂ ਮੋਦੀ ਸਰਕਾਰ ਇਨ੍ਹਾਂ ਬਦਕਿਸਮਤਾਂ ਨੂੰ ਨੇਮ ਪੜ੍ਹਾਉਣ ਡਹੀ ਹੈ। ਇਹੀ ਨਹੀਂ, ਵਿਦੇਸ਼ ਮਾਮਲਿਆਂ ਬਾਰੇ ਮੰਤਰਾਲਾ ਇਹ ਇਸ਼ਾਰੇ ਕਰ ਰਿਹਾ ਹੈ ਕਿ ਆਪਣਾ ਅਮਰੀਕੀ ਸੁਫਨਾ ਪੂਰਾ ਕਰਨ ਲਈ 45-45 ਲੱਖ ਰੁਪਏ ਖਰਚ ਕਰਨ ਵਾਲੇ ਇਹ ਪੰਜਾਬੀ ਅਸਲ ਵਿੱਚ ਗ਼ਰੀਬ ਨਹੀਂ ਹਨ। ਬੇਸ਼ੱਕ, ਮੰਤਰਾਲਾ ਸਹੀ ਹੈ। ਇਨ੍ਹਾਂ 104 ਮਰਦਾਂ ਤੇ ਔਰਤਾਂ ਨੇ ਜਾਣਦਿਆਂ ਹੋਇਆਂ ਹੀ ਇੱਕ ਪਾਸੇ ਦੀ ਅਮਰੀਕੀ ਟਿਕਟ ਖਰੀਦੀ ਸੀ ਤੇ ਉਹ ਇਹ ਵੀ ਜਾਣਦੇ ਸਨ ਕਿ 'ਡੰਕੀ' ਰੂਟ ਕਿਹੋ ਜਿਹਾ ਹੁੰਦਾ ਹੈ, ਫਿਰ ਵੀ ਉਹ ਤੁਰ ਪਏ ਸਨ। ਸਮੱਸਿਆ ਇਹ ਹੈ ਕਿ ਜੇ ਮੌਕਾ ਮਿਲਿਆ ਤਾਂ ਉਹ ਫਿਰ ਚਲੇ ਜਾਣਗੇ ਕਿਉਂਕਿ ਉਨ੍ਹਾਂ ਪਰਿਵਾਰਾਂ ਸਿਰ ਚੜ੍ਹਿਆ ਕਰਜ਼ਾ ਲਾਹੁਣ ਦਾ ਹੋਰ ਕੋਈ ਚਾਰਾ ਨਹੀਂ ਹੈ ਜਿਹੜਾ ਉਨ੍ਹਾਂ ਅਮਰੀਕਾ ਪਹੁੰਚਣ ਲਈ ਚੁੱਕਿਆ ਸੀ।

ਚਲੋ ਹੁਣ ਵਾਪਸ ਮੋਦੀ ਤੇ ਟਰੰਪ ਅਤੇ ਭਾਰਤ ਤੇ ਅਮਰੀਕਾ ਰਿਸ਼ਤਿਆਂ ਦੀ ਅਹਿਮੀਅਤ 'ਤੇ ਆਉਂਦੇ ਹਾਂ। ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰਪਤੀ ਟਰੰਪ ਨਾਲ ਛੇਤੀ ਨੇੜਤਾ ਬਣਾਉਣ ਦੀ ਉਤਸੁਕਤਾ ਤੋਂ ਇਲਾਵਾ ਵੀ ਤੱਥ ਇਹ ਹੈ ਕਿ ਦੋਹਾਂ ਦੇਸ਼ਾਂ ਨੇ ਇੱਕ ਦੂਜੇ ਅੰਦਰ ਕਾਫ਼ੀ ਤੇਜ਼ੀ ਨਾਲ ਨਿਵੇਸ਼ ਕੀਤਾ ਹੈ। ਸੂਹੀਆ ਵਟਾਂਦਰੇ ਤੋਂ ਲੈ ਕੇ ਰੱਖਿਆ ਅਤੇ ਤਕਨਾਲੋਜੀ ਭਿਆਲੀਆਂ ਤੱਕ ਪਿਛਲੇ 25 ਸਾਲਾਂ ਤੋਂ ਸਹੀਬੰਦ ਕੀਤੇ ਗਏ ਜੀਸੋਮੀਆ, ਲੈਮੋਆ, ਕੌਮਕਾਸਾ, ਬੈਕਾ ਜਿਹੇ ਫ਼ੌਜੀ ਮੁਆਹਦਿਆਂ ਦੀ ਵਰਣਮਾਲਾ ਜ਼ਰੀਏ ਭਾਰਤ ਅਮਰੀਕਾ ਨਾਲ ਐਨਾ ਨੇੜ੍ਹਿ ' ਜੁੜ ਚੁੱਕਿਆ ਹੈ ਕਿ ਹੁਣ ਇਸ ਨੂੰ 'ਗ਼ੈਰ-ਰਸਮੀ ਭਿਆਲ' ਆਖਣਾ ਕੁਥਾਂ ਨਹੀਂ ਹੋਵੇਗਾ।

ਅਮਰੀਕਾ ਵਿੱਚ ਭਾਰਤੀ ਮੂਲ ਦੇ ਕਰੀਬ 50 ਲੱਖ ਨਾਗਰਿਕ ਹਨ ਜੋ ਪ੍ਰਭਾਵਸ਼ਾਲੀ ਸਮੂਹ ਹੈ। ਅਸੀਂ ਉਨ੍ਹਾਂ ਸਾਰਿਆਂ ਨੂੰ ਲੈ ਕੇ ਖੁਸ਼ੀ ਮਨਾਉਂਦੇ ਹਾਂ। ਅਸੀਂ ਸੁੰਦਰ ਪਿਚਾਈ, ਸਤਿਆ ਨਡੇਲਾ, ਇੰਦਰਾ ਨੂਈ ਅਤੇ ਅਜੈ ਬੰਗਾ ਦੀਆਂ ਪ੍ਰਾਪਤੀਆਂ ਦੀਆਂ ਸਿਫ਼ਤਾਂ ਕਰਦੇ ਨਹੀਂ ਥੱਕਦੇ ਜਿਵੇਂ ਉਹ ਸਾਡੇ ਹੀ ਪਰਿਵਾਰ ਦਾ ਹਿੱਸਾ ਹੋਣ ਪਰ ਜਦੋਂ ਦੋਆਬੇ ਦੇ ਪੰਜਾਬੀ, ਕੈਥਲ ਦੇ ਹਰਿਆਣਵੀ ਅਤੇ ਗਾਂਧੀਨਗਰ ਦੇ ਗੁਜਰਾਤੀ ਸਾਰੇ ਇਕੱਠੇ ਹੱਥਕੜੀਆਂ ਵਿੱਚ ਜਾਂਦੇ ਨਜ਼ਰ ਆਉਂਦੇ ਹਨ ਤਾਂ ਇਹ ਸੋਹਣੀ ਤਸਵੀਰ ਤਿੜਕ ਜਾਂਦੀ ਹੈ। ਸਭ ਤੋਂ ਮਾੜੀ ਗੱਲ ਇਹ ਹੈ ਕਿ ਉਨ੍ਹਾਂ ਦੇ ਆਪਣੇ ਪਰਿਵਾਰਾਂ ਤੋਂ ਇਲਾਵਾ ਉਨ੍ਹਾਂ ਨੂੰ ਗਲ ਨਾਲ ਲਾਉਣ ਲਈ ਹੋਰ ਕੋਈ ਵੀ ਅੱਗੇ ਨਹੀਂ ਆਉਂਦਾ, ਜਿਵੇਂ ਉਹ ਕਿਸੇ ਪਰਾਏ ਮੁਲਕ ਤੋਂ ਆਏ ਬੇਗਾਨੇ ਲੋਕ ਬਣ ਗਏ ਹਨ।

# ਨਾਬਾਲਗਾਂ ਬੱਚਿਆਂ ਨੂੰ ਅਪਰਾਧਾਂ ਤੋਂ ਬਚਾਉਣਾ ਜਰੂਰੀ

ਅਪਰਾਧਕ ਮਾਮਲਿਆਂ 'ਚ ਬਹੁਤੀ ਵਾਰ ਅਜਿਹੇ ਮੁਲਜ਼ਮ ਕਾਬੂ ਆ ਜਾਂਦੇ ਹਨ ਜਿਨ੍ਹਾਂ ਵਿਚ ਜਾਂਚ ਦੌਰਾਨ ਬਹੁਤੇ ਨਾਬਾਲਗ ਹੁੰਦੇ ਹਨ। ਨਾਬਾਲਗ ਅਪਰਾਧੀਆਂ ਲਈ ਜੁਵੇਨਾਈਲ ਕੋਰਟਾਂ ਦਾ ਪ੍ਰਬੰਧ ਹੈ ਤੇ ਇਨ੍ਹਾਂ ਨੂੰ ਵਿਸ਼ੇਸ਼ ਨਿਗਰਾਨੀ ਹੇਠ ਸੁਧਰਨ ਦਾ ਮੌਕਾ ਮਿਲਦਾ ਹੈ। ਨਾਬਾਲਗਾਂ ਵੱਲੋਂ ਕੀਤੇ ਗਏ ਕਈ ਅਪਰਾਧ ਅਜਿਹੇ ਵੀ ਸਾਹਮਣੇ ਆਏ ਹਨ ਜੋ ਕਿਸੇ ਵੀ ਕੀਮਤ 'ਤੇ ਮਾਫ਼ੀ ਦੇ ਲਾਇਕ ਨਹੀਂ। ਇਸੇ ਕੜੀ ਵਿਚ ਜਲੰਧਰ ਤੋਂ ਸਾਹਮਣੇ ਆਇਆ ਮਾਮਲਾ ਹੈਰਾਨ ਅਤੇ ਪਰੇਸ਼ਾਨ ਕਰਨ ਵਾਲਾ ਹੈ। ਇੱਥੇ ਇਕ 10 ਸਾਲਾ ਲੜਕੇ ਨੂੰ ਪਿਸਤੌਲਾਂ ਦੀ ਸਪਲਾਈ ਦੇਣ ਜਾਂਦਿਆਂ ਗ੍ਰਿਫ਼ਤਾਰ ਕੀਤਾ ਗਿਆ ਹੈ। ਹਥਿਆਰਾਂ ਨਾਲ ਫੜਿਆ ਗਿਆ ਇਹ ਬੱਚਾ ਸ਼ਹਿਰ ਦੀ ਘਾਹ ਮੰਡੀ ਵਿਚ ਕਿਸੇ ਨੂੰ ਸਪਲਾਈ ਦੇਣ ਲਈ ਉਡੀਕ ਕਰ ਰਿਹਾ ਸੀ। ਉਸ ਕੋਲੋਂ 10 ਦੇਸੀ ਪਿਸਤੌਲਾਂ (ਕੱਟੇ), ਇਕ ਲੋਹੇ ਦੀ ਕਟਿੰਗ ਮਸ਼ੀਨ, ਇਕ ਡਰਿੱਲ ਮਸ਼ੀਨ, ਪਿਸਤੌਲ ਬਣਾਉਣ 'ਚ ਵਰਤੇ ਜਾਣ ਵਾਲੇ ਕਈ ਸੰਦ ਤੇ ਬਿਨਾਂ ਨੰਬਰ ਪਲੇਟ ਵਾਲੀ ਇਕ ਸਕੂਟਰੀ ਵੀ ਮਿਲੀ ਹੈ। ਫ਼ਿਲਹਾਲ ਇਹ ਗੱਲ ਸਾਹਮਣੇ ਆਈ ਹੈ ਕਿ ਲੜਕੇ ਨੇ ਪਿਸਤੌਲ ਬਣਾਉਣ ਦੀ ਸਿਖਲਾਈ ਆਨਲਾਈਨ ਲਈ ਸੀ। ਇਹ ਕੋਈ ਪਹਿਲਾ ਮਾਮਲਾ ਨਹੀਂ ਹੈ।

ਪਿਛਲੇ ਸਾਲ ਬਿਹਾਰ 'ਚ ਅਜਿਹਾ ਹੀ ਇਕ ਮਾਮਲਾ ਸਾਹਮਣੇ ਆਇਆ ਸੀ ਜਿੱਥੇ ਮੁਜ਼ੱਫਰਪੁਰ ਜ਼ਿਲ੍ਹੇ 'ਚ 7 ਤੋਂ 12 ਸਾਲ ਦੀ ਉਮਰ ਦੇ 5 ਛੋਟੇ ਬੱਚੇ ਯੂ-ਟਿਊਬ 'ਤੇ ਵੀਡੀਓ ਦੇਖ ਕੇ ਬੰਬ ਬਣਾਉਣ ਦੀ ਸਿਖਲਾਈ ਲੈ ਰਹੇ ਸਨ। ਇਸ ਗੱਲ ਦਾ ਖ਼ੁਲਾਸਾ ਉਦੋਂ ਹੋਇਆ ਜਦੋਂ ਇਕ ਧਮਾਕੇ ਵਿਚ ਇਹ ਸਾਰੇ ਗੰਭੀਰ ਜ਼ਖਮੀ ਹੋ ਗਏ। ਇਸ ਨਾਲ ਜੁੜਿਆ ਇਕ ਵੀਡੀਓ ਵੀ ਖ਼ੂਬ ਵਾਇਰਲ ਹੋਇਆ ਸੀ। ਇਸ ਤੋਂ ਇਲਾਵਾ ਨਾਬਾਲਗਾਂ ਨੂੰ ਅਪਰਾਧਕ ਕਾਰਵਾਈਆਂ




ਲਈ ਵਰਤਣ ਸਬੰਧੀ ਇਕ ਮਾਮਲੇ 'ਚ ਇਹ ਗੱਲ ਸਾਹਮਣੇ ਆਈ ਸੀ ਕਿ ਧਰਮ ਪਰਿਵਰਤਨ ਦੇ ਮਾਮਲੇ 'ਚ ਉੱਤਰ ਪ੍ਰਦੇਸ਼ ਦੇ ਐਂਟੀ ਟੈਰੇਰਿਸਟ ਸਕੁਐਡ ਨੇ ਦਿੱਲੀ 'ਚ ਦੋ ਨੌਜਵਾਨਾਂ ਨੂੰ ਫੜ ਕੇ ਜਦੋਂ ਪੁੱਛਗਿੱਛ ਕੀਤੀ ਤਾਂ ਸਾਹਮਣੇ ਆਇਆ ਕਿ ਗੂੰਗੇ-ਬੋਲੇ ਬੱਚਿਆਂ ਨੂੰ ਮਨੁੱਖੀ ਬੰਬ ਬਣਾ ਕੇ ਵਰਤਣ ਲਈ ਵੱਡੇ ਪੱਧਰ 'ਤੇ ਰੈਕਟ ਚਲਾਇਆ ਜਾ ਰਿਹਾ ਹੈ।

ਇਸ ਕੰਮ ਲਈ ਵਿਦੇਸ਼ਾਂ ਤੋਂ ਫੰਡਿੰਗ ਵੀ ਆ ਰਹੀ ਹੈ ਤੇ ਇਸ ਪਿੱਛੇ ਪਾਕਿਸਤਾਨ ਸਣੇ ਇਕ ਹੋਰ ਦੇਸ਼ ਵੀ ਸ਼ਾਮਲ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਇਨ੍ਹਾਂ ਘਟਨਾਵਾਂ ਪਿੱਛੇ ਕੌਣ ਹੈ ਜੋ ਇਨ੍ਹਾਂ ਅੱਲ੍ਹੜ ਬਰੇਸ ਦੇ ਬੱਚਿਆਂ ਨੂੰ ਇਹੋ ਜਿਹੀਆਂ ਸਮਾਜ ਵਿਰੋਧੀ ਕਾਰਵਾਈਆਂ ਲਈ ਵਰਤ ਰਿਹਾ ਹੈ। ਅਸਲ ਵਿਚ ਨਾਬਾਲਗਾਂ 'ਤੇ ਛੇਤੀ ਸ਼ੱਕ ਨਹੀਂ ਹੁੰਦਾ ਤੇ ਅਪਰਾਧਕ ਗਤੀਵਿਧੀਆਂ 'ਚ ਸ਼ਾਮਲ ਲੋਕਾਂ ਲਈ ਇਨ੍ਹਾਂ ਨੂੰ ਵਰਤਣਾ ਸੌਖਾ ਹੁੰਦਾ ਹੈ।

ਦੂਜੇ ਪਾਸੇ ਕਈ ਹਾਲਾਤ 'ਚ ਇਨ੍ਹਾਂ ਬੱਚਿਆਂ ਦੇ ਮਾਪੇ ਆਰਥਿਕ ਪੱਖੋਂ ਇੰਨੇ ਸਮਰੱਥ ਨਹੀਂ ਹੁੰਦੇ ਕਿ ਆਪਣੇ ਬੱਚਿਆਂ ਦੇ ਵਿਕਾਸ ਲਈ ਉੱਦਮ ਕਰ ਸਕਣ। ਬੱਚੇ ਸਾਰਾ ਦਿਨ ਕੀ ਕਰਦੇ ਹਨ ਤੇ ਉਨ੍ਹਾਂ ਦੇ ਦਿਮਾਗ ਦਾ ਵਿਕਾਸ ਕਿਵੇਂ ਹੋ ਰਿਹਾ ਹੈ, ਕਈ ਵਾਰ ਇਸ ਗੱਲ ਦਾ ਵੀ ਇਲਮ ਨਹੀਂ ਹੁੰਦਾ। ਅਜਿਹੇ 'ਚ ਬੱਚੇ ਗ਼ਲਤ ਹੱਥਾਂ 'ਚ ਫਸ ਕੇ ਕਿਸੇ ਘਟਨਾ ਨੂੰ ਅੰਜਾਮ ਦੇ ਬਹਿੰਦੇ ਹਨ। ਸੋਸ਼ਲ ਮੀਡੀਆ ਦਾ ਦੁਨੀਆ 'ਤੇ ਇੰਨਾ ਪ੍ਰਭਾਵ ਹੈ ਕਿ ਮੋਬਾਈਲ 'ਤੇ ਹਰ ਕਿਸਮ ਦੀ ਜਾਣਕਾਰੀ ਮੌਜੂਦ ਹੈ।

ਕਿਸ ਜਾਣਕਾਰੀ ਨੂੰ ਕਿਵੇਂ ਵਰਤਣਾ ਹੈ, ਇਸ ਦਾ ਵੱਡਿਆਂ ਨੂੰ ਵੀ ਬਹੁਤੀ ਵਾਰ ਪਤਾ ਨਹੀਂ ਹੁੰਦਾ। ਯੂ-ਟਿਊਬ ਤੇ ਹੋਰ ਕਈ ਤਰ੍ਹਾਂ ਦੀਆਂ ਐਪਸ 'ਤੇ ਵੀ ਜਾਣਕਾਰੀਆਂ ਦੀ ਭਰਮਾਰ ਹੈ। ਮਾਪਿਆਂ ਦਾ ਫ਼ਰਜ਼ ਹੈ ਕਿ ਉਹ ਆਪਣੇ ਬੱਚਿਆਂ ਦੀ ਹਰ ਗਤੀਵਿਧੀ 'ਤੇ ਨਜ਼ਰ ਰੱਖਣ ਤੇ ਪੁਲਿਸ ਉਨ੍ਹਾਂ ਲੋਕਾਂ 'ਤੇ ਸਖ਼ਤੀ ਕਰੇ ਜੋ ਅਪਰਾਧਾਂ ਲਈ ਬੱਚਿਆਂ ਨੂੰ ਵਰਤਦੇ ਹਨ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

# ਕਿਸਾਨਾਂ ਦੀ ਹੋਂਦ ਦੀ ਸਾਰਥਿਕਤਾ ਅਤੇ ਕਰਜੇ ਦੇ ਸਵਾਲ



ਸੁੱਚਾ ਸਿੰਘ ਗਿੱਲ

ਕਿਸਾਨਾਂ ਦੀ ਹੋਂਦ ਦਾ ਮਾਮਲਾ ਮਹੱਤਵਪੂਰਣ ਬਣ ਗਿਆ ਹੈ। ਦੁਨੀਆ ਵਿੱਚ ਸਰਮਾਏਦਾਰੀ ਭਾਰੂ ਹੋਣ ਤੋਂ ਬਾਅਦ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਕਰਨ ਦੀ ਪ੍ਰਕਿਰਿਆ ਬੜੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਭਾਰਤ ਵਿੱਚ ਵੀ ਇਹ ਸਿਲਸਿਲਾ ਤੇਜ਼ੀ ਨਾਲ ਜ਼ੋਰ ਫੜ ਰਿਹਾ ਹੈ। ਬਹੁਤੇ ਕਿਸਾਨ ਸਰਮਾਏਦਾਰੀ ਦੀ ਪ੍ਰਕਿਰਿਆ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਰਹੇ ਅਤੇ ਕੁਝ ਚੁੱਪਚਾਪ ਆਤਮ-ਹੱਤਿਆ ਦੇ ਰਾਹ ਪੈ ਗਏ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ, 1995 ਤੋਂ 2022-23 ਤੱਕ 4.5 ਲੱਖ ਕਿਸਾਨ ਆਤਮ-ਹੱਤਿਆ ਦੇ ਸ਼ਿਕਾਰ ਹੋ ਚੁੱਕੇ ਸਨ। ਕਾਫੀ ਵੱਡੀ ਗਿਣਤੀ ਵਿੱਚ ਕਿਸਾਨ ਆਪਣੇ ਕਿੱਤੇ ਵਿੱਚ ਔਖੇ ਹੋਣ ਦੇ ਬਾਵਜੂਦ ਲੱਗੇ ਹੋਏ ਹਨ ਅਤੇ ਚੇਤਨ ਵਰਗ ਆਪਣੀ ਹੋਂਦ ਬਚਾਉਣ ਵਾਸਤੇ ਸੰਘਰਸ਼ ਕਰ ਰਿਹਾ ਹੈ।



ਕਿਸਾਨਾਂ ਦੀ ਹੋਂਦ ਖ਼ਤਮ ਕਰਨ ਦੀ ਪ੍ਰਕਿਰਿਆ ਬਰਤਾਨੀਆ ਵਿੱਚ ਉਦਯੋਗਕ ਕ੍ਰਾਂਤੀ (18ਵੀਂ ਸਦੀ ਮੱਧ ਤੋਂ ਬਾਅਦ) ਆਉਣ ਨਾਲ ਖੇਤੀ ਦੇ ਵਪਾਰੀਕਰਨ ਤੋਂ ਸ਼ੁਰੂ ਹੁੰਦੀ ਹੈ। ਗਰਮ ਕੱਪੜੇ ਦੇ ਕਾਰਖਾਨੇ ਲੱਗਣ ਨਾਲ ਉੱਨ ਦੀ ਮੰਗ ਕਾਫ਼ੀ ਵਧ ਗਈ। ਜ਼ਿਮੀਦਾਰਾਂ ਨੇ ਕਿਸਾਨਾਂ/ਮੁਜ਼ਾਰਿਆਂ ਨੂੰ ਖੇਤੀ ਦੇ ਕੰਮ ਵਿੱਚੋਂ ਬਾਹਰ ਕਰ ਕੇ ਭੇਡਾਂ ਪਾਲਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਕਿਸਾਨ ਖੇਤੀ ਤੋਂ ਬਾਹਰ ਹੋ ਗਏ ਤਾਂ ਉਹ ਰੋਜ਼ੀ ਰੋਟੀ ਲਈ ਕਾਰਖਾਨਿਆਂ ਵਿੱਚ ਮਜ਼ਦੂਰੀ ਕਰਨ ਲੱਗ ਪਏ। ਇਸ ਵਰਤਾਰੇ ਬਾਰੇ ਇਹ ਧਾਰਨਾ ਪੈਦਾ ਹੋ ਗਈ ਕਿ 'ਭੇਡ ਕਿਸਾਨੀ ਨੂੰ ਖਾ ਗਈ'। ਯੂਰੋਪ, ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਜਾਪਾਨ ਵਿੱਚ ਉਦਯੋਗਕ ਵਿਕਾਸ ਨਾਲ ਕਿਸਾਨਾਂ ਦੀ ਗਿਣਤੀ ਕਾਫੀ ਘਟਣ ਲੱਗ ਪਈ ਅਤੇ ਹੁਣ ਨਾਂਹ ਦੇ ਬਰਾਬਰ ਹੈ। ਪ੍ਰਸਿੱਧ ਇਤਿਹਾਸਕਾਰ ਐਰਿਕ ਹਾਬਸਬਾਮ ਨੇ ਆਪਣੀ ਕਿਤਾਬ 'ਅਤਿ ਦਾ ਯੁੱਗ: 1914-91 (Age of Extreme: 1914-91) ਵਿੱਚ 'ਕਿਸਾਨੀ ਦੀ ਮੌਤ' ਬਾਰੇ ਲਿਖਿਆ ਹੈ। ਉਸ ਅਨੁਸਾਰ, ਵੀਹਵੀਂ ਸਦੀ ਦੇ 80ਵੇਂ ਦਹਾਕੇ ਤੱਕ ਦੁਨੀਆ ਦੇ ਵੱਡੇ ਹਿੱਸੇ ਵਿੱਚ 'ਕਿਸਾਨੀ ਦੀ ਮੌਤ' ਹੋ ਚੁੱਕੀ ਸੀ। ਫੂਡ ਅਤੇ ਖੇਤੀ ਸੰਸਥਾ (FAO) ਅਨੁਸਾਰ ਯੂਰੋਪ, ਉੱਤਰੀ ਤੇ ਦੱਖਣੀ ਅਮਰੀਕਾ, ਆਸਟਰੇਲੀਆ (ਨਿਊਜ਼ੀਲੈਂਡ ਸਮੇਤ) ਅਤੇ ਜਪਾਨ ਵਿੱਚ ਕਿਸਾਨੀ ਦਾ ਭੋਗ ਪੈ ਚੁੱਕਾ ਹੈ। ਇਨ੍ਹਾਂ ਇਲਾਕਿਆਂ ਵਿੱਚ ਕਿਸਾਨ ਅਤੇ ਖੇਤ ਮਜ਼ਦੂਰ ਕੁੱਲ ਕਿਰਤੀਆਂ ਦਾ 5%-9.5% ਰਹਿ ਗਏ ਹਨ। ਵਿਸ਼ਵ ਵਿੱਚ 1980ਵਿਆਂ ਤੱਕ ਕਿਸਾਨਾਂ ਦੇ ਵਧੇਰੇ ਗਿਣਤੀ ਵਾਲੇ ਕੇਵਲ ਤਿੰਨ ਖੇਤਰ ਹੀ ਬਚੇ ਸਨ। ਇਹ ਖੇਤਰ ਸਨ: ਸਬ-ਸਹਾਰਾ ਅਫਰੀਕਾ, ਦੱਖਣੀ ਅਤੇ ਦੱਖਣੀ ਪੂਰਬੀ ਏਸ਼ੀਆ ਅਤੇ ਚੀਨ। ਭਾਰਤ ਉਨ੍ਹਾਂ ਇਲਾਕਿਆਂ ਵਿੱਚ ਸ਼ਾਮਲ ਹੈ ਜਿਥੇ ਖੇਤੀ ਵਿੱਚ ਸਭ ਤੋਂ ਵੱਧ ਲੋਕ ਲੱਗੇ ਹੋਏ ਹਨ। ਜੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਇਕੱਠਿਆਂ ਰੱਖ ਕੇ ਦੇਖਿਆ ਜਾਵੇ ਤਾਂ 2018-19 ਵਿੱਚ ਦੇਸ਼ ਦਾ 42.45% ਰੁਜ਼ਗਾਰ ਖੇਤੀ ਖੇਤਰ ਵਿੱਚ ਹੀ ਸੀ। ਇਨ੍ਹਾਂ ਵਿੱਚੋਂ ਜ਼ਿਆਦਾ ਗਿਣਤੀ ਕਿਸਾਨਾਂ (10.20 ਕਰੋੜ) ਦੀ ਸੀ। ਕਿਸਾਨਾਂ ਵਿੱਚ 72.6% ਸੀਮਾਂਤ ਅਤੇ 16।4% ਛੋਟੇ ਕਾਸ਼ਤਕਾਰ ਸਨ। ਬਹੁਤ ਵੱਡੇ ਕਿਸਾਨ (25 ਏਕੜ ਤੋਂ ਵੱਧ) ਸਿਰਫ਼ 0.3% ਹੀ ਸਨ। ਸੀਮਾਂਤ ਅਤੇ ਛੋਟੇ ਕਾਸ਼ਤਕਾਰ ਬਹੁਤ ਹੀ ਸੰਕਟ ਗ੍ਰਸਤ ਹਨ ਅਤੇ ਕਰਜ਼ੇ ਦੇ ਜਾਲ ਵਿੱਚ ਫਸੇ ਹੋਏ ਹਨ। ਇਨ੍ਹਾਂ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਨੈਸ਼ਨਲ ਸੈਂਪਲ ਸਰਵੇ ਰਿਪੋਰਟ (2002) ਅਨੁਸਾਰ, 40% ਕਿਸਾਨਾਂ ਨੇ ਖੇਤੀਬਾੜੀ ਲਾਹੇਵੰਦ ਧੰਦਾ ਨਾ ਹੋਣ ਕਾਰਨ ਖੇਤੀ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਸੀ ਪਰ ਦੇਸ਼ ਵਿੱਚ ਰੁਜ਼ਗਾਰ ਦੀ ਕਮੀ ਕਾਰਨ ਉਹ ਖੇਤੀ ਵਿੱਚ ਹੀ ਫ਼ਸੇ ਹੋਏ ਹਨ।

ਆਰਥਿਕ ਸਿਧਾਂਤਕਾਰਾਂ ਦਾ ਕਹਿਣਾ ਹੈ ਕਿ ਸਰਮਾਏਦਾਰਾ ਦੌਰ ਵਿੱਚ ਪੂੰਜੀ ਨਿਵੇਸ਼, ਤਕਨੀਕੀ ਵਿਕਾਸ, ਖੋਜਾਂ ਅਤੇ ਵਸਤਾਂ ਦੀ ਮੰਗ ਪਹਿਲਾਂ ਉਦਯੋਗਾਂ ਵੱਲ ਜਾਂਦੀ ਹੈ। ਬਾਅਦ ਵਿੱਚ ਇਨ੍ਹਾਂ ਦਾ ਰੁਝਾਨ ਸੇਵਾਵਾਂ ਵੱਲ ਹੋ ਜਾਂਦਾ ਹੈ। ਖੇਤੀ ਵਿੱਚੋਂ ਨਿਕਲ ਕੇ ਸਰਮਾਇਆ ਅਤੇ ਕਿਸਾਨ ਪਹਿਲਾਂ ਉਦਯੋਗਾਂ ਵਿੱਚ ਅਤੇ ਫਿਰ ਸੇਵਾਵਾਂ ਵੱਲ ਜਾਂਦੇ ਹਨ। ਇਸ ਸਬੰਧੀ ਸਰਕਾਰਾਂ ਆਪਣੀਆਂ ਆਰਥਿਕ ਨੀਤੀਆਂ ਬੜੀ ਸ਼ਿੱਦਤ ਨਾਲ ਖੇਤੀ ਦੇ ਖਿਲਾਫ ਅਤੇ ਉਦਯੋਗਾਂ ਤੇ ਵਪਾਰਿਕ ਅਦਾਰਿਆਂ ਦੇ ਹੱਕ ਵਿੱਚ ਕਰ ਕੇ, ਕਿਸਾਨਾਂ ਦੀ ਹੋਂਦ ਵਾਸਤੇ ਖ਼ਤਰੇ ਪੈਦਾ ਕਰ ਦਿੰਦੀਆਂ ਹਨ। ਜਦੋਂ ਅਮਰੀਕਾ ਅਤੇ ਕੈਨੇਡਾ ਵਿੱਚ ਕਿਸਾਨਾਂ ਦੀ ਗਿਣਤੀ ਬਹੁਤ ਸੁੰਗੜ ਗਈ ਹੈ (ਇਕ ਪ੍ਰਤੀਸ਼ਤ ਦੇ ਕਰੀਬ) ਤਾਂ ਵੱਡੇ ਕਾਰੋਬਾਰੀ ਲੱਖਾਂ ਏਕੜ ਜ਼ਮੀਨ ਖਰੀਦ ਕੇ ਉਹ ਜ਼ਮੀਨ ਅਤੇ ਅਨਾਜ ਦੀ ਪੈਦਾਵਾਰ ਆਪਣੇ ਕਬਜ਼ੇ ਵਿੱਚ ਕਰਨਾ ਚਾਹੁੰਦੇ ਹਨ।

ਵਿਕਸਤ ਦੇਸ਼ਾਂ ਵਿੱਚ ਜਦੋਂ ਆਰਥਿਕ ਤਬਦੀਲੀ ਦਾ ਦੌਰ ਚੱਲਿਆ ਸੀ, ਉਸ ਸਮੇਂ ਉਦਯੋਗਕ ਇਕਾਈਆਂ ਅਤੇ ਕਾਰਖਾਨਿਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਸੀ। ਉਦਯੋਗਕ ਖੇਤਰ ਵਿੱਚ ਰੁਜ਼ਗਾਰ ਵੀ ਤੇਜ਼ੀ ਨਾਲ ਵਧ ਰਿਹਾ ਸੀ ਪਰ ਹੁਣ ਦੇ ਦੌਰ ਵਿੱਚ ਆਰਥਿਕ ਤਰੱਕੀ ਨਾਲ ਰੁਜ਼ਗਾਰ ਨਹੀਂ ਵਧ ਰਿਹਾ। ਭਾਰਤ ਦੀ ਗੱਲ ਕਰੀਏ ਤਾਂ ਦੇਸ਼ ਵਿੱਚ ਰੁਜ਼ਗਾਰ ਰਹਿਤ 'ਆਰਥਿਕ ਵਿਕਾਸ ਅਤੇ ਤਬਦੀਲੀ' ਹੋ ਰਹੇ ਹਨ। ਇਸ ਬਾਰੇ ਇੰਸਟੀਚਿਊਟ ਆਫ ਹਿਊਮੈਨ ਡਿਵੈਲਪਮੈਂਟ ਅਤੇ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ ਦਿੱਲੀ ਦੀ ਰਿਪੋਰਟ (2024) ਵਿੱਚ ਬੇਰੁਜ਼ਗਾਰੀ ਦੇ ਅੰਕੜੇ ਪੇਸ਼ ਕੀਤੇ ਗਏ ਹਨ। ਦੇਸ਼ ਵਿੱਚ ਆਮ ਬੇਰੁਜ਼ਗਾਰੀ ਦੀ ਦਰ 2019 ਵਿੱਚ 5.8% ਸੀ ਜਿਹੜੀ 2022 ਵਿੱਚ 4.1% ਰਹਿ ਗਈ ਸੀ ਪਰ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 2022 ਵਿੱਚ 22% ਰਿਕਾਰਡ ਕੀਤੀ ਗਈ। ਦੇਸ਼ ਵਿੱਚ ਆਰਥਿਕ ਵਿਕਾਸ ਨਾਲ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ। ਉਤਪਾਦਨ ਦੇ ਵੱਖ-ਵੱਖ ਸੈਕਟਰਾਂ ਵਿੱਚ ਕਿਰਤੀਆਂ ਨੂੰ ਤੇਜ਼ੀ ਨਾਲ ਬਾਹਰ ਕੱਢਣ ਵਾਲੀ ਤਕਨਾਲੋਜੀ (ਮਸ਼ੀਨਾਂ) ਵਰਤੀ ਜਾ ਰਹੀ ਹੈ। ਉਤਪਾਦਨ ਵਿੱਚ ਕੰਪਿਊਟਰਾਂ, ਆਟੋਮੈਟਿਕ ਮਸ਼ੀਨਾਂ ਅਤੇ ਆਰਟੀਫਿਸ਼ਲ ਇੰਟੈਲੀਜੈਂਸ ਦੀ ਵਰਤੋਂ ਨੇ ਸਾਰੀ ਦੁਨੀਆ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਵਧਾ ਦਿੱਤੀ ਹੈ। ਐਸੇ ਸਮੇਂ ਖੇਤੀ ਵਿੱਚੋਂ ਕਿਸਾਨਾਂ ਨੂੰ ਬਾਹਰ ਕੱਢਣ ਬਾਰੇ ਸੋਚਿਆ ਨਹੀਂ ਜਾ ਸਕਦਾ। ਜੇ 10.20 ਕਰੋੜ ਕਿਸਾਨਾਂ ਵਿੱਚੋਂ 10% ਕਿਸਾਨ ਵੀ ਅਗਲੇ ਸਾਲਾਂ ਵਿੱਚ ਬਾਹਰ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਰੁਜ਼ਗਾਰ ਕਿਥੇ ਦਿੱਤਾ ਜਾਵੇਗਾ? ਇਹ ਅਹਿਮ ਸਵਾਲ ਹੈ। ਇਸ ਬਾਰੇ ਸਰਕਾਰ ਕੋਲ ਕੋਈ ਯੋਜਨਾ ਨਹੀਂ ਅਤੇ ਨਾ ਹੀ ਸਮਰੱਥਾ ਹੈ। ਇਸ ਨਾਲ ਖੇਤੀ ਵਿੱਚੋਂ ਬਾਹਰ ਹੋਏ ਪਰਿਵਾਰਾਂ 'ਤੇ ਰੋਜ਼ੀ ਰੋਟੀ ਦਾ ਪਹਾੜ ਟੁੱਟ ਪਵੇਗਾ ਅਤੇ ਦੇਸ਼ ਵਿੱਚ ਹਾਹਾਕਾਰ ਮੱਚ ਜਾਵੇਗੀ। ਇਸ ਤੋਂ ਬਚਣ ਵਾਸਤੇ ਜ਼ਰੂਰੀ ਹੈ ਕਿ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਖੇਤੀ ਨੂੰ ਲਾਹੇਵੰਦ ਬਣਾਇਆ ਜਾਵੇ। ਇਸ ਸਬੰਧੀ ਵਿਆਪਕ ਯੋਜਨਾ ਤਹਿਤ ਖੇਤੀ ਖੇਤਰ ਦੇ ਗੈਰ-ਖੇਤੀਬਾੜੀ ਖੇਤਰ ਨਾਲ ਸਬੰਧਿਤ ਵਪਾਰਕ ਸ਼ਰਤਾਂ ਠੀਕ ਕੀਤੀਆਂ ਜਾ ਸਕਦੀਆਂ ਹਨ। ਇਸ ਵਿੱਚ ਖੇਤੀ ਖੇਤਰ ਦੀਆਂ ਸਾਰੀਆਂ ਫਸਲਾਂ ਦੇ ਭਾਅ ਠੀਕ ਫਾਰਮੂਲੇ ਨਾਲ ਤੈਅ ਕੀਤੇ ਜਾਣ ਅਤੇ ਕਿਸਾਨਾਂ ਨੂੰ ਇਸ ਦਾ ਫਾਇਦਾ ਹੋਵੇ। ਇਹ ਤਾਂ ਹੀ ਸੰਭਵ ਹੈ ਜੇਕਰ ਸਰਕਾਰ ਦੇ ਐਲਾਨੇ ਭਾਅ ਕਿਸਾਨਾਂ ਨੂੰ ਦੇਣ ਵਾਸਤੇ ਕਾਨੂੰਨੀ ਗਰੰਟੀ ਹੋਵੇ। ਕਾਰਪੋਰੇਟ ਘਰਾਣਿਆਂ ਨੂੰ ਸਬਸਿਡੀਆਂ ਅਤੇ ਰਿਆਇਤਾਂ ਦੇਣ ਦੀ ਬਜਾਇ ਸਰਕਾਰ ਕਿਸਾਨਾਂ ਨੂੰ ਸਹੂਲਤਾਂ ਦੇਣ ਵਾਲੀਆਂ ਨੀਤੀਆਂ ਵੱਲ ਧਿਆਨ ਦੇਵੇ। ਖੇਤੀ ਖੋਜ ਅਤੇ ਪ੍ਰਸਾਰ ਨੂੰ ਪਬਲਿਕ ਸੈਕਟਰ ਅਦਾਰਿਆਂ ਵਿੱਚ ਮਜ਼ਬੂਤ ਕਰ ਕੇ ਜਪਾਨ ਅਤੇ ਪੂਰਬੀ ਏਸ਼ਿਆਈ ਦੇਸ਼ਾਂ ਦੀ ਤਰਜ਼ 'ਤੇ ਛੋਟੀ ਕਿਸਾਨੀ/ਜੋਤਾਂ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ। ਕਿਸਾਨਾਂ ਦੇ ਸਮੂਹਾਂ ਨੂੰ ਕੋਆਪਰੇਟਿਵ, ਸਵੈ-ਸਹਾਇਤਾ ਗਰੁੱਪ, ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ ਜਾਂ ਕਿਸੇ ਹੋਰ ਨਾਮ ਹੇਠ ਜਥੇਬੰਦ ਕਰ ਕੇ ਖੇਤੀ ਦੀ ਮਾਰਕੀਟਿੰਗ, ਭੰਡਾਰੀਕਰਨ ਅਤੇ ਐਗਰੋ-ਪ੍ਰਾਸੈਸਿੰਗ ਦੇ ਕੰਮ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਨਾਲ ਛੋਟੇ ਕਿਸਾਨਾਂ/ਕਾਸ਼ਤਕਾਰਾਂ ਦੀ ਖੇਤੀ ਲਾਹੇਵੰਦ ਬਣਾਈ ਜਾ ਸਕਦਾ ਹੈ। ਇਉਂ ਪੇਂਡੂ ਮਜ਼ਦੂਰਾਂ ਅਤੇ ਨੌਜਵਾਨਾਂ ਵਾਸਤੇ ਰੁਜ਼ਗਾਰ ਵੀ ਪੈਦਾ ਕੀਤਾ ਜਾ ਸਕਦਾ ਹੈ।

ਕਾਰਪੋਰੇਟ ਘਰਾਣਿਆਂ ਦਾ ਦੇਸ਼ ਦੀ ਆਰਥਿਕਤਾ, ਮੀਡੀਆ ਅਤੇ ਪ੍ਰਸਾਰ ਸਾਧਨਾਂ 'ਤੇ ਕਬਜ਼ਾ ਵਧਣ ਤੋਂ ਬਾਅਦ ਜਮਹੂਰੀਅਤ ਨੂੰ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ। ਨਾਗਰਿਕਾਂ ਦੇ ਜਮਹੂਰੀ ਹੱਕ ਅਤੇ ਸ਼ਹਿਰੀ ਆਜ਼ਾਦੀਆਂ ਖੋਹੀਆਂ ਜਾ ਰਹੀਆਂ ਹਨ। ਕਿਸਾਨ ਅਤੇ ਕਿਰਤੀ ਜਥੇਬੰਦੀਆਂ ਕਮਜ਼ੋਰ ਕੀਤੀਆਂ ਜਾ ਰਹੀਆਂ ਹਨ। ਇਸ ਸੂਰਤ ਵਿੱਚ ਸਿਰਫ਼ ਉਹੀ ਨਾਗਰਿਕ ਜਦੋ-ਜਹਿਦ ਕਰ ਸਕਦੇ ਹਨ ਜਿਨ੍ਹਾਂ ਕੋਲ ਪੱਕੀਆਂ ਨੌਕਰੀਆਂ ਹਨ ਜਾਂ ਜਿਨ੍ਹਾਂ ਕੋਲ ਆਪਣੀ ਉਪਜੀਵਕਾ ਦੇ ਕੁਝ ਸਾਧਨ ਹਨ। ਇਸ ਵਰਗ ਵਿੱਚ ਕਿਸਾਨ ਦੇਸ਼ ਦੀ ਵੱਡੀ ਤਾਕਤ ਹਨ। ਇਹ ਤਾਕਤ ਕਾਰਪੋਰੇਟ ਘਰਾਣਿਆਂ ਦੀ ਏਕਾਧਿਕਾਰ/ਤਾਨਾਸ਼ਾਹ ਪ੍ਰਵਿਰਤੀ ਨੂੰ ਰੋਕਣ ਦੀ ਸਮਰੱਥਾ ਰੱਖਦੀ ਹੈ। ਦੇਸ਼ ਵਿੱਚ ਗਣਤੰਤਰ ਨੂੰ ਬਚਾਉਣ/ਸੰਵਿਧਾਨ ਦੀ ਪੁਨਰ-ਸੁਰਜੀਤੀ ਵਿੱਚ ਕਿਸਾਨ ਲਹਿਰ ਅਹਿਮ ਭੂਮਿਕਾ ਨਿਭਾ ਸਕਦੀ ਹੈ। ਪੱਛਮੀ ਦੇਸ਼ਾਂ ਦਾ ਤਜਰਬਾ ਦੱਸਦਾ ਹੈ ਕਿ ਕਿਸਾਨਾਂ ਨੂੰ ਹਾਸ਼ੀਏ 'ਤੇ ਕਰਨ ਤੋਂ ਬਾਅਦ ਇਕੱਲਾ ਮੱਧਵਰਗ, ਕਾਰ-ਪੋਰੇਟ ਘਰਾਣਿਆਂ ਤੋਂ ਜਮਹੂਰੀਅਤ 'ਤੇ ਹੋ ਰਹੇ ਵਾਰ ਰੋਕਣ ਵਿੱਚ ਅਸਮਰੱਥ ਸਾਬਤ ਹੋ ਰਿਹਾ ਹੈ। ਮੱਧਵਰਗ ਦੇ ਨਿੱਜਵਾਦ ਨੇ ਸਾਰੀ ਦੁਨੀਆ ਵਿੱਚ ਜਮਹੂਰੀ ਲਹਿਰ ਨੂੰ ਕਮਜ਼ੋਰ ਕੀਤਾ ਹੈ। ਜੇ ਭਾਰਤ ਵਿੱਚ ਆਜ਼ਾਦੀ ਤੋਂ ਬਾਅਦ ਬਣਾਏ ਸੰਵਿਧਾਨ ਅਤੇ ਜਮਹੂਰੀਅਤ ਨੂੰ ਬਚਾਉਣਾ ਹੈ ਤਾਂ ਮਜ਼ਬੂਤ ਕਿਸਾਨ ਲਹਿਰ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਅਜੋਕੇ ਦੌਰ ਵਿੱਚ ਵਾਤਾਵਰਨ ਦੇ ਸੰਕਟ ਨੇ ਮਨੁੱਖੀ ਹੋਂਦ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ। ਹਵਾ ਗੰਧਲੀ ਅਤੇ ਧਰਤੀ ਪਲੀਤ ਹੋ ਰਹੀ ਹੈ। ਧਰਤੀ ਉਪਰਲਾ ਪਾਣੀ ਗੰਧਲਾ ਅਤੇ ਹੇਠਲਾ ਖ਼ਤਮ ਹੋ ਰਿਹਾ ਹੈ। ਕਾਰਪੋਰੇਟ ਘਰਾਣੇ ਮੁਨਾਫ਼ੇ ਦੀ ਦੌੜ ਵਿੱਚ ਵਾਤਾਵਰਨ ਬਚਾਉਣ ਬਾਰੇ ਸੋਚਣ ਤੋਂ ਅਸਮਰੱਥ ਹਨ। ਉਹ ਜਲ, ਜੰਗਲ ਤੇ ਜ਼ਮੀਨ ਨੂੰ ਖਰਾਬ ਕਰਨ ਤੋਂ ਜ਼ਰਾ ਵੀ ਸੰਕੋਚ ਨਹੀਂ ਕਰਦੇ। ਉਹ ਜੈਨੇਟਿਕ ਵਿਧੀ ਵਰਤ ਕੇ ਅਨਾਜਾਂ ਦੀ ਪੈਦਾਵਾਰ ਵਿੱਚ ਸਿਹਤ ਨੂੰ ਖਰਾਬ ਕਰਨ ਵਾਲੇ ਖੇਤੀ ਪਦਾਰਥ ਪੈਦਾ ਕਰ ਰਹੇ ਹਨ। ਦੂਜੇ ਪਾਸੇ, ਬੀਜਾਂ ਦੀ ਸਪਲਾਈ ਕੰਟਰੋਲ ਕਰ ਕੇ ਆਪਣੇ ਮੁਨਾਫੇ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਆਪਣੇ ਮੁਨਾਫੇ ਵਧਾਉਣ ਵਾਸਤੇ ਕਾਰਪੋਰੇਟ ਘਰਾਣੇ ਵਾਤਾਵਰਨ ਦੇ ਬਚਾਅ ਵਾਲੇ ਕਾਇਦੇ-ਕਾਨੂੰਨ ਮੰਨਣ ਤੋਂ ਇਨਕਾਰੀ ਹਨ। ਪੰਜਾਬ ਵਿੱਚ ਸ਼ਰਾਬ ਦੀਆਂ ਫੈਕਟਰੀਆਂ ਅਤੇ ਲੁਧਿਆਣਾ ਸਮੇਤ ਉਦਯੋਗਕ ਇਕਾਈਆਂ ਨੇ ਪੰਜਾਬ ਦਾ ਪਾਣੀ ਖਰਾਬ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਦਿੱਲੀ, ਤਾਮਿਲਨਾਡੂ ਅਤੇ ਮੱਧ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਵਿੱਚ ਸਥਿਤੀ ਪੰਜਾਬ ਤੋਂ ਵੀ ਗੰਭੀਰ ਹੈ। ਵਾਤਾਵਰਨ ਬਚਾਉਣ ਅਤੇ ਸੰਭਾਲਣ ਦੇ ਕਾਰਜ ਵਿੱਚ ਪੰਜਾਬ ਦੇ ਕਿਸਾਨਾਂ ਨੇ ਹੀ ਪਹਿਲਕਦਮੀ ਦਿਖਾਈ ਹੈ। ਸਾਫ਼ ਸੁਥਰੇ ਵਾਤਾਵਰਨ ਅਤੇ ਸੁਰੱਖਿਅਤ ਖੁਰਾਕ ਪੈਦਾ ਕਰਨ ਦਾ ਕਾਰਜ ਸਿਰਫ਼ ਖੇਤਾਂ ਵਿੱਚ ਕੰਮ ਕਰਨ ਵਾਲੇ ਮਿਹਨਤਕਸ਼ ਕਿਸਾਨਾਂ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਸੌਂਪਿਆ ਜਾ ਸਕਦਾ। ਖੁਦ ਖੇਤੀ ਕਰਨ ਵਾਲੇ ਮਿਹਨਤਕਸ਼ ਲੋਕ ਹੀ ਜਾਣਦੇ ਹਨ ਕਿ ਸਿਹਤਮੰਦ ਅਤੇ ਸੁਰੱਖਿਅਤ ਅਨਾਜ ਦੀ ਕੀ ਮਹੱਤਤਾ ਹੈ। ਉਹ ਇਹ ਵੀ ਜਾਣਕਾਰੀ ਰਖਦੇ ਹਨ ਕਿ ਵਾਤਾਵਰਨ ਅਤੇ ਖੇਤੀ ਉਤਪਾਦਨ ਦਾ ਨੇੜੇ ਦਾ ਰਿਸ਼ਤਾ ਹੈ।

ਦੇਸ਼ ਵਿੱਚ ਰੁਜ਼ਗਾਰ ਰਹਿਤ ਵਿਕਾਸ ਦੀ ਪ੍ਰਕਿਰਿਆ ਕਾਰਨ ਕਿਸਾਨੀ ਅਤੇ ਖੇਤੀ ਵਿੱਚ ਰੁਜ਼ਗਾਰ ਦੀ ਰਣਨੀਤਕ ਮਹੱਤਤਾ ਹੈ। ਸਿਆਸੀ ਪਾਰਟੀਆਂ ਦੇ ਚਰਿੱਤਰ ਅਤੇ ਕਿਰਦਾਰ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਕਿਸਾਨ ਲਹਿਰ ਅਤੇ ਚੇਤਨ ਦਖ਼ਲਅੰਦਾਜ਼ੀ ਬਗੈਰ ਸੰਵਿਧਾਨ ਤੇ ਜਮਹੂਰੀਅਤ ਨੂੰ ਬਚਾਉਣਾ ਅਤੇ ਗਣਤੰਤਰ ਦੀ ਪੁਨਰ-ਸੁਰਜੀਤੀ ਮੁਸ਼ਕਿਲ ਹੈ। ਮਨੁੱਖਾਂ ਵਾਸਤੇ ਸਿਹਤਮੰਦ ਭੋਜਨ ਪੈਦਾ ਕਰਨ ਅਤੇ ਵਾਤਾਵਰਨ ਬਚਾਉਣ ਲਈ ਕਿਸਾਨਾਂ ਤੇ ਕਿਰਤੀਆਂ ਦੀ ਭੂਮਿਕਾ ਨੂੰ ਅਣਗੌਲਿਆਂ ਨਹੀਂ ਜਾ ਸਕਦਾ। ਜਦੋਂ ਕਿਸਾਨ ਆਪਣੀ ਹੋਂਦ ਬਚਾਉਣ ਵਾਸਤੇ ਜਦੋ-ਜਹਿਦ ਕਰ ਰਹੇ ਹਨ ਤਾਂ ਜਮਹੂਰੀ ਲਹਿਰ ਅਤੇ ਮੱਧਵਰਗ ਦੇ ਚੇਤਨ ਹਿੱਸੇ ਨੂੰ ਕਿਸਾਨੀ ਦੇ ਹੱਕ ਵਿੱਚ ਨਿੱਤਰਨ ਦੀ ਪਹਿਲਾਂ ਨਾਲੋਂ ਵਧੇਰੇ ਜ਼ਰੂਰਤ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਮੁਸ਼ਕਿਲਾਂ ਵੱਲ ਆਮ ਨਾਗਰਿਕਾਂ ਦਾ ਧਿਆਨ ਕੇਂਦਰਿਤ ਕਰਨ ਦਾ ਕਾਰਜ ਸੰਵੇਦਨਸ਼ੀਲ ਅਤੇ ਚੇਤਨ ਹਲਕੇ ਹੀ ਕਰ ਸਕਦੇ ਹਨ। ਇਹ ਕਾਰਜ ਕਿਸਾਨਾਂ ਦੀ ਹੋਂਦ ਵਾਸਤੇ ਬੇਹੱਦ ਜ਼ਰੂਰੀ ਹੈ ਅਤੇ ਦੇਸ਼ ਦੇ ਹਿੱਤ ਵਿੱਚ ਵੀ ਹੈ।



# ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਨੂੰ ਬਰਾਬਰ ਦੇ ਟੈਰਿਫ ਤੋਂ ਨਾ ਦਿੱਤੀ ਛੋਟ

ਵਾਸ਼ਿੰਗਟਨ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇੱਥੇ ਵ੍ਹਾਈਟ ਹਾਊਸ ’ਚ ਦੁਵੱਲੀ ਵਾਰਤਾ ਕੀਤੀ ਗਈ ਜਿਸ ਦੌਰਾਨ ਦੋਵਾਂ ਆਗੂਆਂ ਨੇ ਆਰਥਿਕ, ਸਮਾਜਿਕ, ਖੇਤਰੀ ਤੇ ਆਲਮੀ ਮਸਲਿਆਂ ’ਤੇ ਵਿਚਾਰ ਚਰਚਾ ਕੀਤੀ ਅਤੇ ਵੱਖ ਵੱਖ ਖੇਤਰਾਂ ’ਚ ਆਪਸੀ ਸਹਿਯੋਗ ਵਧਾਉਣ ਤੇ ਮਜ਼ਬੂਤ ਕਰਨ ਬਾਰੇ ਸਹਿਮਤੀ ਪ੍ਰਗਟਾਈ। ਇਸ ਮੁਲਾਕਾਤ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਜਿੱਥੇ ਉਸਾਰੂ ਦੱਸਿਆ ਉੱਥੇ ਹੀ ਟਰੰਪ ਨੇ ਮੋਦੀ ਨੂੰ ‘ਮਹਾਨ ਦੋਸਤ’ ਤੇ ‘ਸ਼ਾਨਦਾਰ ਆਦਮੀ’ ਦੱਸਿਆ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਤੋਂ ਬਾਅਦ ਐਲਾਨ ਕੀਤਾ ਕਿ ਭਾਰਤ ਵਪਾਰਕ ਘਾਟੇ ਨੂੰ ਘਟਾਉਣ ਲਈ ਅਮਰੀਕਾ ਤੋਂ ਹੋਰ ਤੇਲ, ਗੈਸ ਅਤੇ ਾਂ-35 ਲੜਾਕੂ ਜਹਾਜ਼ਾਂ ਸਣੇ ਫੌਜੀ ਹਾਰਡਵੇਅਰ ਖਰੀਦੇਗਾ। ਟਰੰਪ ਨੇ ਹਾਲਾਂਕਿ ਜ਼ੋਰ ਦੇ ਕੇ ਆਖਿਆ ਕਿ ਵਾਸ਼ਿੰਗਟਨ ਨਵੀਂ ਦਿੱਲੀ ਨੂੰ ਜਵਾਬੀ ਟੈਰਿਫ ਤੋਂ ਨਹੀਂ ਬਖਸ਼ੇਗਾ। ਟਰੰਪ ਨੇ ਵੀਰਵਾਰ (ਸ਼ੁੱਕਰਵਾਰ ਭਾਰਤੀ ਸਮੇਂ ਅਨੁਸਾਰ) ਨੂੰ ਵ੍ਹਾਈਟ ਹਾਊਸ ਸਥਿਤ ਆਪਣੇ ਵਲ ਦਫ਼ਤਰ ਵਿੱਚ ਮੋਦੀ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਅੱਗੇ ਹੋ ਕੇ ਹੱਥ ਮਿਲਾਇਆ ਤੇ ਪ੍ਰਧਾਨ ਮੰਤਰੀ ਨੂੰ ‘ਮਹਾਨ ਦੋਸਤ’ ਤੇ ‘ਸ਼ਾਨਦਾਰ’ ਆਦਮੀ ਦੱਸਿਆ। ਟਰੰਪ ਨੇ ਮੋਦੀ ਨੂੰ ਆਪਣਾ ਪੁਰਾਣਾ ਮਿੱਤਰ ਦੱਸਿਆ ਤੇ ਕਿਹਾ, ‘ਉਹ ਮੇਰੇ ਤੋਂ ਕਿਤੇ ਵੱਧ ਸਖ਼ਤ ਵਾਰਤਾਕਾਰ ਹਨ ਅਤੇ ਮੇਰੇ ਤੋਂ ਕਿਤੇ ਚੰਗੇ ਵਾਰਤਾਕਾਰ ਹਨ। ਇਸ ਵਿੱਚ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਹੈ।’ ਅਮਰੀਕੀ ਰਾਸ਼ਟਰਪਤੀ ਨੇ ਗੱਲਬਾਤ ਤੋਂ ਬਾਅਦ ਭਾਰਤੀ ਪ੍ਰਧਾਨ ਮੰਤਰੀ ਨਾਲ ਇੱਕ ਸਾਂਝੀ ਪ੍ਰੈੱਸ ਵਾਰਤਾ ਵਿੱਚ ਕਿਹਾ ਕਿ ਦੋਵੇਂ ਧਿਰਾਂ ਜਲਦੀ ਹੀ ਇੱਕ ਵੱਡਾ ਵਪਾਰਕ ਸਮਝੌਤਾ ਕਰਨ ਬਾਰੇ ਵਿਚਾਰ ਕਰ ਰਹੀਆਂ ਹਨ।



ਟਰੰਪ ਨੇ ਭਾਰਤ ਵੱਲੋਂ ਕੁਝ ਅਮਰੀਕੀ ਉਤਪਾਦਾਂ ’ਤੇ ਲਗਾਈਆਂ ਗਈਆਂ ਦਰਾਮਦ ਡਿਊਟੀਆਂ ਨੂੰ ‘ਬਹੁਤ ਹੀ ਗੈਰਵਾਜਬ’ ਅਤੇ ‘ਸਖ਼ਤ’ ਦੱਸਿਆ। ਟਰੰਪ ਨੇ ਕਿਹਾ, ‘‘ਭਾਰਤ ਜੋ ਵੀ ਟੈਕਸ ਲਾਏਗਾ, ਅਸੀਂ ਉਨ੍ਹਾਂ ਤੋਂ ਟੈਕਸ ਲਵਾਂਗੇ।’’ ਅਮਰੀਕੀ ਸਦਰ ਨੇ ਕਿਹਾ, ‘‘ਅਸੀਂ ਭਾਰਤ ਨਾਲ ਬਰਾਬਰ ਵਿਹਾਰ ਕਰ ਰਹੇ ਹਾਂ।’’ ਮੋਦੀ-ਟਰੰਪ ਦੀ ਇਹ ਮੁਲਾਕਾਤ ਅਮਰੀਕਾ ਵੱਲੋਂ ਸਾਰੇ ਵਪਾਰਕ ਭਾਈਵਾਲਾਂ ਲਈ ਇੱਕ ਨਵੀਂ ਬਰਾਬਰ ਟੈਰਿਫ ਨੀਤੀ ਐਲਾਨੇ ਜਾਣ ਤੋਂ ਕੁਝ ਘੰਟੇ ਬਾਅਦ ਹੋਈ। ਟਰੰਪ ਨੇ ਆਪਣੀਆਂ ਟਿੱਪਣੀਆਂ ਵਿੱਚ ਕਿਹਾ ਕਿ ਉਹ ਅਤੇ ਪ੍ਰਧਾਨ ਮੰਤਰੀ ਮੋਦੀ ਇੱਕ ਸਮਝੌਤੇ ’ਤੇ ਪਹੁੰਚੇ ਹਨ ਜੋ ਸੰਭਾਵੀ ਤੌਰ ’ਤੇ ਅਮਰੀਕਾ ਨੂੰ ਭਾਰਤ ਨੂੰ ਤੇਲ ਅਤੇ ਗੈਸ ਦਾ ‘ਨੰਬਰ ਇੱਕ ਸਪਲਾਇਰ’ ਬਣਾ ਸਕਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਇਹ ਭਾਰਤ ਨਾਲ ਅਮਰੀਕਾ ਦੇ ਵਪਾਰਕ ਘਾਟੇ ਨੂੰ ਘਟਾਉਣ ਦੇ ਉਪਰਾਲਿਆਂ ਦਾ ਹਿੱਸਾ ਹੈ ਜੋ ਕਿ ਕਰੀਬ 50 ਅਰਬ ਅਮਰੀਕੀ ਡਾਲਰ ਹੈ। ਟਰੰਪ ਨੇ ਇਹ ਐਲਾਨ ਵੀ ਕੀਤਾ ਕਿ ਭਾਰਤ ਅਤੇ ਅਮਰੀਕਾ ਦੁਨੀਆ ਭਰ ਵਿੱਚ ਕੱਟੜਪੰਥੀ ਇਸਲਾਮੀ ਅਤਿਵਾਦ ਦੇ ਖ਼ਤਰੇ ਦਾ ਸਾਹਮਣਾ ਕਰਨ ਲਈ ਇਕੱਠੇ ਕੰਮ ਕਰਨਗੇ, ਜੋ ‘ਪਹਿਲਾਂ ਕਦੇ ਨਹੀਂ ਹੋਇਆ।’ ਟਰੰਪ ਨੇ 26/11 ਮੁੰਬਈ ਹਮਲੇ ਦੇ ਸਾਜ਼ਿਸ਼ਕਰਤਾ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਦਾ ਹਵਾਲਾ ਦਿੰਦੇ ਹੋਏ ਕਿਹਾ, ‘‘ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਮੇਰੇ ਪ੍ਰਸ਼ਾਸਨ ਨੇ ਦੁਨੀਆ ਦੇ ਸਭ ਤੋਂ ਬੁਰੇ ਲੋਕਾਂ ਵਿੱਚੋਂ ਇੱਕ ਦੀ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ।’’ ਅਮਰੀਕੀ ਰਾਸ਼ਟਰਪਤੀ ਨੇ ਸਿਵਲ-ਪ੍ਰਮਾਣੂ ਊਰਜਾ ਖੇਤਰ ਵਿੱਚ ਭਾਰਤ-ਅਮਰੀਕਾ ਸਹਿਯੋਗ ਵਿੱਚ ਸਕਾਰਾਤਮਕ ਰਫ਼ਤਾਰ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ, ‘‘ਭਾਰਤੀ ਬਾਜ਼ਾਰ ਵਿੱਚ ਅਮਰੀਕੀ ਪ੍ਰਮਾਣੂ ਤਕਨਾਲੋਜੀ ਦਾ ਸਵਾਗਤ ਕਰਨ ਲਈ ਭਾਰਤ ਕਾਨੂੰਨਾਂ ਵਿੱਚ ਵੀ ਸੁਧਾਰ ਕਰ ਰਿਹਾ ਹੈ।’’

ਉਧਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਸਹਿਯੋਗ ਇੱਕ ਬਿਹਤਰ ਦੁਨੀਆ ਨੂੰ ਆਕਾਰ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਅਗਲੇ ਦਹਾਕੇ ਲਈ ਇੱਕ ਰੱਖਿਆ ਸਹਿਯੋਗ ਢਾਂਚਾ ਤਿਆਰ ਕੀਤਾ ਜਾਵੇਗਾ। ਸ੍ਰੀ ਮੋਦੀ ਨੇ ਕਿਹਾ, ‘‘ਇੱਕ ਗੱਲ ਜਿਸ ਦੀ ਮੈਂ ਦਿਲੋਂ ਕਦਰ ਕਰਦਾ ਹਾਂ ਅਤੇ ਮੈਂ ਰਾਸ਼ਟਰਪਤੀ ਟਰੰਪ ਤੋਂ ਸਿੱਖਦਾ ਹਾਂ, ਉਹ ਇਹ ਹੈ ਕਿ ਉਹ (ਅਮਰੀਕਾ ਦੇ) ਰਾਸ਼ਟਰੀ ਹਿੱਤ ਨੂੰ ਸਭ ਤੋਂ ਉੱਤੇ ਰੱਖਦੇ ਹਨ। ਉਨ੍ਹਾਂ ਵਾਂਗ, ਮੈਂ ਵੀ ਭਾਰਤ ਦੇ ਰਾਸ਼ਟਰੀ ਹਿੱਤ ਨੂੰ ਹਰ ਚੀਜ਼ ਤੋਂ ਉੱਪਰ ਰੱਖਦਾ ਹਾਂ।’’

ਟਰੰਪ ਨੇ ਪੂਰਬੀ ਲੱਦਾਖ ਸਰਹੱਦੀ ਵਿਵਾਦ ਤੋਂ ਬਾਅਦ ਭਾਰਤ ਅਤੇ ਚੀਨ ਵਿਚਾਲੇ ਸਬੰਧਾਂ ਦੇ ਹਵਾਲੇ ਨਾਲ ‘ਟਕਰਾਅ’ ਨੂੰ ‘ਭੈੜਾ’ ਦੱਸਿਆ। ਉਨ੍ਹਾਂ ਕਿਹਾ, ‘‘ਮੈਂ ਸਰਹੱਦ ’ਤੇ ਟਕਰਾਅ ਦੇਖਦਾ ਹਾਂ ਜੋ ਕਾਫ਼ੀ ਭਿਆਨਕ ਹਨ... ਕਾਸ਼ ਜੇ ਮੈਂ ਮਦਦ ਕਰ ਸਕਦਾ।’’ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਚੀਨ, ਭਾਰਤ, ਰੂਸ ਅਤੇ ਅਮਰੀਕਾ - ਸਾਰੇ ਮਿਲ ਕੇ ਚੱਲ ਸਕਣ। ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਨੇ ਰੂਸ-ਯੂਕਰੇਨ ਟਕਰਾਅ ਬਾਰੇ ਸਵਾਲਾਂ ਦੇ ਜਵਾਬ ਵੀ ਦਿੱਤੇ। ਸ੍ਰੀ ਮੋਦੀ ਨੇ ਕਿਹਾ, ‘‘ਮੈਂ ਜੰਗ ਦੇ ਖ਼ਾਤਮੇ ਲਈ ਇੱਕ ਸੰਭਾਵੀ ਹੱਲ ਲੱਭਣ ਲਈ ਡੋਨਲਡ ਟਰੰਪ ਦੇ ਯਤਨਾਂ ਦੀ ਹਮਾਇਤ ਕਰਦਾ ਹਾਂ। ਕੁਲ ਆਲਮ ਮਹਿਸੂਸ ਕਰਦਾ ਹੈ ਕਿ ਭਾਰਤ ਯੁੱਧ ਦੌਰਾਨ ਨਿਰਪੱਖ ਰਿਹਾ ਹੈ। ਪਰ ਮੈਂ ਦੁਹਰਾਉਣਾ ਚਾਹੁੰਦਾ ਹਾਂ ਕਿ ਭਾਰਤ ਨਿਰਪੱਖ ਨਹੀਂ ਰਿਹਾ ਬਲਕਿ ਸ਼ਾਂਤੀ ਦੇ ਪੱਖ ਵਿੱਚ ਰਿਹਾ ਹੈ।’’




# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam

3143 ARDEN ROAD, HAYWARD, CA- 94545



# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138



# AAA
AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544



# CALIFORNIA
IMMIGRATION SERVICES INC.
Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION

OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# GRAND OPENING FAIRWAY AUTO CENTRE BODY SHOP

ਸੋਮਵਾਰ ਤੋਂ ਸ਼ੁੱਕਰਵਾਰ 9 ਤੋਂ 5, ਸ਼ਨਿਚਰਵਾਰ ਨੂੰ 9 ਤੋਂ 2 ਵਜੇ ਤੱਕ

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

Our Expertise Services.. As offers below

15% Off Any Selected Servises Until January 30, 2025

* All Accicents Insurance Claims are accepted it.
* Repairs Fiber Glasses for Trucks & Cars.
* Straighten Frames & Scratch Removal from cars
* Build Customs Design Cars per cust
* Replace Brakes & Rooters for cars
* Engine Lights & Car Maintenances
* Body Repairs & Paint Restoration

Our Services Hours
Monday to Friday (9:00 AM to 5:00 PM)
Saturday 9:00 AM to 2:00 PM and Sunday (Closed)



1620 doolittle Dr, San Leandro, CA 94577
510-538-2983
Email: 1fairwayautocenter@gmail.com

Gurdial Aujla
510-552-0856

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net




# ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਣ ਲਈ ਜ਼ਰੂਰੀ ਹੈ ਪ੍ਰੋਟੀਨ ਵਾਲਾ ਭੋਜਨ

ਨਾਸ਼ਤਾ ਦਿਨ ਦਾ ਸਭ ਤੋਂ ਮਹੱਤਵਪੂਰਨ ਭੋਜਨ ਮੰਨਿਆ ਜਾਂਦਾ ਹੈ। ਇਹ ਨਾ ਸਿਰਫ਼ ਸਾਨੂੰ ਊਰਜਾ ਦਿੰਦਾ ਹੈ, ਸਗੋਂ ਸਾਨੂੰ ਪੂਰੇ ਦਿਨ ਦੀਆਂ ਗਤੀਵਿਧੀਆਂ ਲਈ ਵੀ ਤਿਆਰ ਕਰਦਾ ਹੈ। ਜੇਕਰ ਤੁਸੀਂ ਆਪਣੇ ਨਾਸ਼ਤੇ ਵਿੱਚ ਪ੍ਰੋਟੀਨ ਸ਼ਾਮਲ ਕਰਦੇ ਹੋ, ਤਾਂ ਇਹ ਤੁਹਾਡੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ, ਭਾਰ ਨੂੰ ਕੰਟਰੋਲ ਕਰਨ ਅਤੇ ਤੁਹਾਨੂੰ ਲੰਬੇ ਸਮੇਂ ਤੱਕ ਭਰਿਆ ਮਹਿਸੂਸ ਕਰਨ ਵਿੱਚ ਮਦਦ ਕਰਦਾ ਹੈ। ਪ੍ਰੋਟੀਨ ਨਾਲ ਭਰਪੂਰ ਨਾਸ਼ਤਾ ਤੁਹਾਡੇ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ ਅਤੇ ਦਿਨ ਭਰ ਊਰਜਾ ਬਰਕਰਾਰ ਰੱਖਦਾ ਹੈ। ਆ ਜਾਣਦੇ ਹਾਂ 5 ਪ੍ਰੋਟੀਨ ਭਰਪੂਰ ਨਾਸ਼ਤੇ ਦੇ ਆਪਸ਼ਨਾਂ ਬਾਰੇ-



**ਆਂਡੇ ਦਾ ਆਮਲੇਟ ਜਾਂ ਉਬਾਲੇ ਹੋਏ ਆਂਡੇ**

ਆਂਡੇ ਨੂੰ ਪ੍ਰੋਟੀਨ ਦਾ ਸਭ ਤੋਂ ਵਧੀਆ ਸਰੋਤ ਮੰਨਿਆ ਜਾਂਦਾ ਹੈ। ਇੱਕ ਆਂਡੇ ਵਿੱਚ ਲਗਪਗ 6-7 ਗ੍ਰਾਮ ਪ੍ਰੋਟੀਨ ਹੁੰਦਾ ਹੈ। ਤੁਸੀਂ ਨਾਸ਼ਤੇ ਲਈ ਆਂਡੇ ਦਾ ਆਮਲੇਟ ਬਣਾ ਸਕਦੇ ਹੋ, ਜਿਸ ਵਿੱਚ ਤੁਸੀਂ ਪਿਆਜ਼, ਟਮਾਟਰ, ਪਾਲਕ ਅਤੇ ਮਸ਼ਰੂਮ ਵਰਗੀਆਂ ਸਬਜ਼ੀਆਂ ਪਾ ਸਕਦੇ ਹੋ। ਇਹ ਨਾ ਸਿਰਫ਼ ਸਵਾਦਿਸ਼ਟ ਹੈ ਸਗੋਂ ਪੋਸ਼ਣ ਪੱਖੋਂ ਵੀ ਭਰਪੂਰ ਹੈ। ਜੇਕਰ ਤੁਹਾਨੂੰ ਆਮਲੇਟ ਪਸੰਦ ਨਹੀਂ ਹੈ, ਤਾਂ ਉਬਲੇ ਹੋਏ ਅੰਡੇ ਵੀ ਇੱਕ ਵਧੀਆ ਆਪਸ਼ਨ ਹਨ। ਇਨ੍ਹਾਂ ਨੂੰ ਬਰੈੱਡ ਜਾਂ ਹੋਲ ਗ੍ਰੇਨ ਟੋਸਟ ਨਾਲ ਖਾਧਾ ਜਾ ਸਕਦਾ ਹੈ।

**ਪਨੀਰ ਸਬਜ਼ੀ ਜਾਂ ਪਨੀਰ ਪਰਾਂਠਾ**

ਪਨੀਰ ਯਾਨੀ ਕਾਟੇਜ ਪਨੀਰ ਪ੍ਰੋਟੀਨ ਦਾ ਵਧੀਆ ਸਰੋਤ ਹੈ। 100 ਗ੍ਰਾਮ ਪਨੀਰ ਵਿੱਚ ਲਗਪਗ 18-20 ਗ੍ਰਾਮ ਪ੍ਰੋਟੀਨ ਹੁੰਦਾ ਹੈ। ਤੁਸੀਂ ਪਨੀਰ ਦੀ ਸਬਜ਼ੀ ਬਣਾ ਸਕਦੇ ਹੋ ਜਾਂ ਨਾਸ਼ਤੇ ਵਿੱਚ ਪਨੀਰ ਦੇ ਪਰਾਂਠੇ ਖਾ ਸਕਦੇ ਹੋ। ਪਨੀਰ ਪਰਾਂਠੇ ਨੂੰ ਘਿ ਜਾਂ ਮੱਖਣ ਨਾਲ ਪਰੋਸੋ ਅਤੇ ਦਹੀ ਜਾਂ ਚਟਨੀ ਨਾਲ ਖਾ । ਇਹ ਨਾਸ਼ਤਾ ਤੁਹਾਨੂੰ ਦਿਨ ਭਰ ਊਰਜਾਵਾਨ ਰੱਖੇਗਾ।

**ਦਲੀਆ (ਓਟਮੀਲ)**

ਦਲੀਆ ਜਾਂ ਓਟਮੀਲ ਪ੍ਰੋਟੀਨ ਅਤੇ ਫਾਈਬਰ ਨਾਲ ਭਰਪੂਰ ਹੁੰਦਾ ਹੈ। ਪਕਾਏ ਹੋਏ ਓਟਮੀਲ ਦੇ ਇੱਕ ਕੱਪ ਵਿੱਚ ਲਗਪਗ 6 ਗ੍ਰਾਮ ਪ੍ਰੋਟੀਨ ਹੁੰਦਾ ਹੈ। ਇਸ ਨੂੰ ਹੋਰ ਵੀ ਪੌਸ਼ਟਿਕ ਬਣਾਉਣ ਲਈ ਤੁਸੀਂ ਦੁੱਧ, ਮੇਵੇ, ਬੀਜ ਅਤੇ ਫਲ ਪਾ ਸਕਦੇ ਹੋ। ਉਦਾਹਰਨ ਲਈ, ਓਟਮੀਲ ਨੂੰ ਬਦਾਮ, ਅਖਰੋਟ, ਚਿਆ ਬੀਜ ਅਤੇ ਕੇਲੇ ਨੂੰ ਜੋੜ ਕੇ ਵਧੇਰੇ ਸੁਆਦੀ ਅਤੇ ਪੌਸ਼ਟਿਕ ਬਣਾਇਆ ਜਾ ਸਕਦਾ ਹੈ। ਇਹ ਨਾਸ਼ਤਾ ਉਨ੍ਹਾਂ ਲਈ ਵੀ ਬਹੁਤ ਵਧੀਆ ਹੈ ਜੋ ਭਾਰ ਘਟਾਉਣਾ ਚਾਹੁੰਦੇ ਹਨ।

**ਮੂੰਗ ਦਾਲ ਚਿੱਲਾ**

ਮੂੰਗ ਦਾਲ ਚਿੱਲਾ ਪ੍ਰੋਟੀਨ ਅਤੇ ਫਾਈਬਰ ਨਾਲ ਭਰਪੂਰ ਹੁੰਦਾ ਹੈ। ਇਹ ਨਾਸ਼ਤਾ ਆਸਾਨੀ ਨਾਲ ਪਚ ਜਾਂਦਾ ਹੈ ਅਤੇ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਮੂੰਗੀ ਦੀ ਦਾਲ ਨੂੰ ਰਾਤ ਭਰ ਭਿ ਕੇ ਸਵੇਰੇ ਪੀਸ ਲ ਅਤੇ ਇਸ ਵਿਚ ਥੋੜ੍ਹਾ ਜਿਹਾ ਨਮਕ, ਹਲਦੀ ਅਤੇ ਹਰੀ ਮਿਰਚ ਮਿਲਾ ਕੇ ਚਿੱਲਾ ਬਣਾ ਲ । ਇਸ ਨੂੰ ਹਰੀ ਚਟਨੀ ਜਾਂ ਦਹੀਂ ਨਾਲ ਸਰਵ ਕਰੋ। ਇਹ ਨਾਸ਼ਤਾ ਨਾ ਸਿਰਫ਼ ਪ੍ਰੋਟੀਨ ਨਾਲ ਭਰਪੂਰ ਹੁੰਦਾ ਹੈ, ਸਗੋਂ ਇਸ ਦਾ ਸਵਾਦ ਵੀ ਵਧੀਆ ਹੁੰਦਾ ਹੈ।

**ਗ੍ਰੀਕ ਦਹੀਂ ਦੇ ਨਾਲ ਫਲ ਤੇ ਨਟਸ**

ਗ੍ਰੀਕ ਦਹੀਂ ਵਿੱਚ ਨਿਯਮਤ ਦਹੀਂ ਨਾਲੋਂ ਜ਼ਿਆਦਾ ਪ੍ਰੋਟੀਨ ਹੁੰਦਾ ਹੈ। ਇੱਕ ਕੱਪ ਯੂਨਾਨੀ ਦਹੀਂ ਵਿੱਚ ਲਗਪਗ 10 ਗ੍ਰਾਮ ਪ੍ਰੋਟੀਨ ਹੁੰਦਾ ਹੈ। ਤੁਸੀਂ ਇਸ ਵਿੱਚ ਤਾਜ਼ੇ ਫਲ ਜਿਵੇਂ ਸੇਬ, ਕੇਲਾ, ਬੇਰੀਆਂ ਅਤੇ ਅਖਰੋਟ ਜਿਵੇਂ ਬਦਾਮ, ਅਖਰੋਟ ਸ਼ਾਮਲ ਕਰਕੇ ਇੱਕ ਸਵਾਦ ਅਤੇ ਪੌਸ਼ਟਿਕ ਨਾਸ਼ਤਾ ਤਿਆਰ ਕਰ ਸਕਦੇ ਹੋ। ਇਹ ਨਾਸ਼ਤਾ ਤੁਹਾਨੂੰ ਦਿਨ ਭਰ ਊਰਜਾਵਾਨ ਰੱਖੇਗਾ ਅਤੇ ਤੁਹਾਡੀ ਪ੍ਰੋਟੀਨ ਦੀ ਜ਼ਰੂਰਤ ਨੂੰ ਪੂਰਾ ਕਰੇਗਾ।

# ਪਲਾਸਟਿਕ ਦੀਆਂ ਚੀਜਾਂ ਤੋਂ ਦੂਰ ਰੱਖੋ ਆਪਣੇ ਬੱਚਿਆਂ ਨੂੰ

ਜੇ ਤੁਸੀਂ ਵੀ ਆਪਣੇ ਬੱਚਿਆਂ ਲਈ ਪਲਾਸਟਿਕ ਦੇ ਲੰਚ ਬਾਕਸ ਵਿੱਚ ਖਾਣਾ ਪੈਕ ਕਰ ਰਹੇ ਹੋ ਤਾਂ ਹੋ ਜਾ ਸਾਵਧਾਨ। ਇਸ ਨਾਲ ਬੱਚਿਆਂ ਦੀ ਸਿਹਤ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਇਸ ਦਾ ਤੁਹਾਡੇ ਬੱਚਿਆਂ ਦੀ ਸਿਹਤ 'ਤੇ ਬਹੁਤ ਵੱਡਾ ਪ੍ਰਭਾਵ ਪੈ ਰਿਹਾ ਹੈ।

ਇਸ ਕਾਰਨ ਉਸਦੀ ਸਿਹਤ ਬਹੁਤ ਵਿਗੜ ਰਹੀ ਹੈ। ਪਲਾਸਟਿਕ ਦੇ ਲੰਚ ਬਾਕਸਾਂ ਵਿੱਚ ਭੋਜਨ ਪੈਕ ਕਰਨਾ ਤੁਹਾਡੇ ਬੱਚਿਆਂ ਦੀ ਸਿਹਤ ਲਈ ਨੁਕਸਾਨਦੇਹ ਹੋ ਸਕਦਾ ਹੈ। ਇੱਥੇ ਕੁਝ ਕਾਰਨ ਹਨ ਕਿ ਤੁਹਾਨੂੰ ਪਲਾਸਟਿਕ ਦੇ ਲੰਚ ਬਾਕਸ ਦੀ ਵਰਤੋਂ ਤੋਂ ਕਿਉਂ ਬਚਣਾ ਚਾਹੀਦਾ ਹੈ।

**ਪਲਾਸਟਿਕ ਦੇ ਨੁਕਸਾਨ**

1. **BPA (ਬਿਸਫੇਨੋਲ ਏ) ਦੇ ਖ਼ਤਰੇ :** ਪਲਾਸਟਿਕ ਦੇ ਲੰਚ ਬਾਕਸਾਂ ਵਿੱਚ ਭਫਏ ਨਾਮਕ ਇੱਕ ਰਸਾਇਣ ਹੁੰਦਾ ਹੈ ਜੋ ਭੋਜਨ ਵਿੱਚ ਮਿਲਾਉਣ 'ਤੇ ਸਿਹਤ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ



ਪਲਾਸਟਿਕ ਦੇ ਲੰਚ ਬਾਕਸ ਦੀ ਵਰਤੋਂ ਸਿਹਤ ਨੂੰ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾਉਂਦੀ ਹੈ। ਪਲਾਸਟਿਕ ਵਿੱਚ ਮੌਜੂਦ ਰਸਾਇਣ ਭੋਜਨ ਵਿੱਚ ਰਲ ਜਾਂਦੇ ਹਨ ਅਤੇ ਜਦੋਂ ਇਹ ਬੱਚਿਆਂ ਦੇ ਸਰੀਰ ਤੱਕ ਪਹੁੰਚਦੇ ਹਨ, ਤਾਂ ਇਹ ਬਿਮਾਰੀਆਂ ਦਾ ਕਾਰਨ ਬਣਦੇ ਹਨ।

2. **ਮਾਈਕ੍ਰੋਪਲਾਸਟਿਕਸ ਦਾ ਜ਼ੋਖ਼ਮ:** ਮਾਈਕ੍ਰੋ-ਪਲਾਸਟਿਕਸ ਪੁਰਾਣੀ ਸੋਜਸ਼, ਦਿਲ ਦੀ ਬਿਮਾਰੀ, ਸ਼ੂਗਰ, ਨਿਊਰੋਡੀਜਨਰੇਟਿਵ ਬਿਮਾਰੀਆਂ, ਕੈਂਸਰ ਅਤੇ ਸਟ੍ਰੋਕ ਦਾ ਕਾਰਨ ਬਣ ਸਕਦੇ ਹਨ। ਪਲਾਸਟਿਕ ਦੇ ਲੰਚ ਬਾਕਸਾਂ ਵਿੱਚ ਮਾਈਕ੍ਰੋਪਲਾਸਟਿਕਸ ਹੁੰਦੇ ਹਨ ਜੋ ਭੋਜਨ ਵਿੱਚ ਰਲ ਸਕਦੇ ਹਨ ਅਤੇ ਸਿਹਤ ਸਮੱਸਿਆਵਾਂ ਪੈਦਾ ਕਰ ਸਕਦੇ ਹਨ। ਮਾਈਕ੍ਰੋਪਲਾਸਟਿਕਸ ਤੋਂ ਬਚਣ ਲਈ, ਪਲਾਸਟਿਕ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।

3. **ਭੋਜਨ ਦੀ ਕੁਆਲਟੀ 'ਤੇ ਪ੍ਰਭਾਵ :** ਪਲਾਸਟਿਕ ਦੇ ਲੰਚ ਬਾਕਸਾਂ ਵਿੱਚ ਭੋਜਨ ਪੈਕ ਕਰਨ ਨਾਲ ਭੋਜਨ ਦੀ ਗੁਣਵੱਤਾ ਪ੍ਰਭਾਵਿਤ ਹੋ ਸਕਦੀ ਹੈ। ਜਦੋਂ ਤੁਸੀਂ ਗਰਮ ਭੋਜਨ ਨੂੰ ਪਲਾਸਟਿਕ ਦੇ ਲੰਚ ਬਾਕਸ ਵਿੱਚ ਪੈਕ ਕਰਦੇ ਹੋ, ਤਾਂ ਇਸਦੀ ਗਰਮੀ ਪਲਾਸਟਿਕ ਨੂੰ ਗਰਮ ਕਰਦੀ ਹੈ ਜੋ ਭੋਜਨ ਵਿੱਚ ਰਲ ਜਾਂਦਾ ਹੈ। ਇਸ ਦਾ ਭੋਜਨ ਦੀ ਗੁਣਵੱਤਾ 'ਤੇ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ। ਇਹੀ ਕਾਰਨ ਹੈ ਕਿ ਤੁਹਾਡੇ ਬੱਚੇ ਹਰ ਰੋਜ਼ ਪੇਟ ਦਰਦ ਤੋਂ ਪੀੜਤ ਹੁੰਦੇ ਹਨ।

**ਫਿਰ ਪਲਾਸਟਿਕ ਦਾ ਕੀ ਹੈ ਬਦਲ**

1. **ਸਟੀਲ ਦੇ ਲੰਚ ਬਾਕਸ :** ਸਟੀਲ ਦੇ ਲੰਚ ਬਾਕਸ ਇੱਕ ਚੰਗਾ ਵਿਕਲਪ ਹੋ ਸਕਦੇ ਹਨ। ਇਸ ਵਿੱਚ ਪੈਕ ਕੀਤਾ ਭੋਜਨ ਬੱਚਿਆਂ ਦੀ ਸਿਹਤ ਲਈ ਸੁਰੱਖਿਅਤ ਰਹਿੰਦਾ ਹੈ।

2. **ਕੱਚ ਦੇ ਲੰਚ ਬਾਕਸ :** ਕੱਚ ਦੇ ਲੰਚ ਬਾਕਸ ਬੱਚਿਆਂ ਲਈ ਇੱਕ ਵਧੀਆ ਵਿਕਲਪ ਹਨ। ਕੱਚ ਦੇ ਲੰਚ ਬਾਕਸ ਵਿੱਚ ਖਾਣਾ ਵੀ ਲੰਬੇ ਸਮੇਂ ਤੱਕ ਗਰਮ ਰਹਿੰਦਾ ਹੈ।

3. **ਬਾਂਸ ਦੇ ਬਣੇ ਲੰਚ ਬਾਕਸ :** ਬਾਂਸ ਦੇ ਬਣੇ ਲੰਚ ਬਾਕਸ ਇੱਕ ਵਾਤਾਵਰਣ ਅਨੁਕੂਲ ਵਿਕਲਪ ਹੋ ਸਕਦੇ ਹਨ। ਤੁਹਾਨੂੰ ਆਪਣੇ ਬੱਚਿਆਂ ਦੀ ਸਿਹਤ ਲਈ ਪਲਾਸਟਿਕ ਦੇ ਲੰਚ ਬਾਕਸ ਦੀ ਵਰਤੋਂ ਕਰਨ ਤੋਂ ਬਚਣਾ ਚਾਹੀਦਾ ਹੈ ਅਤੇ ਇਸ ਦੀ ਬਜਾਏ ਸਟੀਲ, ਕੱਚ ਜਾਂ ਬਾਂਸ ਦੇ ਬਣੇ ਲੰਚ ਬਾਕਸ ਦੀ ਵਰਤੋਂ ਕਰਨੀ ਚਾਹੀਦੀ ਹੈ।

# ਜ਼ਿਆਦਾ ਫੋਨ ਤੇ ਸੋਸ਼ਲ ਮੀਡੀਆ ਪਹੁੰਚਾ ਰਹੇ ਨੇ ਦਿਲ ਨੂੰ ਨੁਕਸਾਨ

ਅੱਜ ਦੇ ਡਿਜੀਟਲ ਯੁੱਗ ਵਿੱਚ, ਤਕਨਾਲੋਜੀ ਨੇ ਸਾਡੀ ਜ਼ਿੰਦਗੀ ਨੂੰ ਆਸਾਨ ਅਤੇ ਸੁਵਿਧਾਜਨਕ ਬਣਾ ਦਿੱਤਾ ਹੈ, ਪਰ ਇਸਦੇ ਨਾਲ ਹੀ ਇਹ ਕਈ ਨਵੀਆਂ ਚੁਣੌਤੀਆਂ ਵੀ ਲੈ ਕੇ ਆਈ ਹੈ। ਸਭ ਤੋਂ ਵੱਡੀ ਸਮੱਸਿਆਵਾਂ ਵਿੱਚੋਂ ਇੱਕ "ਦਿਲ 'ਤੇ ਡਿਜੀਟਲ ਤਣਾਅ" ਹੈ। ਡਿਜੀਟਲ ਤਣਾਅ ਤਕਨਾਲੋਜੀ ਦੀ ਬਹੁਤ ਜ਼ਿਆਦਾ ਵਰਤੋਂ ਅਤੇ ਡਿਜੀਟਲ ਸੰਸਾਰ ਦੀਆਂ ਮੰਗਾਂ ਕਾਰਨ ਮਾਨਸਿਕ ਅਤੇ ਸਰੀਰਕ ਤਣਾਅ ਨੂੰ ਦਰਸਾਉਂਦਾ ਹੈ। ਇਹ ਤਣਾਅ ਨਾ ਸਿਰਫ਼ ਸਾਡੀ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਇਸ ਦਾ ਸਿੱਧਾ ਅਸਰ ਸਾਡੇ ਦਿਲ ਦੀ ਸਿਹਤ 'ਤੇ ਵੀ ਪੈਂਦਾ ਹੈ।

**ਡਿਜੀਟਲ ਤਣਾਅ ਦੇ ਕਾਰਨ**

**ਸੋਸ਼ਲ ਮੀਡੀਆ ਤੋਂ ਦਬਾਅ-** ਸੋਸ਼ਲ ਮੀਡੀਆ 'ਤੇ ਲਗਾਤਾਰ ਐਕਟਿਵ ਰਹਿਣਾ ਅਤੇ ਦੂਜਿਆਂ ਦੀ ਜ਼ਿੰਦਗੀ ਦੀ ਤੁਲਨਾ ਕਰਨ ਨਾਲ ਤਣਾਅ ਵਧਦਾ ਹੈ।

**ਔਨਲਾਈਨ ਕੰਮ ਦਾ ਬੋਝ -** ਘਰ ਤੋਂ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਕੰਮ ਕਰਨਾ ਲੋਕਾਂ ਨੂੰ 24/7 ਉਪਲਬਧ ਹੋਣ ਦਾ ਦਬਾਅ ਮਹਿਸੂਸ ਕਰਵਾਉਂਦਾ ਹੈ।

**ਜਾਣਕਾਰੀ ਦਾ ਵਾਧਾ-** ਇੰਟਰਨੈੱਟ 'ਤੇ ਉਪਲਬਧ ਜਾਣਕਾਰੀ ਦੀ ਭਰਪੂਰਤਾ ਕਾਰਨ, ਲੋਕ ਬਹੁਤ ਜ਼ਿਆਦਾ ਉਤਸ਼ਾਹਿਤ ਅਤੇ ਉਲਝਣ ਵਿਚ ਪੈ ਜਾਂਦੇ ਹਨ।

**ਸਾਈਬਰ ਧੱਕੇਸ਼ਾਹੀ ਅਤੇ ਔਨਲਾਈਨ ਹਰਾਸਮੈਂਟ-** ਔਨਲਾਈਨ ਸੰਸਾਰ ਵਿੱਚ ਨਕਾਰਾਤਮਕ ਟਿੱਪਣੀਆਂ ਅਤੇ ਹਰਾਸਮੈਂਟ ਵੀ ਤਣਾਅ ਦਾ ਕਾਰਨ ਬਣਦੀ ਹੈ।

**ਡਿਜੀਟਲ ਤਣਾਅ ਅਤੇ ਦਿਲ ਦੀ ਸਿਹਤ**

ਡਿਜੀਟਲ ਤਣਾਅ ਦਾ ਸਿੱਧਾ ਸਬੰਧ ਸਾਡੇ ਦਿਲ ਦੀ ਸਿਹਤ ਨਾਲ ਹੈ। ਤਣਾਅ ਕਾਰਨ ਸਰੀਰ ਵਿੱਚ ਕਈ ਹਾਰਮੋਨਲ ਅਤੇ ਸਰੀਰਕ ਬਦਲਾਅ ਆਉਂਦੇ ਹਨ, ਜੋ ਦਿਲ ਲਈ ਨੁਕਸਾਨਦੇਹ ਹੋ ਸਕਦੇ ਹਨ।

**ਬਲੱਡ ਪ੍ਰੈਸ਼ਰ ਵਧਣਾ-** ਤਣਾਅ ਕਾਰਨ ਸਰੀਰ ਵਿੱਚ ਕੋਰਟੀਸੋਲ ਅਤੇ ਐਡਰੇਨਾਲੀਨ ਵਰਗੇ ਹਾਰਮੋਨਸ ਦਾ ਪੱਧਰ ਵੱਧ ਜਾਂਦਾ ਹੈ। ਇਸ ਨਾਲ ਬਲੱਡ ਪ੍ਰੈਸ਼ਰ ਵਧਦਾ ਹੈ, ਜੋ ਦਿਲ ਲਈ ਖਤਰਨਾਕ ਹੋ ਸਕਦਾ ਹੈ। ਲੰਬੇ ਸਮੇਂ ਤੱਕ ਹਾਈ ਬਲੱਡ ਪ੍ਰੈਸ਼ਰ ਦਿਲ ਦੇ ਰੋਗ ਅਤੇ ਸਟ੍ਰੋਕ ਦੇ ਜੋਖਮ ਨੂੰ ਵਧਾਉਂਦਾ ਹੈ।

**ਦਿਲ ਦੀ ਧੜਕਣ ਵਿੱਚ ਅਨਿਯਮਿਤਤਾ-** ਡਿਜੀਟਲ ਤਣਾਅ ਕਾਰਨ ਲੋਕਾਂ ਦੇ ਦਿਲ ਦੀ ਧੜਕਣ ਅਨਿਯਮਿਤ ਹੋ ਸਕਦੀ ਹੈ। ਇਹ ਸਥਿਤੀ ਐਰੀਥਮੀਆ ਦਾ ਕਾਰਨ ਬਣ ਸਕਦੀ ਹੈ, ਜੋ ਦਿਲ ਲਈ ਖਤਰਨਾਕ ਹੋ ਸਕਦੀ ਹੈ।

**ਧਮਨੀਆਂ ਦੀ ਸੋਜ ਅਤੇ ਸਖ਼ਤ ਹੋਣਾ-** ਤਣਾਅ ਸਰੀਰ ਵਿੱਚ ਸੋਜ ਨੂੰ ਵਧਾ ਸਕਦਾ ਹੈ, ਜਿਸ ਨਾਲ ਧਮਨੀਆਂ ਸਖਤ ਹੋ ਸਕਦੀਆਂ ਹਨ। ਇਸ ਨਾਲ ਦਿਲ ਤੱਕ ਖੂਨ ਦਾ ਪ੍ਰਵਾਹ ਘੱਟ ਹੋ ਜਾਂਦਾ ਹੈ ਅਤੇ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵਧ ਜਾਂਦਾ ਹੈ।

**ਨੀਂਦ ਦੀ ਕਮੀ-** ਡਿਜੀਟਲ ਉਪਕਰਨਾਂ ਦੀ ਜ਼ਿਆਦਾ ਵਰਤੋਂ ਨੀਂਦ ਨੂੰ ਪ੍ਰਭਾਵਿਤ ਕਰਦੀ ਹੈ। ਨੀਂਦ ਦੀ ਕਮੀ ਦਿਲ ਦੀ ਸਿਹਤ ਲਈ ਹਾਨੀਕਾਰਕ ਹੈ ਅਤੇ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵਧਾ ਸਕਦੀ ਹੈ।

**ਗੈਰ-ਸਿਹਤਮੰਦ ਜੀਵਨ ਸ਼ੈਲੀ-** ਡਿਜੀਟਲ ਤਣਾਅ ਕਾਰਨ, ਲੋਕ ਅਕਸਰ ਸਿਗਰਟਨੋਸ਼ੀ, ਸ਼ਰਾਬ ਪੀਣ ਅਤੇ ਗੈਰ-ਸਿਹਤਮੰਦ ਖਾਣ-ਪੀਣ ਵਰਗੀਆਂ ਗੈਰ-ਸਿਹਤਮੰਦ ਆਦਤਾਂ ਵੱਲ ਮੁੜਦੇ ਹਨ। ਇਹ ਆਦਤਾਂ ਦਿਲ ਦੀ ਸਿਹਤ ਲਈ ਹਾਨੀਕਾਰਕ ਹਨ।

**ਡਿਜੀਟਲ ਤਣਾਅ ਨੂੰ ਕਿਵੇਂ ਘੱਟ ਕੀਤਾ ਜਾਵੇ?**

**ਡਿਜੀਟਲ ਡੀਟੌਕਸ -** ਸਮੇਂ-ਸਮੇਂ 'ਤੇ ਆਪਣੇ ਆਪ ਨੂੰ ਡਿਜੀਟਲ ਡਿਵਾਈਸਾਂ ਤੋਂ ਦੂਰ ਰੱਖੋ ਅਤੇ ਆਪਣੇ ਮਨ ਨੂੰ ਸ਼ਾਂਤ ਕਰਨ ਲਈ ਸਮਾਂ ਲਓ।

**ਸੋਸ਼ਲ ਮੀਡੀਆ ਦੀ ਸੀਮਤ ਵਰਤੋਂ-** ਸੋਸ਼ਲ ਮੀਡੀਆ 'ਤੇ ਬਿਤਾਏ ਸਮੇਂ ਨੂੰ ਸੀਮਤ ਕਰੋ ਅਤੇ ਸਕਾਰਾਤਮਕ ਚੀਜ਼ਾਂ 'ਤੇ ਧਿਆਨ ਕੇਂਦਰਿਤ ਕਰੋ।

**ਨਿਯਮਤ ਕਸਰਤ-** ਸਰੀਰਕ ਗਤੀਵਿਧੀਆਂ ਤਣਾਅ ਨੂੰ ਘਟਾਉਣ ਅਤੇ ਦਿਲ ਦੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀਆਂ ਹਨ।

# ਬਹੁਤ ਫਾਇਦੇਮੰਦ ਹੁੰਦੀ ਹੈ ਦਾਲਚੀਨੀ

ਗਲੇ ਵਿੱਚ ਖਰਾਸ਼ ਹੋਣ ਦਾ ਮਤਲਬ ਹੈ ਇਸ ਸਮੱਸਿਆ ਨਾਲ ਲੰਬੇ ਸਮੇਂ ਤੱਕ ਜੂਝਣਾ। ਅੱਜ-ਕੱਲ੍ਹ ਇਹ ਆਮ ਸਮੱਸਿਆ ਹੈ ਜੋ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਸਮੱਸਿਆ ਕਈ ਕਾਰਨਾਂ ਕਰਕੇ ਹੋ ਸਕਦੀ ਹੈ, ਜਿਵੇਂ ਕਿ ਜ਼ੁਕਾਮ, ਖੰਘ ਅਤੇ ਐਲਰਜੀ। ਜਦੋਂ ਗਲੇ ਵਿੱਚ ਖਰਾਸ਼ ਹੁੰਦੀ ਹੈ ਤਾਂ ਬਹੁਤ ਸਾਰੇ ਲੋਕ ਡਾਕਟਰ ਕੋਲ ਜਾਂਦੇ ਹਨ ਅਤੇ ਦਵਾਈਆਂ ਲੈਂਦੇ ਹਨ ਪਰ ਤੁਹਾਡੀ ਰਸੋਈ ਵਿੱਚ ਹੀ ਗਲੇ ਦੀ ਖਰਾਸ਼ ਤੋਂ ਛੁਟਕਾਰਾ ਪਾਉਣ ਦਾ ਇੱਕ ਪੱਕਾ ਉਪਾਅ ਮੌਜੂਦ ਹੈ। ਇਸਨੂੰ ਸਿਰਫ਼ ਚਬਾਉਣ ਨਾਲ ਹੀ ਤੁਸੀਂ ਗਲੇ ਦੀ ਖਰਾਸ਼ ਤੋਂ ਰਾਹਤ ਪਾ ਸਕਦੇ ਹੋ। ਕੁਝ ਘਰੇਲੂ ਉਪਾਅ ਹਨ ਜੋ ਤੁਹਾਨੂੰ ਗਲੇ ਦੀ ਖਰਾਸ਼ ਤੋਂ ਰਾਹਤ ਦਿਵਾਉਣ ਵਿੱਚ ਮਦਦ ਕਰ ਸਕਦੇ ਹਨ।



ਦਾਲਚੀਨੀ ਇੱਕ ਅਜਿਹਾ ਮਸਾਲਾ ਹੈ ਜੋ ਗਲੇ ਦੀ ਖਰਾਸ਼ ਤੋਂ ਰਾਹਤ ਪਾਉਣ ਵਿੱਚ ਮਦਦ ਕਰ ਸਕਦਾ ਹੈ। ਦਾਲਚੀਨੀ ਵਿੱਚ ਸਾੜ ਵਿਰੋਧੀ ਗੁਣ ਹੁੰਦੇ ਹਨ ਜੋ ਸੋਜ ਅਤੇ ਗਲੇ ਦੀ ਖਰਾਸ਼ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਜੇਕਰ ਅਸੀਂ ਇਸ ਬਾਰੇ ਗੱਲ ਕਰੀਏ ਤਾਂ ਦਾਲਚੀਨੀ ਵਿੱਚ ਐਂਟੀਬੈਕਟੀਰੀਅਲ ਗੁਣ ਹੁੰਦੇ ਹਨ ਜੋ ਗਲੇ ਵਿੱਚ ਬੈਕਟੀਰੀਆ ਨੂੰ ਮਾਰਨ ਵਿੱਚ ਮਦਦ ਕਰ ਸਕਦੇ ਹਨ। ਇਸ ਨਾਲ ਤੁਹਾਨੂੰ ਗਲੇ ਦੀ ਖਰਾਸ਼ ਤੋਂ ਬਹੁਤ ਰਾਹਤ ਮਿਲਦੀ ਹੈ।

**ਐਂਟੀਵਾਇਰਲ ਗੁਣਾਂ ਨਾਲ ਭਰਪੂਰ ਹੁੰਦੀ ਹੈ ਦਾਲਚੀਨੀ**

ਦਾਲਚੀਨੀ ਵਿੱਚ ਐਂਟੀਵਾਇਰਲ ਗੁਣ ਹੁੰਦੇ ਹਨ ਜੋ ਗਲੇ ਵਿੱਚ ਵਾਇਰਸ ਨੂੰ ਮਾਰਨ ਵਿੱਚ ਮਦਦ ਕਰ ਸਕਦੇ ਹਨ। ਇਹ ਤੁਹਾਨੂੰ ਵਾਇਰਲ ਇਨਫੈਕਸ਼ਨ ਨਾਲ ਲੜਨ ਦੀ ਤਾਕਤ ਦਿੰਦਾ ਹੈ। ਰੋਜ਼ਾਨਾ ਦਾਲਚੀਨੀ ਦਾ ਇੱਕ ਛੋਟਾ ਜਿਹਾ ਟੁਕੜਾ ਚਬਾਉਣ ਨਾਲ ਵੀ ਤੁਹਾਡੇ ਸਰੀਰ ਦੀ ਇਮਿਊਨ ਸਿਸਟਮ ਮਜ਼ਬੂਤ ਹੁੰਦੀ ਹੈ।

**ਦਾਲਚੀਨੀ ਵਾਲੀ ਚਾਹ ਬਣਾਓ:** ਦਾਲਚੀਨੀ ਵਾਲੀ ਚਾਹ ਬਣਾਉਣ ਲਈ, ਦਾਲਚੀਨੀ ਦੇ ਇੱਕ ਟੁਕੜੇ ਨੂੰ ਪਾਣੀ ਵਿੱਚ ਉਬਾਲੋ ਅਤੇ ਫਿਰ ਇਸਨੂੰ ਪੀਓ। ਚਾਹ ਬਣਾਉਂਦੇ ਸਮੇਂ, ਉਸ ਵਿੱਚ ਦਾਲਚੀਨੀ ਦਾ ਇੱਕ ਛੋਟਾ ਜਿਹਾ ਟੁਕੜਾ ਪਾ ਦਿ । ਫਿਰ ਇਸਨੂੰ ਛਾਣ ਕੇ ਪੀ । ਇਸ ਨਾਲ ਤੁਹਾਨੂੰ ਬਹੁਤ ਸਾਰੇ ਫਾਇਦੇ ਮਿਲਦੇ ਹਨ।

**ਦਾਲਚੀਨੀ ਪਾਊਡਰ ਬਣਾਓ:** ਦਾਲਚੀਨੀ ਪਾਊਡਰ ਬਣਾਉਣ ਲਈ, ਦਾਲਚੀਨੀ ਦੀਆਂ ਡੰਡੀਆਂ ਨੂੰ ਪੀਸ ਲ ਅਤੇ ਫਿਰ ਇਸਨੂੰ ਪਾਣੀ ਵਿੱਚ ਮਿਲਾ ਕੇ ਪੀ । ਤੁਸੀਂ ਇਸ ਪਾਊਡਰ ਨੂੰ ਸਲਾਦ ਜਾਂ ਪਾਪੜ 'ਤੇ ਪਾ ਕੇ ਵੀ ਖਾ ਸਕਦੇ ਹੋ।

**ਆਪਣੀ ਖੁਰਾਕ ਵਿੱਚ ਦਾਲਚੀਨੀ ਸ਼ਾਮਲ ਕਰੋ:** ਆਪਣੀ ਖੁਰਾਕ ਵਿੱਚ ਦਾਲਚੀਨੀ ਸ਼ਾਮਲ ਕਰਨ ਲਈ, ਆਪਣੇ ਭੋਜਨ ਵਿੱਚ ਬਸ ਦਾਲਚੀਨੀ ਦਾ ਇੱਕ ਟੁਕੜਾ ਸ਼ਾਮਲ ਕਰੋ। ਯਾਦ ਰੱਖੋ ਕਿ ਦਾਲਚੀਨੀ ਦੀ ਵਰਤੋਂ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੇ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ, ਖਾਸ ਕਰ ਕੇ ਜੇ ਤੁਹਾਨੂੰ ਕੋਈ ਸਿਹਤ ਸਮੱਸਿਆ ਹੈ।

# ਜਾਨਵਰਾਂ ਦਾ ਜੰਗਲਾਂ ਤੋਂ ਮਨੁੱਖੀ ਘਰਾਂ ਤਕ ਸਫ਼ਰ


**ਅਰਤਿੰਦਰ ਸੰਧੂ**

ਮਨੁੱਖ ਦੇ ਜੰਗਲੀ ਜੀਵਾਂ ਨਾਲ ਸਬੰਧ ਮਨੁੱਖ ਦੇ ਵਿਕਸਿਤ ਹੋ ਕੇ ਜੰਗਲਾਂ ਵਿਚ ਰਹਿਣ ਦੇ ਇਤਿਹਾਸ ਜਿੰਨੇ ਹੀ ਪੁਰਾਣੇ ਹਨ। ਉਸ ਦੇ ਪੈਦਾ ਹੋਣ ਤੋਂ ਪਹਿਲਾਂ ਧਰਤੀ 'ਤੇ ਜੰਗਲ ਸਨ ਅਤੇ ਉਨ੍ਹਾਂ ਵਿਚ ਬਹੁਤ ਸਾਰੇ ਜੰਗਲੀ ਜਾਨਵਰ ਰਹਿੰਦੇ ਸਨ ਜਿਨ੍ਹਾਂ ਵਿਚ ਨਿੱਕੇ ਮਾਸੂਮ ਜੀਵ ਤੋਂ ਵਿਸ਼ਾਲ ਖ਼ੂੰਖਾਰ ਜਾਨਵਰ ਤੱਕ ਸ਼ਾਮਿਲ ਸਨ। ਇਨ੍ਹਾਂ ਜੰਗਲੀ ਜੀਵਾਂ ਦੇ ਸੰਗ ਸਾਥ ਵਿਚ ਮਨੁੱਖ ਵੀ ਉਨ੍ਹਾਂ ਵਾਂਗ ਹੀ ਰਹਿੰਦਾ ਸੀ। ਕਦੀ ਉਹ ਉਸ ਨੂੰ ਖਾ ਜਾਂਦੇ ਹੋਣਗੇ ਅਤੇ ਕਦੇ ਉਹ ਉਨ੍ਹਾਂ ਨੂੰ ਖਾਂਦਾ ਹੋਵੇਗਾ । ਫਿਰ ਇਨ੍ਹਾਂ ਜੀਵਾਂ ਨੂੰ ਖਾਂਦਾ-ਖਾਂਦਾ ਉਹ ਘਾਹ ਤੇ ਜੰਗਲੀ ਫਲ ਖਾਣ ਵਾਲੇ ਜੀਵਾਂ ਨੂੰ ਵੇਖ ਕੇ ਆਪ ਵੀ ਜੰਗਲੀ ਬਨਸਪਤੀ ਤੇ ਫਲ ਫਰੂਟ ਨੂੰ ਆਪਣੀ ਖ਼ੁਰਾਕ ਵਿਚ ਸ਼ਾਮਿਲ ਕਰਨ ਲੱਗ ਪਿਆ ਹੋਣਾ ਹੈ। ਜਦੋਂ ਉਸ ਨੇ ਜੰਗਲ ਦੇ ਦੂਜੇ ਜੀਵਾਂ ਨਾਲੋਂ ਆਪਣਾ ਵੱਖਰਾਪਣ ਜਾਣਿਆਂ ਤਾਂ ਉਸ ਨੇ ਆਪ ਉਨ੍ਹਾਂ ਫਲਾਂ ਤੇ ਅਨਾਜ ਆਦਿ ਦੀ ਲੋੜ ਪੂਰੀ ਕਰਨ ਵਾਸਤੇ ਉਨ੍ਹਾਂ ਨੂੰ ਪੈਦਾ ਕਰਨ ਦੀ ਜਾਚ ਉਸਾਰੀ। ਜੰਗਲਾਂ ਨੂੰ ਕੱਟ ਕੇ ਉੱਥੇ ਘਰ ਬਣਾਏ ਅਤੇ ਖੇਤੀ ਕਰਨੀ ਸ਼ੁਰੂ ਕੀਤੀ। ਕੁਝ ਜੰਗਲੀ ਜਾਨਵਰਾਂ ਨੂੰ ਵੀ ਕਾਬੂ ਕਰ ਕੇ ਘਰਾਂ 'ਚ ਲੈ ਆਇਆ ਕਿਉਂਕਿ ਉਨ੍ਹਾਂ ਤੋਂ ਬਿਨਾਂ ਉਸ ਦਾ ਕੰਮ ਹੀ ਨਹੀਂ ਸੀ ਚੱਲਣਾ। ਹੌਲੀ-ਹੌਲ਼ੀ ਮਨੁੱਖ ਨੇ ਉਨ੍ਹਾਂ ਨੂੰ ਕਾਬੂ ਕਰਨ ਦੇ ਤਰੀਕੇ ਵੀ ਈਜਾਦ ਕਰ ਲਏ ਅਤੇ ਆਪਣੇ ਤੋਂ ਵਧੇਰੇ ਸ਼ਕਤੀਸ਼ਾਲੀ ਜਾਨਵਰਾਂ ਨੂੰ ਆਪਣੀ ਵਰਤੋਂ ਵਾਸਤੇ ਪਾਲਤੂ ਬਣਾ ਲਿਆ।

### ਜੰਗਲੀ ਜੀਵਾਂ ਨੂੰ ਪਾਲਤੂ ਬਣਾਉਣਾ

ਉਨ੍ਹਾਂ ਜਾਨਵਰਾਂ ਕੋਲ ਜੰਗਲ ਦੇ ਬੇਰਹਿਮ ਮਾਹੌਲ ਵਿਚ ਰਹਿਣ ਵਾਸਤੇ ਆਪਣੇ ਬਚਾਅ ਤੇ ਖ਼ੁਰਾਕ ਪ੍ਰਾਪਤ ਕਰਨ ਵਾਸਤੇ ਕੁਦਰਤ ਵੱਲੋਂ ਦਿੱਤੇ ਅੰਗ ਤੇ ਲੋੜ ਅਨੁਸਾਰ ਆਪ ਵਿਕਸਿਤ ਕੀਤੀਆਂ ਆਦਤਾਂ ਦੇ ਸੰਦ ਵੀ ਸਨ। ਉਨ੍ਹਾਂ ਅੰਗਾਂ ਤੇ ਸੰਦਾਂ ਦੀ ਲੋੜ ਵੀ ਸੀ ਕਿਉਂਕਿ ਡਾਰਵਿਨ ਦੇ ਕੁਦਰਤੀ ਚੋਣ ਦੇ ਨਿਯਮ ਅਨੁਸਾਰ ਤਕੜੇ ਨੇ ਹੀ ਬਚਣਾ ਹੁੰਦਾ ਹੈ। ਜੀਵਾਂ ਦੇ ਖ਼ਤਰਨਾਕ ਕੁਦਰਤੀ ਸੰਦਾਂ ਦੇ ਹੁੰਦਿਆਂ ਜੇ ਮਨੁੱਖ ਇਨ੍ਹਾਂ ਨੂੰ ਪਾਲਤੂ ਬਣਾ ਸਕਿਆ ਤਾਂ ਇਸ ਪਿੱਛੇ ਕਿੰਨਾ ਤਜਰਬਾ ਤੇ ਮਿਹਨਤ ਲੱਗੀ ਹੋਵੇਗੀ। ਇਨ੍ਹਾਂ ਜਾਨਵਰਾਂ ਨੂੰ ਜੰਗਲੀ ਤੋਂ ਇਨਸਾਨੀ ਸੱਭਿਅਤਾ ਮੁਤਾਬਿਕ ਸੱਭਿਅਕ ਬਣਾਉਣ ਪਿੱਛੋਂ ਮਨੁੱਖ ਆਪ ਵੀ ਅਵੇਸਲ਼ਾ ਨਹੀਂ ਸੀ ਰਹਿ ਸਕਦਾ। ਜਾਨਵਰਾਂ ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਵਾਸਤੇ ਇਨ੍ਹਾਂ ਜੀਵਾਂ ਦੀਆਂ ਆਦਤਾਂ ਤੇ ਖ਼ੁਰਾਕ ਨੂੰ ਯਾਦ ਰੱਖਦਿਆਂ ਹੀ ਇਨ੍ਹਾਂ ਦੀ ਵਰਤੋਂ ਕਰਨੀ ਸੰਭਵ ਹੋ ਸਕਦੀ ਸੀ। ਸੋ ਇਨਸਾਨ ਇਨ੍ਹਾਂ ਗੱਲਾਂ ਦਾ ਖਿਆਲ ਰੱਖ ਕੇ ਜੰਗਲੀ ਜੀਵਾਂ ਨੂੰ ਆਪਣਾ ਪਾਲਤੂ ਬਣਾਇਆ। ਜਿੱਥੇ ਇਨਸਾਨ ਨੇ ਆਪਣੇ ਲਾਭ ਵਾਸਤੇ ਇਨ੍ਹਾਂ ਨਾਲ ਨਿਭਾਉਣਾ ਸਿੱਖਿਆ ਉੱਥੇ ਇਨ੍ਹਾਂ ਜੀਵਾਂ ਨੇ ਵੀ ਸਮੇਂ ਨਾਲ ਆਪਣੇ ਆਪ ਨੂੰ ਮਨੁੱਖਾਂ ਵੱਲੋਂ ਦਿੱਤੇ ਜਾ ਰਹੇ ਹਾਲਾਤ ਅਨੁਸਾਰ ਢਾ਼ਲ ਲਿਆ।ਫਿਰ ਇਹ ਬਾਹਰ ਮਨਮਰਜ਼ੀ ਨਾਲ ਵਿਚਰਦਿਆਂ ਮਨਪਸੰਦ ਭੋਜਨ ਲੱਭ ਕੇ ਖਾਣ ਨਾਲੋਂ ਮਨੁੱਖ ਵੱ਼ਲੋਂ ਉਨ੍ਹਾਂ ਨੂੰ ਪਰੋਸੀ ਜਾਂਦੀ ਖ਼ੁਰਾਕ ਦੇ ਆਦੀ ਹੋ ਗਏ ਤੇ ਮਨੁੱਖ ਤੇ ਨਿਰਭਰ ਵੀ ਹੁੰਦੇ ਚਲੇ ਗਏ। ਇਕ ਤਰੀਕੇ ਨਾ਼ਲ ਆਪਣੀ ਜੰਗ਼ਲ ਵਿਚ ਘੁੰਮਣ ਤੇ ਆਪਣੇ ਤੋਂ ਡਾਢੇ ਜਾਨਵਰਾਂ ਦਾ ਮੁਕਾਬਲਾ ਕਰਨ ਦੀ ਆਦਤ ਵੀ ਸ਼ਾਇਦ ਸਮੇਂ ਨਾਲ ਭੁਲਾ ਹੀ ਬੈਠੇ ।ਹੁਣ ਇਕ ਇਕੱਲਾ ਆਦਮੀ/ ਔਰਤ ਜਾਂ ਦਸ ਬਾਰਾਂ ਸਾਲਾਂ ਦਾ ਮੁੰਡਾ ਵੀ ਵੀਹ ਪੰਝੀ ਮੱਝਾਂ ਤੇ ਗਾਵਾਂ ਨੂੰ ਇਕ ਨਿੱਕਾ ਜਿਹਾ ਡੰਡਾ ਹੀ ਹੱਥ ਵਿਚ ਫੜ ਕੇ ਬਾਹਰ ਚਾਰਨ ਜਾਂ ਘੁੰਮਾਉਣ ਵਾਸਤੇ ਲੈ ਜਾਂਦਾ ਹੈ ਤੇ ਆਪਣੀ ਮਰਜ਼ੀ ਦੇ ਰਸਤਿਆਂ ਰਾਹੀਂ ਵਾਪਸ ਵੀ ਲੈ ਆਉਂਦਾ ਹੈ। ਵਾਪਸ ਲਿਆ ਕੇ ਉਨ੍ਹਾਂ ਦੀਆਂ ਖ਼ੁਰਲੀਆਂ ਦੇ ਨੇੜੇ ਠੋਕੇ ਕਿੱਲਿਆਂ ਨਾਲ ਰੱਸੇ ਪਾ ਕੇ ਬੰਨ੍ਹ ਵੀ ਦੇਂਦਾ ਹੈ।ਜਦੋਂਕਿ ਹਕੀਕਤ ਵਿਚ ਤਾਂ ਇਕ ਇਨਸਾਨ ਵਿਚ ਇਕ ਇਕੱਲੀ ਮੱਝ ਜਾਂ ਗਾਂ ਦਾ ਮੁਕਾਬਲਾ ਕਰਨ ਜਿੰਨੀ ਤਾਕਤ ਵੀ ਨਹੀਂ ਹੁੰਦੀ।

ਇਹੋ ਉਦਾਹਰਣ ਹੋਰ ਵੀ ਵੱਡੇ ਜੀਵਾਂ ਵਾਸਤੇ ਲਾਗੂ ਹੁੰਦੀ ਹੈ। ਕਈਆਂ ਜਾਨਵਰਾਂ ਨੂੰ ਤਾਂ ਨੱਕ ਵਿਚ ਨੁਕੇਲ ਪਾ ਕੇ ਕਾਬੂ ਕਰ ਲਿਆ ਜਾਂਦਾ ਹੈ। ਸਿਰਫ਼ ਪੀੜ੍ਹੀਆਂ ਦੇ ਸਫ਼ਰ ਦੌਰਾਨ ਉਨ੍ਹਾਂ ਨੇ ਖ਼ੁਦ ਬੰਦੇ ਵੱਲੋਂ ਉਨ੍ਹਾਂ ਨੂੰ ਦਿੱਤੇ ਜਾ ਰਹੇ ਹਾਲਾਤ ਨਾ਼ਲ ਇਵੇਂ ਸਮਝੌਤਾ ਕਰ ਲਿਆ ਹੈ (ਆਦਤ ਪੈ ਗਈ ਹੈ)ਤੇ ਜਾਂ ਫਿਰ ਉਨ੍ਹਾਂ ਨੂੰ ਵੀ ਜੰਗਲ ਦੇ ਮੁਕਾਬਲੇ ਇਸ ਤਰ੍ਹਾਂ ਰਹਿਣਾ ਆਸਾਨ ਲੱਗਣ ਲੱਗ ਪਿਆ ਹੈ। ਨੈਸ਼ਨਲ ਜਿ ਗ੍ਰਾਫਿਕ ਚੈਨਲ ਵਿਚ ਕਈ ਵਾਰ ਦਿਖਾਇਆ ਜਾਂਦਾ ਹੈ ਕਿ ਜਿਹੜੇ ਜੰਗਲੀ ਜਾਨਵਰਾਂ ਦੇ ਬੱਚਿਆਂ ਨੂੰ ਕਿਸੇ ਬਿਮਾਰੀ ਜਾਂ ਸੱਟ ਫੇਟ ਕਾਰਨ ਇਲਾਜ ਵਾਸਤੇ ਕੁਝ ਦੇਰ ਜੰਗਲ ਤੋਂ ਦੂਰ ਰੱਖਣਾ ਪੈਂਦਾ ਹੈ,ਉਨ੍ਹਾਂ ਨੂੰ ਮੁੜ ਤੋਂ ਜੰਗਲ ਵਿਚ ਛੱਡਣ ਵੇ਼ਲੇ ਬਹੁਤ ਅਹਿਤਿਆਤ ਵਰਤੀ ਜਾਂਦੀ ਹੈ। ਨਿਗਰਾਨੀ ਰੱਖੀ ਜਾਂਦੀ ਹੈ ਕਿ ਉਹ ਹੌਲੀ-ਹੌਲੀ ਜੰਗਲ ਦੀ ਜ਼ਿੰਦਗੀ ਵਿਚ ਰਚਮਿਚ ਜਾਣ।ਬਹੁਤ ਸਹਿਜ ਸਹਿਜ ਤੇ ਕਰੜੀ ਨਜ਼ਰ ਹੇਠ ਹੀ ਉਨ੍ਹਾਂ ਨੂੰ ਮੁੜ ਜੰਗਲ 'ਚ ਛੱਡਿਆ ਜਾਂਦਾ ਹੈ। ਹੁਣ ਜੇ ਜੰਗਲਾਂ ਦੇ ਵਾਸੀ ਆਪਣੇ ਆਜ਼ਾਦ ਮਾਹੌਲ ਤੋਂ ਦੂਰ ਸਾਡੇ ਵਿਚਕਾਰ ਸਾਡੇ ਦਿੱਤੇ ਹਾਲਾਤ ਅਨੁਸਾਰ ਰਹਿੰਦੇ ਹਨ ਤਾਂ ਕੁਝ ਵੀ ਕਹੀਏ, ਇਹ ਜੰਗਲੀ ਜੀਵਾਂ ਦਾ ਬੰਦੇ ਨਾਲ ਅਨੁਕੂਲਣ ਤਾਂ ਹੈ ਹੀ!



### ਆਦਤਾਂ 'ਚ ਬਦਲਾਅ

ਜੇ ਇਸ ਅਨੁਕੂਲਣ ਦਾ ਘਰਾਂ 'ਚ ਆਮ ਤੌਰ 'ਤੇ ਪਾਲਤੂ ਰੱਖੇ ਜਾਂਦੇ ਜੀਵਾਂ 'ਤੇ ਅਸਰ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀਆਂ ਮੁੱਢਲੀਆਂ ਆਦਤਾਂ ਵਿਚ ਹੁਣ ਤੱਕ ਜ਼ਮੀਨ ਅਸਮਾਨ ਦਾ ਅੰਤਰ ਆ ਚੁੱਕਾ ਹੈ। ਇਨਸਾਨ ਨੇ ਇਨ੍ਹਾਂ ਦੀਆਂ ਜਾਤੀਆਂ ਤੇ ਅੰਤਰ ਜਾਤੀਆਂ ਵਿਚਕਾਰ ਨਵੇਂ ਤਜਰਬਿਆਂ ਦੀ ਮਦਦ ਨਾਲ ਕੁੱਤਿਆਂ ਬਿੱਲੀਆਂ ਤੇ ਹੋਰ ਪਾਲਤੂ ਜੀਵਾਂ ਦੀਆਂ ਅਜਿਹੀਆਂ ਕਿਸਮਾਂ ਵਿਕਸਿਤ ਕਰ ਲਈਆਂ ਹਨ ਜਿਹੜੀਆਂ ਇਨਸਾਨ ਤੇ ਸ਼ੱਤ ਪ੍ਰਤੀਸ਼ਤ ਨਿਰਭਰ ਰਹਿਣ ਵਾ਼ਲੀਆਂ ਹਨ। ਗਾਵਾਂ ਮੱਝਾਂ ਤੇ ਹੋਰ ਜੀਵਾਂ ਉੱਤੇ ਤਾਂ ਵਧੇਰੇ ਦੁੱਧ ਪ੍ਰਾਪਤ ਕਰਨ ਤੇ ਬਿਮਾਰੀਆਂ ਤੋਂ ਬਚਾਉਣ ਵਾਸਤੇ ਅਜਿਹੇ ਤਜਰਬੇ ਅਕਸਰ ਹੀ ਕੀਤੇ ਜਾਂਦੇ ਹਨ। ਪਰ ਮਸ਼ੀਨੀਕਰਨ ਦਾ ਯੁੱਗ ਆ ਜਾਣ ਕਾਰਨ ਇਸ ਦਾ ਅਸਰ ਇਨਸਾਨ ਦੀਆਂ ਜੀਵਾਂ ਪ੍ਰਤੀ ਭਾਵਨਾਵਾਂ ਵੀ ਹੋਣ ਲੱਗ ਪਿਆ ਹੈ ਤੇ ਇਸ ਦਾ ਅਸਰ ਉਹ ਪਾਲਤੂ ਜਾਨਵਰਾਂ ਤੇ ਇਸ ਤਰ੍ਹਾਂ ਲਾਗੂ ਕਰ ਰਿਹਾ ਹੈ ਕਿ ਇਨ੍ਹਾਂ ਜਾਨਵਰਾਂ ਦੀਆਂ ਜ਼ਿੰਦਗੀਆਂ ਇਨਸਾਨੀ ਜਬਰ ਹੇਠ ਆ ਗਈਆਂ ਹਨ।

### ਬਿਪਤਾ ਵੇਲੇ ਦੀ ਹਾਲਤ

ਮੱਧ ਪੂਰਬ ਦੇ ਦੇਸ਼ਾਂ ਵਿਚ ਬਿੱਲੀਆਂ ਪਾਲਣ ਦਾ ਬਹੁਤ ਰੁਝਾਨ ਹੈ। ਆਬੂਧਾਬੀ ਵਿਚ ਕਿਸੇ ਕਾਰਨ ਬਹੁਤ ਸਾਰੇ ਲੋਕਾਂ ਨੇ ਬਿੱਲੀਆਂ ਨੂੰ ਘਰਾਂ ਤੋਂ ਕੱਢ ਕੇ ਬਾਹਰ ਰੇਤਲੇ ਮੈਦਾਨ ਵਿਚ ਛੱਡ ਦਿੱਤਾ। ਏਅਰ ਕੰਡੀਸ਼ਨ ਕਮਰਿਆਂ ਵਿਚ ਰਹਿਣ ਗਿੱਝੀਆਂ ਤੇ ਬਣੀ ਬਣਾਈ ਖ਼ੁਰਾਕ ਖਾਣ ਦੀਆਂ ਆਦੀ 60 ਦੇ ਕਰੀਬ ਬਿੱਲੀਆਂ ਤਾਂ ਉਸ ਪੰਜਾਹ ਡਿਗਰੀ ਸੈਲਸੀਅਸ ਦੀ ਤਪਦੀ ਰੇਤ ਵਿਚ ਮਰ ਗਈਆਂ। ਇਹ ਖ਼ਬਰ ਦੁਨੀਆ ਵਿਚ ਪਹੁੰਚੀ। ਇੰਗਲੈਂਡ ਤੋਂ ਜਾਨਵਰਾਂ ਨਾਲ ਹਮਦਰਦੀ ਰੱਖਣ ਵਾਲੇ ਇਕ ਗਰੁੱਪ ਦੇ ਮੈਂਬਰ ਆਬੂਧਾਬੀ ਗਏ ਤੇ ਬੜੇ ਤਰੱਦਦ ਨਾਲ ਚੁਰਾਨਵੇਂ ਬਿੱਲੀਆਂ ਨੂੰ ਬਚਾਅ ਲਿਆ।

ਇਸ ਟੋਲੇ ਦੀ ਇੰਚਾਰਜ਼ ਪੰਜਾਬੀ ਸ਼ਾਇਰਾ ਅਮਰ ਜਿ ਤੀ ਦੀ ਬੇਟੀ ਸੀ। 2008 ਵਿਚ ਅਮਰੀਕਾ ਵਿਚ ਆਈ ਆਰਥਿਕ ਮੰਦੀ ਵੇ਼ਲੇ ਵੇਖਣ ਵਿਚ ਆਈ ਸੀ। ਕਈ ਪਰਿਵਾਰਾਂ ਨੇ ਪਾਲਤੂ ਕੁੱਤੇ ਤੇ ਬਿੱਲੀਆਂ ਰੱਖੇ ਹੋਏ ਸਨ। ਇਸ ਸੰਕਟ ਵੇਲੇ ਲੋਕ ਪਾਲਤੂ ਜਾਨਵਰਾਂ ਨੂੰ ਛੱਡ ਕੇ ਦੂਰ ਸ਼ਹਿਰਾਂ ਵੱਲ ਚਲੇ ਗਏ। ਉਨ੍ਹਾਂ ਦੇ ਰੱਖੇ ਪਾਲਤੂ ਜਾਨਵਰ ਭੁੱਖੇ ਮਰਦੇ ਤਰਸ ਰਹੇ ਸਨ।

ਇਨਸਾਨ ਜਿਸ ਨੂੰ ਪਾਲਤੂ ਬਣਾਉਂਦਾ ਹੈ ਉਹ ਇਨਸਾਨਾਂ ਵਿਚ ਉਨ੍ਹਾਂ ਵਾਂਗ ਰਹਿੰਦਿਆਂ ਕੁਦਰਤੀ ਸੁਭਾਅ ਭੁੱਲ ਹੀ ਜਾਂਦਾ ਹੈ। ਨਿਰਭਰਤਾ ਉਸ ਨੂੰ ਕੁਦਰਤ ਨਾ਼ਲੋਂ ਤੋੜ ਦੇਂਦੀ ਹੈ। ਰਾਬਰਟ ਵਾਲਡੋ ਇਮਰਸਨ ਦਾ ਕਥਨ ਹੈ ਕਿ ਕੁਦਰਤ ਨਾ਼ਲ ਰਹੀਏ ਕਿਉਂਕਿ ਸਾਡਾ ਮੁੱਢਲਾ ਸੁਭਾਅ ਕੁਦਰਤ ਵਿਚ ਰਹਿਣਾ ਹੀ ਹੈ। ਪਰ ਮਨੁੱਖ ਵੱਲੋਂ ਪਾਲਤੂ ਬਣਾਏ ਜਾਨਵਰਾਂ ਦੇ ਆਜ਼ਾਦਾਨਾ ਤੌਰ 'ਤੇ ਜਿਉਂਦਿਆਂ ਕੁਦਰਤੀ ਸੁਭਾਅ ਅਨੁਸਾਰ ਰਹਿਣ ਸਹਿਣ ਦੀਆਂ ਆਦਤਾਂ ਬਦਲ ਰਹੀਆਂ ਹਨ।

# ਹਨੇਰਮਈ ਦੌਰ 'ਚੋਂ ਲੰਘ ਰਹੀਆਂ ਨੇ ਅਫ਼ਗਾਨ ਔਰਤਾਂ

**ਕਸ਼ਮਾ ਸ਼ਰਮਾ**

ਬੀਤੇ ਦਿਨੀਂ ਆਸਟ੍ਰੇਲੀਆ ਵਿਚ ਰਹਿ ਰਹੀਆਂ ਅਫ਼ਗਾਨ ਲੜਕੀਆਂ ਨੇ ਸਾਲਾਂ ਬਾਅਦ ਕ੍ਰਿਕਟ ਖੇਡੀ। ਤਾਲਿਬਾਨ ਨੇ ਸੱਤਾ 'ਤੇ ਕਾਬਜ਼ ਹੁੰਦੇ ਹੀ ਉਨ੍ਹਾਂ ਦੇ ਖੇਡਣ ਤੇ ਉਨ੍ਹਾਂ ਦੀ ਕ੍ਰਿਕਟ ਟੀਮ 'ਤੇ ਪਾਬੰਦੀ ਲਾ ਦਿੱਤੀ ਸੀ। ਇਸ ਤੋਂ ਬਾਅਦ ਕ੍ਰਿਕਟ ਖੇਡਣ ਵਾਲੀਆਂ ਕੁੜੀਆਂ ਕਿਸੇ ਤਰ੍ਹਾਂ ਭੱਜ ਕੇ ਆਸਟ੍ਰੇਲੀਆ ਪੁੱਜ ਗਈਆਂ ਸਨ। ਕ੍ਰਿਕਟ ਆਸਟ੍ਰੇਲੀਆ ਦੇ ਸਹਿਯੋਗ ਨਾਲ ਉਹ ਬੀਤੇ ਹਫ਼ਤੇ ਆਪਣਾ ਪਹਿਲਾ ਮੈਚ ਕ੍ਰਿਕਟ ਵਿਦਾਊਟ ਬਾਰਡਰਜ਼ ਟੀਮ ਨਾਲ ਖੇਡਣ ਵਿਚ ਸਮਰੱਥ ਹੋ ਸਕੀਆਂ। ਤਾਲਿਬਾਨ ਮਾਮੂਲੀ ਮਨੁੱਖੀ ਕਦਰਾਂ-ਕੀਮਤਾਂ ਤੋਂ ਵੀ ਰਹਿਤ ਹਨ। ਉਹ ਆਪਣੇ ਇੱਥੇ ਮਹਿਲਾਵਾਂ ਦਾ ਜਿਉਣਾ ਮੁਹਾਲ ਕਰ ਰਹੇ ਹਨ। ਚਿੰਤਾ ਅਤੇ ਦੁੱਖ ਵਾਲੀ ਗੱਲ ਇਹ ਹੈ ਕਿ ਦੁਨੀਆ ਭਰ ਦੇ ਇਸਤਰੀਵਾਦੀ ਅੰਦੋਲਨ ਉਨ੍ਹਾਂ ਦੀ ਸਥਿਤੀ 'ਤੇ ਲਗਪਗ ਖ਼ਾਮੋਸ਼ ਹਨ। ਸਾਡੇ ਇੱਥੇ ਵੀ ਉਨ੍ਹਾਂ ਦੇ ਪੱਖ ਵਿਚ ਆਵਾਜ਼ ਨਹੀਂ ਉੱਠ ਰਹੀ ਹੈ। ਮਨੁੱਖੀ ਹੱਕਾਂ ਦਾ ਚੈਂਪੀਅਨ ਕਹਾਉਣ ਵਾਲਾ ਅਮਰੀਕਾ ਵੀ ਚੁੱਪ ਹੈ ਜਦਕਿ ਉਸ ਦੀ ਕਮਜ਼ੋਰੀ ਕਾਰਨ ਹੀ ਤਾਲਿਬਾਨ ਅਫ਼ਗਾਨਿਸਤਾਨ 'ਤੇ ਕਾਬਜ਼ ਹੋਏ ਸਨ।

ਡੋਨਾਲਡ ਟਰੰਪ ਰਾਸ਼ਟਰਪਤੀ ਬਣਨ ਤੋਂ ਬਾਅਦ ਤੋਂ ਅਮਰੀਕਾ ਨੂੰ ਫਿਰ ਤੋਂ ਗ੍ਰੇਟ ਬਣਾਉਣ ਦੀਆਂ ਗੱਲਾਂ ਕਰ ਰਹੇ ਹਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਇਹ ਸਵਾਲ ਉੱਠਦਾ ਹੈ ਕਿ ਆਖ਼ਰ ਅਮਰੀਕਾ ਇੰਨਾ ਕਮਜ਼ੋਰ ਕਿਵੇਂ ਹੋ ਗਿਆ? ਦੇਖਿਆ ਜਾਵੇ ਤਾਂ ਉਸ ਦੀ ਕਮਜ਼ੋਰੀ ਦੀ ਸਭ ਤੋਂ ਵੱਡੀ ਮਿਸਾਲ ਅਫ਼ਗਾਨਿਸਤਾਨ ਤੋਂ ਉਸ ਦਾ ਸਿਰ 'ਤੇ ਪੈਰ ਰੱਖ ਕੇ ਭੱਜਣਾ ਰਿਹਾ। ਅਫ਼ਗਾਨਿਸਤਾਨ ਤੋਂ ਭੱਜਦੇ ਸਮੇਂ ਉਹ ਆਪਣੇ ਸਾਰੇ ਹਥਿਆਰ ਵੀ ਥੇ ਹੀ ਛੱਡ ਗਿਆ ਜਿਸ ਨਾਲ ਉੱਥੇ ਕਾਬਜ਼ ਹੋਏ ਤਾਲਿਬਾਨ ਹੋਰ ਵੀ ਮਜ਼ਬੂਤ ਹੋ ਗਏ। ਅਫ਼ਗਾਨਿਸਤਾਨ ਵਿਚ ਤਾਲਿਬਾਨ ਦੇ ਆਉਣ ਤੋਂ ਬਾਅਦ ਸਭ ਤੋਂ ਵੱਧ ਕਸ਼ਟ ਵਿਚ ਉੱਥੇ ਦੀਆਂ ਮਹਿਲਾਵਾਂ ਤੇ ਲੜਕੀਆਂ ਹਨ। ਅਫ਼ਗਾਨਿਸਤਾਨ ਦੀਆਂ ਇਸਤਰੀਆਂ ਤੇ ਬੱਚੀਆਂ ਦੀਆਂ ਸਮੱਸਿਆਵਾਂ ਭੁਲਾ ਦਿੱਤੀਆਂ ਜਾਣ ਲਾਇਕ ਤਾਂ ਬਿਲਕੁਲ ਵੀ ਨਹੀਂ ਹਨ। ਸੱਤਾ ਵਿਚ ਆਉਣ ਤੋਂ ਬਾਅਦ ਤੋਂ ਤਾਲਿਬਾਨ ਮਹਿਲਾਵਾਂ ਅਤੇ ਲੜਕੀਆਂ ਨੂੰ ਹਰ ਜਗ੍ਹਾ ਤੋਂ ਖਦੇੜ ਰਹੇ ਹਨ। ਉਹ ਘਰਾਂ ਵਿਚ ਬੰਦ ਕੀਤੀਆਂ ਜਾ ਰਹੀਆਂ ਹਨ। ਉਹ ਕਿਸੇ ਪੁਰਸ਼ ਨੂੰ ਨਾਲ ਲਏ ਬਿਨਾਂ ਘਰ ਤੋਂ ਬਾਹਰ ਨਹੀਂ ਨਿਕਲ ਸਕਦੀਆਂ। ਉਹ ਜੇ ਕਿਸੇ ਟੈਕਸੀ ਵਿਚ ਇਕੱਲੀਆਂ ਯਾਤਰਾ ਕਰਨਗੀਆਂ ਤਾਂ ਉਨ੍ਹਾਂ ਦੇ ਨਾਲ-ਨਾਲ ਟੈਕਸੀ ਚਾਲਕ ਨੂੰ ਵੀ ਸਜ਼ਾ ਮਿਲੇਗੀ। ਨਾ ਉਹ ਗਾ ਸਕਦੀਆਂ ਹਨ, ਨਾ ਪਾਰਕ ਵਿਚ ਜਾ ਸਕਦੀਆਂ ਹਨ, ਨਾ ਕਿਸੇ ਨਾਲ ਉੱਚੀ ਆਵਾਜ਼ ਵਿਚ ਗੱਲ ਕਰ ਸਕਦੀਆਂ ਹਨ ਅਤੇ ਨਾ ਹੀ ਸੰਗੀਤ ਸੁਣ ਸਕਦੀਆਂ ਹਨ। ਇਸ ਦੇ ਪਿੱਛੇ ਉੱਥੋਂ ਦੇ ਸ਼ਾਸਕ ਇਹ ਤਰਕ ਰਹਿਤ ਗੱਲ ਆਖ ਰਹੇ ਹਨ ਕਿ ਪੁਰਸ਼ ਤੋਂ ਬਿਨਾਂ ਇਕੱਲੀ ਇਸਤਰੀ ਕਿਸੇ ਹੋਰ ਮਰਦ ਨਾਲ ਸਬੰਧ ਬਣਾ ਸਕਦੀ ਹੈ। ਉਹ ਦੂਜੇ ਪੁਰਸ਼ਾਂ ਨੂੰ ਆਪਣੇ ਵੱਲ ਖਿੱਚ ਸਕਦੀ ਹੈ ਅਤੇ ਇਸ ਨਾਲ ਉਸ ਇਸਤਰੀ ਦਾ ਚਰਿੱਤਰ ਖ਼ਰਾਬ ਹੋ ਸਕਦਾ ਹੈ। ਉਨ੍ਹਾਂ ਦੀ ਮੰ-ਨੀਏ ਤਾਂ ਮਹਿਲਾਵਾਂ ਦੇ ਜੀਵਨ ਦਾ ਇਕਲੌਤਾ ਕੰਮ ਸਿਰਫ਼ ਪੁਰਸ਼ਾਂ ਨੂੰ ਆਪਣੇ ਵੱਲ ਖਿੱਚਣਾ ਅਤੇ ਉਨ੍ਹਾਂ ਨਾਲ ਸਬੰਧ ਬਣਾਉਣਾ ਹੈ। ਇਸੇ ਲਈ ਉਨ੍ਹਾਂ ਨੂੰ ਹਰ ਵਕਤ ਨਾ ਸਿਰਫ਼ ਪਰਦੇ ਵਿਚ ਰਹਿਣਾ ਹੋਵੇਗਾ ਸਗੋਂ ਚਿਹਰੇ ਨੂੰ ਵੀ ਮੋਟੇ ਕੱਪੜਿਆਂ ਨਾਲ ਹਮੇਸ਼ਾ ਢੱਕਣਾ ਹੋਵੇਗਾ। ਹੋਰ ਤਾਂ ਹੋਰ, ਤਾਲਿਬਾਨ ਨੇ ਉਨ੍ਹਾਂ ਸਵੈ-ਸੇਵੀ ਸੰਸਥਾਵਾਂ 'ਤੇ ਵੀ ਰੋਕ ਲਾ ਦਿੱਤੀ ਹੈ ਜੋ ਮਹਿਲਾਵਾਂ ਦੇ ਹਿੱਤਾਂ ਲਈ ਕੰਮ ਕਰਦੀਆਂ ਹਨ।

ਦਿਨੀਂ ਉਸ ਨੇ ਮਹਿਲਾਵਾਂ ਦੁਆਰਾ ਸੰਚਾਲਿਤ ਬੇਗਮ ਰੇਡੀਓ ਵੀ ਬੰਦ ਕਰ ਦਿੱਤਾ। ਤਾਲਿਬਾਨ ਨੇ ਅਫ਼ਗਾਨਿਸਤਾਨ ਵਿਚ ਲੜਕੀਆਂ ਤੋਂ ਸਿੱਖਿਆ ਦਾ ਅਧਿਕਾਰ ਵੀ ਖੋਹ ਲਿਆ ਹੈ। ਉੱਥੇ ਛੇਵੀਂ ਜਮਾਤ ਤੋਂ ਬਾਅਦ ਲੜਕੀਆਂ ਦੀ ਸਿੱਖਿਆ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਕ ਪਾਸੇ ਤਾਂ ਉੱਥੇ ਮਹਿਲਾਵਾਂ ਕਿਸੇ ਪੁਰਸ਼ ਡਾਕਟਰ ਤੋਂ ਇਲਾਜ ਨਹੀਂ ਕਰਵਾ ਸਕਦੀਆਂ ਅਤੇ ਦੂਜੇ ਪਾਸੇ ਉਨ੍ਹਾਂ ਦੇ ਨਰਸ, ਡਾਕਟਰ ਬਣਨ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਜਦ ਲੜਕੀਆਂ ਡਾਕਟਰ ਤੇ ਨਰਸ ਬਣਨਗੀਆਂ ਹੀ ਨਹੀਂ ਤਾਂ ਬਿਮਾਰ ਪੈਣ 'ਤੇ ਦਿਖਾਉਣਗੀਆਂ ਕਿਸ ਨੂੰ? ਜ਼ਾਹਰ ਹੈ ਕਿ ਉੱਥੇ ਇਸਤਰੀਆਂ ਦਾ ਜੀਵਨ ਇਕ ਸਰਾਪ ਵਾਂਗ ਹੈ। ਤਾਲਿਬਾਨੀ ਕਹਿ ਰਹੇ ਹਨ ਕਿ ਲੜਕੀਆਂ ਦਾ ਪਹਿਲਾ ਤੇ ਆਖ਼ਰੀ ਫ਼ਰਜ਼ ਨੌਂ ਸਾਲ ਦੀ ਉਮਰ ਤੋਂ ਬਸ ਸ਼ਾਦੀ ਕਰਨਾ ਤੇ ਬੱਚੇ ਪੈਦਾ ਕਰਨਾ ਹੈ। ਸ਼ਾਇਦ ਇਸੇ ਲਈ ਤਾਲਿਬਾਨ ਨੇ ਹਾਲ ਹੀ ਵਿਚ ਇਹ ਫ਼ੁਰਮਾਨ ਜਾਰੀ ਕੀਤਾ ਕਿ ਹੁਣ ਨਵੇਂ ਘਰਾਂ ਵਿਚ ਅਜਿਹੀਆਂ ਖਿੜਕੀਆਂ ਨਹੀਂ ਬਣਾਈਆਂ ਜਾ ਸਕਣਗੀਆਂ ਜਿੱਥੋਂ ਮਹਿਲਾਵਾਂ ਬਾਹਰ ਦੇਖ ਸਕਣ। ਜਿਨ੍ਹਾਂ ਘਰਾਂ ਵਿਚ ਪਹਿਲਾਂ ਤੋਂ ਖਿੜਕੀਆਂ ਹਨ, ਉਨ੍ਹਾਂ ਨੂੰ ਬੰਦ ਕਰਨਾ ਪਵੇਗਾ। ਕੀ ਇੰਨੀ ਭਿਆਨਕ ਤਸਵੀਰ ਦੀ ਕਲਪਨਾ ਭਾਰਤ ਦੇ ਕਿਸੇ ਪਿੰਡ ਦੀ ਵੀ ਕੋਈ ਇਸਤਰੀ ਕਰ ਸਕਦੀ ਹੈ?



ਅਫ਼ਗਾਨ ਲੜਕੀਆਂ ਲਈ ਖੇਡਣਾ ਤਾਂ ਦੂਰ ਰਿਹਾ, ਉਨ੍ਹਾਂ ਨੂੰ ਖੇਡ ਦੇਖਣ ਦੀ ਵੀ ਆਗਿਆ ਨਹੀਂ। ਇਕ ਸਮੇਂ ਸਾਊਦੀ ਅਰਬ ਵਿਚ ਮਹਿਲਾਵਾਂ ਨੂੰ ਲੈ ਕੇ ਅਫ਼ਗਾਨਿਸਤਾਨ ਵਰਗੀ ਕੱਟੜਤਾ ਸੀ। ਕੁਝ ਲੋਕ ਡੰਡੇ ਲੈ ਕੇ ਸੜਕਾਂ 'ਤੇ ਘੁੰਮਦੇ ਸਨ। ਗ਼ਲਤੀ ਨਾਲ ਵੀ ਕੋਈ ਇਸਤਰੀ ਉੱਥੇ ਦਿਖਾਈ ਦੇ ਜਾਂਦੀ ਤਾਂ ਉਸ ਦੇ ਸਿਰ 'ਤੇ ਡੰਡਾ ਮਾਰਦੇ ਸਨ। ਬਾਹਰ ਦੇ ਕਿਸੇ ਦੇਸ਼ ਤੋਂ ਜੇ ਕੋਈ ਇਸਤਰੀ ਸਾਊਦੀ ਅਰਬ ਆਏ ਤਾਂ ਉਸ ਨੂੰ ਵੀ ਉੱਥੋਂ ਦੀਆਂ ਧਾਰਮਿਕ ਮਾਨਤਾਵਾਂ ਦੀ ਪਾਲਣਾ ਉਸੇ ਤਰ੍ਹਾਂ ਕਰਨੀ ਪੈਂਦੀ ਸੀ, ਨਹੀਂ ਤਾਂ ਆਉਣ ਦੀ ਮਨਾਹੀ ਸੀ ਪਰ ਬਦਲਦੀ ਦੁਨੀਆ ਨਾਲ ਕਦਮਤਾਲ ਕਰਨ ਲਈ ਉਹ ਵੀ ਬਦਲ ਰਿਹਾ ਹੈ। ਹੁਣ ਸਾਊਦੀ ਅਰਬ ਦੇ ਸਮਾਜ ਵਿਚ ਖੁੱਲ੍ਹਾਪਣ ਆ ਰਿਹਾ ਹੈ। ਇਸ ਦਾ ਸਿਹਰਾ ਉੱਥੋਂ ਦੇ ਰਾਜਕੁਮਾਰ ਮੁਹੰਮਦ ਬਿਨ ਸਲਮਾਨ ਨੂੰ ਦਿੱਤਾ ਜਾ ਸਕਦਾ ਹੈ। ਅਫ਼ਗਾਨਿਸਤਾਨ ਵਿਚ ਕਦੇ-ਕਦਾਈਂ ਕੁਝ ਲੋਕ ਮਹਿਲਾਵਾਂ ਦੇ ਹਿੱਤ ਵਿਚ ਆਵਾਜ਼ ਬੁਲੰਦ ਕਰਦੇ ਹਨ। ਹਾਲ ਹੀ ਵਿਚ ਇਕ ਤਾਲਿਬਾਨੀ ਨੇਤਾ ਸ਼ੇਰ ਮੁਹੰਮਦ ਅੱਬਾਸ ਸਟਨਿਕਜ਼ਈ ਨੇ ਕਿਹਾ ਕਿ ਲੜਕੀਆਂ ਨੂੰ ਸਿੱਖਿਆ ਤੋਂ ਵਿਰਵੀਆਂ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਦੀ ਸਿੱਖਿਆ 'ਤੇ ਜੋ ਪਾਬੰਦੀ ਲਗਾਈ ਗਈ ਹੈ, ਉਸ ਨੂੰ ਹਟਾ ਦੇਣਾ ਚਾਹੀਦਾ ਹੈ। ਇਸ ਦੀ ਕੋਈ ਜ਼ਰੂਰਤ ਨਹੀਂ ਹੈ। ਚਾਰ ਕਰੋੜ ਦੀ ਜਨਸੰਖਿਆ ਵਿਚ ਅਸੀਂ ਦੋ ਕਰੋੜ ਵਸੋਂ ਨਾਲ ਬੇਇਨਸਾਫ਼ੀ ਨਹੀਂ ਕਰ ਸਕਦੇ। ਬਦਕਿਸਮਤੀ ਨਾਲ ਇਸ ਦੇ ਕੁਝ ਦਿਨਾਂ ਬਾਅਦ ਖ਼ਬਰ ਆਈ ਕਿ ਸਟਨਿਕਜ਼ਈ ਨੂੰ ਅਫ਼ਗਾਨਿਸਤਾਨ ਛੱਡ ਕੇ ਦੁਬਈ ਜਾਣਾ ਪਿਆ। ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਆਪਣੀ ਗ੍ਰਿਫ਼ਤਾਰੀ ਦਾ ਡਰ ਸੀ। ਇਸ ਤੋਂ ਬਾਅਦ ਇਸਤਰੀਆਂ ਦੇ ਪੱਖ ਵਿਚ ਅਫ਼ਗਾਨਿਸਤਾਨ ਵਿਚ ਆਵਾਜ਼ ਚੁੱਕਣਾ ਹੋਰ ਮੁਸ਼ਕਲ ਹੋ ਜਾਵੇ ਤਾਂ ਹੈਰਾਨੀ ਨਹੀਂ। ਧਿਆਨ ਰਹੇ ਕਿ ਚਾਰੇ ਪਾਸੇ ਘੁੱਪ ਹਨੇਰੇ ਵਿਚ ਰੋਸ਼ਨੀ ਦੀ ਇਕ ਕਿਰਨ ਵੀ ਬਹੁਤ ਸਹਾਰਾ ਦਿੰਦੀ ਹੈ। ਫ਼ਿਲਹਾਲ ਅਫ਼ਗਾਨ ਮਹਿਲਾਵਾਂ ਨੂੰ ਉਹ ਵੀ ਨਹੀਂ ਦਿਸ ਰਹੀ ਹੈ।



# ਡੀਪਸੀਕ: ਏਆਈ ਵੱਲ ਰੁਝਾਨ

ਸਤਿਆਜੀਤ ਜੇਨਾ

ਇੱਕ ਬੇਮਿਸਾਲ ਘਟਨਾਕ੍ਰਮ ਵਿੱਚ ਚੀਨ ਵੱਲੋਂ ਵਿਕਸਤ ਕੀਤੀ ਗਈ ਇੱਕ ਆਰਟੀਫੀਸ਼ੀਅਲ ਇੰਟੈਲੀਜੈਂਸ ਐਪਲੀਕੇਸ਼ਨ ਦਾ ਜਾਦੂ ਆਲਮੀ ਤਕਨੀਕੀ ਸਫ਼ਾਂ ਵਿੱਚ ਸਿਰ ਚੜ੍ਹ ਕੇ ਬੋਲ ਰਿਹਾ ਹੈ। ਇਸ ਨੇ ਏਆਈ ਸਨਅਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਅਤੇ ਇਸ ਖੇਤਰ ਵਿੱਚ ਸਥਾਪਿਤ ਦਿ ਕੱਦ ਕੰਪਨੀਆਂ ਲਈ ਚੁਣੌਤੀ ਪੇਸ਼ ਕਰ ਦਿੱਤੀ ਹੈ। ਡੀਪਸੀਕ ਦੀ ਲੋਕਪ੍ਰਿਅਤਾ ਕਰ ਕੇ ਮਾਈਕਰੋਸਾਫਟ, ਮੇਟਾ, ਐਨਵਿਡੀਆ ਅਤੇ ਅਲਫਾਬੈਟ ਜਿਹੀਆਂ ਅਮਰੀਕਾ ਦੀਆਂ ਵੱਡੀਆਂ ਟੈੱਕ ਕੰਪਨੀਆਂ ਦੇ ਸ਼ੇਅਰਾਂ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਹੈ। ਕੁੱਲ ਮਿਲਾ ਕੇ ਇਨ੍ਹਾਂ ਕੰਪਨੀਆਂ ਦੀ ਬਾਜ਼ਾਰੀ ਕੀਮਤ ਨੂੰ ਇੱਕ ਖਰਬ ਡਾਲਰ ਤੋਂ ਵੱਧ ਨੁਕਸਾਨ ਹੋਇਆ ਹੈ। ਇਕੱਲੀ ਐਨਵਿਡੀਆ ਦੇ ਸ਼ੇਅਰਾਂ ਵਿੱਚ 17.15 ਫ਼ੀਸਦੀ ਨਿਘਾਰ ਆਇਆ ਹੈ ਜਿਸ ਕਰ ਇਸ ਦੀ ਮਾਰਕੀਟ ਪੂੰਜੀਕਾਰੀ ਵਿੱਚ 600 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਡੀਪਸੀਕ ਦੀ ਪ੍ਰਗਤੀ ਨੂੰ 'ਅੱਖਾਂ ਖੋਲ੍ਹਣ ਵਾਲੀ ਘਟਨਾ' ਦੱਸਿਆ ਤੇ ਨਾਲ ਹੀ ਉਨ੍ਹਾਂ ਅਮਰੀਕਾ ਨੂੰ ਏਆਈ ਦੇ ਵਿਕਾਸ ਵਿੱਚ ਪ੍ਰਤੀਯੋਗੀ ਬਣਨ ਦੀ ਲੋੜ ਉੱਪਰ ਜ਼ੋਰ ਦਿੱਤਾ ਹੈ। ਮਾਈਕਰੋਸਾਫਟ ਦੇ ਸੀਈ ਸਤਿਆ ਨਾਡੇਲਾ ਅਤੇ ਪਨਏਆਈ ਸੀਈ ਸੈਮ ਆਲਟਮੈਨ ਜਿਹੇ ਇਸ ਸਨਅਤ ਦੇ ਮੋਹਰੀਆਂ ਨੇ ਡੀਪਸੀਕ ਦੀ ਪ੍ਰਗਤੀ ਨੂੰ ਪ੍ਰਵਾਨ ਕੀਤਾ ਹੈ ਅਤੇ ਆਲਟਮੈਨ ਨੇ ਡੀਪਸੀਕ ਦੇ ਮਾਡਲ ਨੂੰ 'ਬਹੁਤ ਹੀ ਦਿਲਕਸ਼' ਆਖਿਆ ਹੈ।




ਫਿਰ ਇਹ ਡੀਪਸੀਕ ਆਖ਼ਰ ਕੀ ਹੈ? ਡੀਪਸੀਕ ਚੀਨ ਵੱਲੋਂ ਵਿਕਸਤ ਕੀਤਾ ਗਿਆ ਇੱਕ ਐਡਵਾਂਸਡ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰਾਜੈਕਟ ਹੈ। ਇਹ ਲਾਰਜ ਲੈਂਗੁਏਜ ਮਾਡਲ (ਐੱਲਐੱਲਐੱਮ) ਉੱਪਰ ਆਧਾਰਿਤ ਹੈ ਜੋ ਗਹਿਨ ਸਿੱਖਿਆ ਅਤੇ ਟ੍ਰਾਂਸਫਾਰਮਰ ਆਧਾਰਿਤ ਆਰਕੀਟੈਕਚਰ ਨੂੰ ਇਨਸਾਨਾਂ ਜਿਹਾ ਟੈਕਸਟ ਪੈਦਾ ਕਰਨ, ਤਰਕ ਆਧਾਰਿਤ ਕਾਰਜ ਨਿਭਾਉਣ ਅਤੇ ਏਆਈ ਸੰਚਾਲਿਤ ਐਪਲੀਕੇਸ਼ਨਾਂ ਵਿੱਚ ਇਜ਼ਾਫ਼ਾ ਕਰਨ ਦੇ ਯੋਗ ਬਣਾਉਂਦਾ ਹੈ। ਡੀਪਸੀਕ ਨੇ ਓਪਨਏਆਈ ਦੇ ਜੀਪੀਟੀ-4 ਅਤੇ ਗੂਗਲ ਦੇ ਜੈਮਿਨੀ ਜਿਹੇ ਮਾਡਲਾਂ ਲਈ ਚੁਣੌਤੀ ਪੇਸ਼ ਕੀਤੀ ਹੈ। ਮਈ 2023 ਵਿੱਚ ਲਿਆਂਗ ਵੈਨਫੈਂਗ ਵੱਲੋਂ ਇੱਕ ਹੈੱਜ ਫੰਡ ਪ੍ਰਬੰਧਕੀ ਏਜੰਟ ਹਾਈ ਫਲਾਇਰ ਏਆਈ ਦੀ ਮਸ਼ਹੂਰੀ ਵਜੋਂ ਡੀਪਸੀਕ ਦੀ ਸਥਾਪਨਾ ਕੀਤੀ ਗਈ ਸੀ ਜਿਸ ਨੂੰ ਰਵਾਇਤੀ ਵਿੱਤੀ ਔਜ਼ਾਰਾਂ ਲਈ ਏਆਈ ਅਲਗੋਰਿਦਮਾਂ ਦਾ ਆਧਾਰ ਦੇਣ ਲਈ ਵਿਉਂਤਿਆ ਗਿਆ ਸੀ। ਉਸ ਸਮੇਂ ਤੱਕ ਕੰਪਨੀ ਵੱਲ ਕਿਸੇ ਦਾ ਧਿਆਨ ਨਹੀਂ ਸੀ ਗਿਆ ਜਦੋਂ ਇਸ ਨੇ ਇੱਕ ਪੇਪਰ ਜਾਰੀ ਕੀਤਾ ਸੀ ਜਿਸ ਵਿਚ ਮਾਹਿਰਾਂ ਦੇ ਮਿਸ਼ਰਣ (ਐੱਮਓਈ) ਦੇ ਬੁਨਿਆਦੀ ਮਾਡਲ ਤਹਿਤ ਤੱਤਾਂ ਨੂੰ ਜੋੜਨ ਵਾਲੇ ਇੱਕ ਮੌਲਿਕ ਲੋਡ ਬੈਲੈਂਸਰ ਦਾ ਉਲੇਖ ਕੀਤਾ ਗਿਆ ਸੀ।

ਬਾਅਦ ਵਿੱਚ ਛੁੱਟੀਆਂ ਦੇ ਸੀਜ਼ਨ ਦੌਰਾਨ, ਡੀਪਸੀਕ ਏਆਈ ਨੇ ਆਪਣੇ ਡੀਪਸੀਕ ਵੀ3 ਫਾਊਂਡੇਸ਼ਨਲ ਮਾਡਲ ਦੇ ਚੌਖਟੇ ਦੇ ਵੇਰਵੇ ਨਸ਼ਰ ਕੀਤੇ ਸਨ। ਇਸ ਵਿੱਚ 671 ਖਰਬ ਮਾਪਕ ਸ਼ਾਮਿਲ ਹਨ ਜਿਨ੍ਹਾਂ 'ਚੋਂ ਜੈਨਰੇਟ ਕੀਤੇ ਜਾਂਦੇ ਹਰੇਕ ਟੋਕਨ ਲਈ ਸਿਰਫ਼ 37 ਅਰਬ ਹੀ ਸਰਗਰਮ ਹੁੰਦੇ ਹਨ ਅਤੇ 14.8 ਖਰਬ ਟੋਕਨਾਂ ਦੇ ਡੇਟਾਸੈੱਟ (ਅੰਕੜਾ ਸਮੂਹ) ਲਈ ਸਿਖਲਾਈਯਾਫ਼ਤਾ ਹਨ। 21 ਜਨਵਰੀ 2025 ਨੂੰ ਡੀਪਸੀਕ ਨੇ ਡੀਪਸੀਕ ਆਰ1 ਲਾਂਚ ਕੀਤਾ ਹੈ ਜਿਸ ਵਿੱਚ ਤਾਰਕਿਕਤਾ ਨੂੰ ਸੁਧਾਰਨ ਲਈ ਦੋ ਵਾਧੂ ਰੀਇਨਫੋਰਸਮੈਂਟ ਲਰਨਿੰਗ ਸਟੇਜ ਅਤੇ ਦੋ ਨਿਗਰਾਨੀਯੁਕਤ ਫਾਈਨ ਟਿਊਨਿੰਗ ਸਟੇਜ ਸ਼ਾਮਿਲ ਕੀਤੇ ਗਏ ਹਨ। ਲਾਰਜ ਲੈਂਗੁਏਜ ਮਾਡਲ ਬਹੁਤ ਜ਼ਿਆਦਾ ਟ੍ਰਾਂਸਫਾਰਮਰ ਆਧਾਰਿਤ ਨਿਊਰਲ ਨੈੱਟਵਰਕ ਹਨ ਜਿਨ੍ਹਾਂ ਦਾ ਡਿਜ਼ਾਈਨ ਨੈਕਸਟ ਵਰਡ ਪ੍ਰਿਡਿਕਸ਼ਨ ਸਮੱਸਿਆ ਨੂੰ ਸੁਲਝਾਉਣ ਲਈ ਤਿਆਰ ਕੀਤਾ ਗਿਆ ਹੈ। ਇਨ੍ਹਾਂ ਮਾਡਲਾਂ ਵਿੱਚ ਪ੍ਰਗਤੀ ਉਦੋਂ ਹੋਈ ਜਦੋਂ ਟ੍ਰਾਂਸਫਾਰਮਰ ਆਰਕੀਟੈਕਚਰ ਨੇ ਟੈਕਸਟ (ਪਾਠ ਜਾਂ ਇਬਾਰਤ) ਉਤਪਾਦਨ ਵਿੱਚ ਕ੍ਰਾਂਤੀ ਲਿਆਂਦੀ। ਖ਼ਾਸ ਤੌਰ 'ਤੇ ਇਹ ਬਹੁਤ ਵੱਡੇ ਮਾਡਲ ਹਨ ਜਿਨ੍ਹਾਂ ਲਈ ਚੋਖੇ ਕੰਪਿਊਟੇਸ਼ਨਲ ਸਰੋਤਾਂ ਦੀ ਲੋੜ ਪੈਂਦੀ ਹੈ ਅਤੇ ਤਰ੍ਹਾਂ ਤਰ੍ਹਾਂ ਦੇ ਸਿਖਲਾਈ ਚੱਕਰਾਂ ਵਾਸਤੇ ਅਕਸਰ ਲੱਖਾਂ ਦੀ ਤਾਦਾਦ ਵਿੱਚ ਗ੍ਰਾਫਿਕਸ ਪ੍ਰਾਸੈਸਿੰਗ ਯੂਨਿਟਾਂ (ਜੀਪੀਯੂਜ਼) ਦਰਕਾਰ ਹੁੰਦੀਆਂ ਹਨ ਜੋ ਕਿ ਇੰਟਰਨੈੱਟ ਤੋਂ ਹਾਸਿਲ ਕੀਤੇ ਜਾਣ ਵਾਲੇ ਬੇਤਹਾਸ਼ਾ ਟੈਕਸਟ ਡੇਟਾ ਦੀ ਵਰਤੋਂ ਕਰਦੇ ਹਨ। ਇਸ ਵਾਰ ਵਾਰ ਸਿੱਖਣ ਪ੍ਰਕਿਰਿਆ ਜ਼ਰੀਏ, ਐੱਲਐੱਲਐੱਮਜ਼ ਵਧੇਰੇ ਸਟੀਕਤਾ ਨਾਲ ਟੈਕਸਟ ਦੀ ਪੇਸ਼ੀਨਗੋਈ ਅਤੇ ਪੈਦਾਇਸ਼ ਕਰਨ ਦੀ ਆਪਣੀ ਕਾਬਲੀਅਤ ਨੂੰ ਨਿਖਾਰਦੇ ਹਨ।

ਜਿਵੇਂ-ਜਿਵੇਂ ਏਆਈ ਦਾ ਖੋਜ ਕਾਰਜ ਅੱਗੇ ਵਧਿਆ, ਮੋਹਰੀ ਤਕਨੀਕੀ ਕੰਪਨੀਆਂ ਵਿਚਾਲੇ ਹੋਰ ਵੱਡੇ ਮਾਡਲ ਵਿਕਸਤ ਕਰਨ ਦੀ ਦੌੜ ਸ਼ੁਰੂ ਹੋ ਗਈ, ਬਿਹਤਰ ਕਾਰਗੁਜ਼ਾਰੀ ਲਈ ਇਨ੍ਹਾਂ ਨੂੰ ਪਹਿਲਾਂ ਨਾਲੋਂ ਵੱਡੇ ਡੇਟਾਸੈੱਟਸ (ਅੰਕੜਿਆਂ) ਉੱਤੇ ਟਰੇਨਿੰਗ ਦੇਣੀ ਸ਼ੁਰੂ ਕੀਤੀ ਗਈ। ਇਸ ਦੌੜ ਨੇ ਇੱਕ ਧਾਰਨਾ ਨੂੰ ਜਨਮ ਦਿੱਤਾ ਕਿ ਏਆਈ 'ਚ ਦਬਦਬਾ ਤਾਕਤਵਰ ਕੰਪਿਊਟਰ ਗਣਿਤ ਢਾਂਚੇ ਤੇ ਵਡੇਰੇ ਮਾਡਲਾਂ 'ਤੇ ਨਿਰਭਰ ਕਰਦਾ ਹੈ। ਸਿੱਟੇ ਵਜੋਂ, ਬਾਜ਼ਾਰ 'ਚ ਇੱਕ ਏਕਾਧਿਕਾਰ ਬਣਨਾ ਸ਼ੁਰੂ ਹੋ ਗਿਆ, ਜਿੱਥੇ ਕੇਵਲ ਉਹ ਅਮੀਰ ਕੰਪਨੀਆਂ ਹੀ ਆਪਣੀ ਮਾਲਕੀ ਵਾਲੇ ਵਡੇਰੇ ਮਾਡਲਾਂ ਨਾਲ ਏਆਈ ਦੇ ਵਿਕਾਸ 'ਚ ਦਬਦਬਾ ਰੱਖ ਸਕਦੀਆਂ ਸਨ ਜਿਨ੍ਹਾਂ ਕੋਲ ਅਤਿ-ਆਧੁਨਿਕ ਹਾਰਡਵੇਅਰ ਮੌਜੂਦ ਹੈ।

ਹਾਲਾਂਕਿ, ਡੀਪਸੀਕ ਨੇ ਆਪਣੇ ਉੱਨਤ ਮਾਡਲ ਨਾਲ ਇਸ ਬਿਰਤਾਂਤ ਨੂੰ ਤੋੜ ਦਿੱਤਾ। ਰਵਾਇਤੀ ਪਹੁੰਚਾਂ ਤੋਂ ਉਲਟ ਜਿਹੜੀਆਂ ਕੰਪਨੀਆਂ ਨਿਰੋਲ ਕੰਪਿਊਟਰੀ ਗਣਿਤ ਦੇ ਪੱਧਰ ਨੂੰ ਪਹਿਲ ਦਿੰਦੀਆਂ ਹਨ, ਡੀਪਸੀਕ-ਆਰ1 ਅਨੁਕੂਲ ਵਿਧੀਆਂ ਤੋਂ ਕੰਮ ਲੈਂਦਾ ਹੈ ਜਿਸ ਨਾਲ ਬੇਹਿਸਾਬੇ ਹਾਰਡਵੇਅਰ ਤੋਂ ਬਿਨਾਂ ਵੀ ਉੱਚ ਕਾਰਗੁਜ਼ਾਰੀ ਸੰਭਵ ਬਣਦੀ ਹੈ। ਉਦਾਹਰਨ ਵਜੋਂ ਡੀਪਸੀਕ-ਵੀ3, 2048 ਐੱਨਵਿਡੀਆ ਐੱਚ 800 ਜੀਪੀਯੂ ਦੇ ਕਲੱਸਟਰ 'ਤੇ ਬਣਿਆ ਹੈ, ਜੋ ਲਗਭਗ ਰਵਾਇਤੀ ਮਾਡਲ ਜਿੰਨਾ ਹੀ ਸਟੀਕ ਹੈ, ਸਗੋਂ ਕਈ ਵਾਰ ਉਸ ਤੋਂ ਬਿਹਤਰ ਵੀ ਹੈ।

ਇਸ ਨੇ ਏਆਈ ਦੇ ਮੌਜੂਦਾ ਏਕਾਧਿਕਾਰ ਨੂੰ ਤਕੜੀ ਚੁਣੌਤੀ ਦਿੱਤੀ ਹੈ ਤੇ ਦਰਸਾਇਆ ਹੈ ਕਿ ਸਭ ਤੋਂ ਵਧੀਆ ਤਕਨੀਕੀ ਢਾਂਚਾ ਨਾ ਹੋਣ ਦੇ ਬਾਵਜੂਦ ਵੀ ਉੱਨਤ ਏਆਈ ਲਾਂਚ ਕੀਤੀ ਜਾ ਸਕਦੀ ਹੈ। ਰਵਾਇਤੀ ਏਆਈ ਢਾਂਚਾ ਜਿਸ ਲਈ ਕਾਫ਼ੀ ਊਰਜਾ ਖ਼ਪਾਉਣ ਦੀ ਲੋੜ ਪੈਂਦੀ ਹੈ, ਤੋਂ ਉਲਟ ਡੀਪਸੀਕ ਮਾਡਲ ਕਾਫੀ ਹੱਦ ਤੱਕ ਊਰਜਾ ਦੀ ਲੋੜ ਤੇ ਕਾਰਬਨ ਨਿਕਾਸੀ ਨੂੰ ਘਟਾਉਂਦਾ ਹੈ। ਇਹ ਵਾਤਾਵਰਨ ਪੱਖੀ ਅਨੁਕੂਲਤਾ ਇੱਕ ਟਿਕਾਊ ਬਦਲ ਉਪਲਬਧ ਕਰਾਉਂਦੀ ਹੈ, ਵਾਤਾਵਰਨ ਬਚਾਉਣ ਦੇ ਨਾਲ-ਨਾਲ ਏਆਈ ਦੀ ਪ੍ਰਗਤੀ 'ਚ ਡੀਪਸੀਕ ਦੀ ਭੂਮਿਕਾ ਨੂੰ ਵੀ ਮਜ਼ਬੂਤ ਕਰਦੀ ਹੈ।

ਦੂਜੇ ਪਾਸੇ ਸਭ ਕੁਝ 'ਓਪਨ ਸੋਰਸ' (ਵਰਤੋਂ, ਸੋਧ ਲਈ ਖੁੱਲ੍ਹਾ) ਰੱਖ ਤੇ ਇਸ ਨੂੰ ਜਨਤਕ ਕਰ ਕੇ, ਡੀਪਸੀਕ ਨੇ ਇਸ ਮੱਤ ਨੂੰ ਵੀ ਚੁਣੌਤੀ ਦਿੱਤੀ ਹੈ ਕਿ ਚੀਨੀ ਕੰਪਨੀਆਂ ਡੇਟਾ ਚੋਰੀ ਕਰਦੀਆਂ ਹਨ। ਇਸ ਪਾਰਦਰਸ਼ਤਾ ਨੇ ਵਰਤੋਂਕਾਰਾਂ ਨੂੰ ਮਜਬੂਰ ਕੀਤਾ ਹੈ ਕਿ ਉਹ ਆਪਣੀ ਧਾਰਨਾ 'ਤੇ ਮੁੜ ਗ਼ੌਰ ਕਰਨ ਤੇ ਡੀਪਸੀਕ ਵਿਚਲੀਆਂ ਸੰਭਾਵਨਾਵਾਂ ਅਤੇ ਇਸ ਦੀ ਉਪਲਬਧਤਾ ਨੂੰ ਜਾਂਚਣ।

ਅਮਰੀਕਾ 'ਚ ਆਈਓਐੱਸ ਐਪ ਸਟੋਰ ਤੋਂ ਸਭ ਤੋਂ ਵੱਧ ਡਾਊਨਲੋਡ ਕੀਤੀ ਗਈ ਫਰੀ ਐਪ ਦੇ ਮਾਮਲੇ 'ਚ ਡੀਪਸੀਕ ਨੇ 27 ਜਨਵਰੀ ਨੂੰ ਓਪਨ ਏਆਈ ਦੇ ਚੈਟ ਜੀਪੀਟੀ ਨੂੰ ਪਛਾੜ ਦਿੱਤਾ ਸੀ। ਇਸ ਦੇ ਤੇਜ਼ੀ ਨਾਲ ਹੋਏ ਉਭਾਰ ਨੇ ਕੌਮਾਂਤਰੀ ਪੱਧਰ 'ਤੇ ਧਿਆਨ ਖਿੱਚਿਆ ਹੈ ਜੋ ਏਆਈ ਤਕਨੀਕਾਂ ਦੇ ਵਿਕਾਸ 'ਚ ਇੱਕ ਫ਼ੈਸਲਾਕੁਨ ਮੋੜ ਹੈ।

ਡੀਪਸੀਕ ਨੇ ਇਹ ਮਿੱਥ ਤੋੜ ਦਿੱਤਾ ਹੈ ਕਿ ਏਆਈ 'ਚ ਨਿਪੁੰਨਤਾ ਲਈ ਕੰਪਿਊਟਰੀ ਗਣਿਤ 'ਚ ਸਰਬਉੱਚ ਹੋਣ ਦੀ ਲੋੜ ਹੈ। ਕੌਮਾਂਤਰੀ ਪਾਬੰਦੀਆਂ ਕਾਰਨ ਉੱਚ-ਪੱਧਰੀ ਜੀਪੀਯੂਜ਼ ਤੱਕ ਸੀਮਤ ਪਹੁੰਚ ਨਾਲ ਪਏ ਅੜਿੱਕੇ ਨੇ ਸਗੋਂ ਚੀਨੀ ਇੰਜਨੀਅਰਾਂ ਨੂੰ ਨਵੇਂ ਤੇ ਕਲਾਤਮਕ ਹੱਲ ਕੱਢਣ ਵੱਲ ਤੋਰਿਆ।

ਇਸ ਨੇ ਫੇਰ ਸਾਬਿਤ ਕੀਤਾ ਹੈ ਕਿ ਲੋੜ ਕਾਢ ਦੀ ਮਾਂ ਹੈ। ਅਸਲ 'ਚ ਇਸ ਤਰ੍ਹਾਂ ਦੀ ਯੋਗਤਾ ਹਾਸਿਲ ਕਰਨਾ ਇੱਕ ਤਕਨੀਕੀ ਉਪਲਬਧੀ ਹੈ ਤੇ ਇਸ ਤੱਥ ਨੂੰ ਮੱਦੇਨਜ਼ਰ ਰੱਖਦਿਆਂ ਕਿ ਚੀਨ ਨੂੰ ਉੱਚ-ਮਿਆਰੀ ਐਨਵਿਡੀਆ ਗਰਾਫਿਕਸ ਦੇਣ 'ਤੇ ਰੋਕ ਲੱਗੀ ਹੋਈ ਹੈ, ਇਹ ਕਾਢ ਹੋਰ ਵੀ ਮਹੱਤਵਪੂਰਨ ਬਣ ਗਈ ਹੈ।

ਭਾਵੇਂ ਇੱਕ ਗ਼ੈਰ-ਲੋਕਤੰਤਰੀ ਮੁਲਕ ਵੱਲੋਂ ਏਆਈ ਦੇ ਜਮਹੂਰੀਕਰਨ ਦੇ ਯਤਨ ਵਿਰੋਧਾਭਾਸ ਜਿਹੇ ਜਾਪਦੇ ਹਨ, ਫਿਰ ਵੀ ਡੀਪਸੀਕ ਏਆਈ ਖੇਤਰ ਨੂੰ ਨਵੀਂ ਦਿੱਖ ਦੇਣ ਵੱਲ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਹੈ। ਇਸ ਦੀ ਪਹੁੰਚ ਨਾ ਸਿਰਫ਼ ਉਪਲਬਧਤਾ ਨੂੰ ਵਧਾਉਣ ਵਾਲੀ ਹੈ ਬਲਕਿ ਕੰਪਿਊਟਰੀ ਗਣਿਤ ਨੂੰ ਵੱਧ ਅਸਰਦਾਰ ਬਣਾ ਕੇ ਇਹ ਏਆਈ ਦੀ ਸਰਬਉੱਚਤਾ 'ਚ ਵੀ ਹਿੱਸਾ ਪਾ ਰਿਹਾ ਹੈ। ਲਾਂਚ ਹੋਣ ਤੋਂ ਬਾਅਦ ਤੋਂ ਹੀ ਡੀਪਸੀਕ ਨੇ ਡਿਜੀਟਲ ਦੁਨੀਆ 'ਚ ਤੂਫਾਨ ਖੜ੍ਹਾ ਕੀਤਾ ਹੋਇਆ ਹੈ। ਸ਼ੇਅਰ ਬਾਜ਼ਾਰਾਂ 'ਚ ਅਚਾਨਕ ਹੋਈ ਉਥਲ-ਪੁਥਲ ਦਰਸਾਉਂਦੀ ਹੈ ਕਿ ਚੀਨ ਦੀ ਤਕਨੀਕੀ ਮੁਹਾਰਤ 'ਚ ਪੱਛਮ ਦੇ ਏਆਈ ਦਬਦਬੇ ਨੂੰ ਚੁਣੌਤੀ ਦੇਣ ਦੀ ਪੂਰੀ ਸਮਰੱਥਾ ਹੈ।

ਨਿਵੇਸ਼ਕਾਂ ਨੇ ਡੀਪਸੀਕ ਵੱਲੋਂ ਦਿੱਤੇ ਜਾ ਰਹੇ ਮੁਕਾਬਲੇ ਤੇ ਇਸ ਦੇ ਹੋਰਨਾਂ ਏਆਈ ਫਰਮਾਂ 'ਤੇ ਪੈਣ ਵਾਲੇ ਅਸਰਾਂ ਬਾਰੇ ਖ਼ਦਸ਼ੇ ਜ਼ਾਹਿਰ ਕੀਤੇ ਹਨ। ਓਪਨ ਏਆਈ ਆਪਣੇ ਜੀਪੀਟੀ-4 ਮਾਡਲ ਲਈ 2.50 ਡਾਲਰ ਪ੍ਰਤੀ ਮਿਲੀਅਨ ਇਨਪੁਟ ਟੋਕਨ ਚਾਰਜ ਕਰ ਰਹੀ ਹੈ, ਜਦੋਂਕਿ ਡੀਪਸੀਕ ਇਸ ਤੋਂ ਕਾਫੀ ਘੱਟ 0.14 ਡਾਲਰ ਪ੍ਰਤੀ ਮਿਲੀਅਨ ਟੋਕਨ ਲੈ ਰਹੀ ਹੈ।

ਡੀਪਸੀਕ ਨੂੰ ਵਿਕਸਤ ਕਰਨ ਵਿੱਚ ਲਗਭਗ 50-60 ਲੱਖ ਡਾਲਰ ਦਾ ਖ਼ਰਚਾ ਆਇਆ ਹੈ, ਜਦੋਂਕਿ ਇਸ ਦੇ ਮੁਕਾਬਲੇ 'ਚ ਪੱਛਮੀ ਮੁਲਕਾਂ ਦੀਆਂ ਵੱਡੀਆਂ ਏਆਈ ਲੈਬਾਂ ਨੇ ਕਰੋੜਾਂ ਡਾਲਰ ਖਰਚ ਦਿੱਤੇ ਹਨ। ਹੈਰਾਨੀ ਦੀ ਗੱਲ ਨਹੀਂ ਕਿ ਉਦਯੋਗਿਕ ਵਰਤੋਂਕਾਰ ਏਆਈ ਵਿਕਸਤ ਕਰਨ 'ਤੇ ਪੱਛਮੀ ਮੁਲਕਾਂ ਵੱਲੋਂ ਕੀਤੇ ਐਨੇ ਜ਼ਿਆਦਾ ਖਰਚ ਉੱਤੇ ਸਵਾਲ ਚੁੱਕ ਰਹੇ ਹਨ।

ਕੀ ਅਸੀਂ ਉਮੀਦ ਰੱਖ ਸਕਦੇ ਹਾਂ ਕਿ ਇਨ੍ਹਾਂ ਤਕਨੀਕੀ ਢਾਂਚਿਆਂ ਨੂੰ ਤਿਆਰ ਕਰਨ ਦੇ ਪੱਖ ਤੋਂ ਅਗਲੀ ਵੱਡੀ ਕਾਢ ਨਵੇਂ ਵਿਚਾਰਾਂ ਵਾਲੀਆਂ ਛੋਟੀਆਂ ਟੀਮਾਂ ਵੱਲੋਂ ਕੱਢੀ ਜਾਵੇਗੀ?

# ਵਿਸ਼ਵ ਸਿਹਤ ਸੰਸਥਾ ਨੂੰ ਬਚਾਉਂਦਿਆਂ...



ਐੱਨ. ਐੱਨ. ਵੋਹਰਾ

ਕੁਝ ਦਿਨ ਪਹਿਲਾਂ ਡੋਨਲਡ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਵਜੋਂ ਆਪਣੀ ਦੂਜੀ ਪਾਰੀ ਦੀ ਸ਼ੁਰੂਆਤ ਕਰਦਿਆਂ ਆਪਣੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਕੀਤੇ ਗਏ ਵਾਅਦਿਆਂ ਨੂੰ ਲਾਗੂ ਕਰਨ ਲਈ ਬਹੁਤ ਸਾਰੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ 'ਚੋਂ ਇੱਕ ਹੁਕਮ ਇਹ ਸੀ ਕਿ ਅਮਰੀਕਾ ਵਿਸ਼ਵ ਸਿਹਤ ਸੰਸਥਾ (ਡਬਲਿਊਐੱਚਓ) ਲਈ ਫੰਡਾਂ ਦੀ ਅਦਾਇਗੀ ਬੰਦ ਕਰ ਕੇ ਇਸ ਸੰਸਥਾ 'ਚੋਂ ਬਾਹਰ ਆ ਜਾਵੇਗਾ। ਇਸ ਖ਼ਬਰ ਨੇ ਕਰੀਬ ਚਾਰ ਦਹਾਕੇ ਪਹਿਲਾਂ ਵਾਪਰੀ ਘਟਨਾ ਦਾ ਚੇਤਾ ਕਰਵਾ ਦਿੱਤਾ ਜਦੋਂ ਸਿਹਤ ਮੰਤਰਾਲੇ ਵਿੱਚ ਸੰਯੁਕਤ ਸਕੱਤਰ ਵਜੋਂ ਸੇਵਾ ਨਿਭਾਉਂਦਿਆਂ ਮੈਂ ਮਈ 1982 ਵਿਚ ਜਨੇਵਾ (ਸਵਿਟਜ਼ਰਲੈਂਡ) ਵਿੱਚ ਵਿਸ਼ਵ ਸਿਹਤ ਸੰਸਥਾ ਦੀ ਸਾਲਾਨਾ ਮੀਟਿੰਗ ਵਿੱਚ ਭਾਰਤ ਦੀ ਤਰਜਮਾਨੀ ਕਰ ਰਿਹਾ ਸੀ। ਇਸ ਦੇ ਲੰਮੇ ਚੌੜੇ ਏਜੰਡੇ ਨੂੰ ਇਸ ਦੇ 'ਏ' ਅਤੇ 'ਬੀ', ਦੋ ਕਮਿਸ਼ਨਾਂ ਵਿੱਚ ਵੰਡ ਕੇ ਵਿਚਾਰਿਆ ਗਿਆ। 1982 ਵਿੱਚ 163 ਦੇਸ਼ ਵਿਸ਼ਵ ਸਿਹਤ ਸੰਸਥਾ ਦੇ ਮੈਂਬਰ ਸਨ ਜਿਨ੍ਹਾਂ ਸਰਬਸੰਮਤੀ ਨਾਲ ਮੈਨੂੰ ਕਮਿਸ਼ਨ 'ਬੀ' ਦੀ ਕਾਰਵਾਈ ਦੀ ਪ੍ਰਧਾਨਗੀ ਕਰਨ ਲਈ ਚੁਣਿਆ ਸੀ। ਜਨੇਵਾ ਵਿੱਚ ਸਾਡੇ ਰਾਜਦੂਤ ਏਪੀ ਵੈਂਕਟੇਸ਼ਵਰਨ ਨੇ ਨਵੀਂ ਦਿੱਲੀ ਨੂੰ ਭੇਜੀ ਆਪਣੀ ਰਿਪੋਰਟ ਵਿੱਚ ਜ਼ਿਕਰ ਕੀਤਾ ਸੀ ਕਿ ਇਹ 'ਭਾਰਤ ਦੀ ਅਹਿਮ ਕੂਟਨੀਤਕ ਜਿੱਤ' ਹੈ। ਤੀਜੇ ਦਿਨ ਮੇਰੀ ਚੇਅਰਮੈਨੀ ਹੇਠ ਐਫਰੋ-ਏਸ਼ੀਅਨ ਦੇਸ਼ਾਂ ਦੇ ਸਮੂਹ ਵੱਲੋਂ ਇੱਕ ਮੁੱਦਾ ਏਜੰਡੇ 'ਤੇ ਪੇਸ਼ ਕੀਤਾ ਗਿਆ ਜਿਸ ਵਿੱਚ ਇਜ਼ਰਾਈਲ ਦੇ ਕਬਜ਼ੇ ਹੇਠਲੇ ਇਲਾਕਿਆਂ ਵਿੱਚ ਰਹਿੰਦੇ ਫ਼ਲਸਤੀਨੀਆਂ ਦੀਆਂ ਮਾੜੀ ਸਿਹਤ ਹਾਲਤਾਂ ਵੱਲ ਧਿਆਨ ਲਿਆਉਂਦੇ ਹੋਏ ਮਤੇ ਦਾ ਖਰੜਾ ਰੱਖਿਆ ਗਿਆ ਸੀ।

ਵਿਸ਼ਵ ਸਿਹਤ ਸੰਸਥਾ ਦੇ ਮਹਾਂ ਪ੍ਰਬੰਧਕ (ਡੀਜੀ) ਡਾ. ਹਲਫ਼ਦਾਨ ਮਹਿਲਰ ਮੇਰੇ ਕੋਲ ਆ ਕੇ ਬੈਠੇ ਹੀ ਸਨ ਕਿ ਮੈਂ ਫ਼ਲਸਤੀਨੀ ਵਫ਼ਦ ਦੇ ਆਗੂ ਨੂੰ ਏਜੰਡਾ ਆਈਟਮ ਅਤੇ ਇਸ ਪ੍ਰਸੰਗ ਵਿੱਚ ਵਿਸ਼ੇ ਦੀ ਮਾਹਿਰਾਨਾ ਕਮੇਟੀ ਦੀ ਰਿਪੋਰਟ ਅਤੇ ਇਜ਼ਰਾਇਲੀ ਸਿਹਤ ਮੰਤਰਾਲੇ, ਫ਼ਲਸਤੀਨੀ ਮੁਕਤੀ ਸੰਗਠਨ ਤੇ ਫ਼ਲਸਤੀਨੀ ਸ਼ਰਨਾਰਥੀਆਂ ਨੂੰ ਰਾਹਤ ਪਹੁੰਚਾਉਣ ਵਾਲੀ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਏਜੰਸੀ ਵੱਲੋਂ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਅਤੇ ਇਸ ਨਾਲ ਸਬੰਧਿਤ ਸੰਯੁਕਤ ਰਾਸ਼ਟਰ ਮਹਾਸਭਾ ਦੇ ਮਤੇ ਉੱਪਰ ਬੋਲਣ ਲਈ ਕਿਹਾ। ਇਸ ਤੋਂ ਪਹਿਲਾਂ ਕਿ ਮੈਂ ਅਗਲੇ ਡੈਲੀਗੇਟ ਨੂੰ ਇਸ ਮੁੱਦੇ 'ਤੇ ਬੋਲਣ ਲਈ ਆਖਦਾ, ਡਾ. ਜੌਨ੍ਹ ਬ੍ਰਾਇੰਟ ਜੋ ਅਮਰੀਕੀ ਵਫ਼ਦ ਦੇ ਸਨਮਾਨਤ ਮੈਂਬਰ ਸਨ, ਨੇ ਖੜ੍ਹੇ ਹੋ ਕੇ ਆਪਣੇ ਨਾਂ ਦਾ ਕਾਰਡ ਲਹਿਰਾਉਂਦੇ ਹੋਏ ਫ਼ੌਰੀ ਦਖ਼ਲ ਦੀ ਮੰਗ ਕੀਤੀ। ਡਾ. ਬ੍ਰਾਇੰਟ ਨੇ ਤੈਸ਼ ਵਿੱਚ ਆ ਕੇ ਸ਼ਿਕਾਇਤ ਕੀਤੀ ਕਿ ਜੇ ਮਤੇ ਦੇ ਖਰੜੇ ਵਿੱਚ ਤੁਰੰਤ ਕੁਝ ਸੋਧਾਂ ਨਾ ਕੀਤੀਆਂ ਗਈਆਂ ਤਾਂ ਇਸ ਦਾ ਇਜ਼ਰਾਈਲ ਦੇ ਮੈਂਬਰਸ਼ਿਪ ਹੱਕਾਂ ਅਤੇ ਸੇਵਾਵਾਂ ਖ਼ਤਮ ਹੋਣ ਦੇ ਰੂਪ ਵਿੱਚ ਬਹੁਤ ਹੀ ਘਾਤਕ ਸਿੱਟਾ ਨਿਕਲ ਸਕਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਇਸ ਆਈਟਮ ਉੱਪਰ ਹੋਰ ਬਹਿਸ ਕੀਤੀ ਗਈ ਤਾਂ ਉਨ੍ਹਾਂ ਨੂੰ ਇਹ ਸੂਚਨਾ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ ਕਿ "ਅਮਰੀਕਾ ਵਿਸ਼ਵ ਸਿਹਤ ਸੰਸਥਾ ਨੂੰ ਆਪਣੀ ਬਜਟ ਇਮਦਾਦ ਮੁਲਤਵੀ ਕਰ ਕੇ ਇਸ ਤੋਂ ਵੱਖ ਹੋ ਜਾਵੇਗਾ" (ਉਸ ਵੇਲੇ ਸ਼ਾਇਦ ਵਿਸ਼ਵ ਸਿਹਤ ਸੰਸਥਾ ਦੇ ਕੁੱਲ ਬਜਟ ਦਾ ਇੱਕ ਚੌਥਾਈ ਹਿੱਸਾ ਅਮਰੀਕਾ ਤੋਂ ਆਉਂਦਾ ਸੀ!)। ਡਾ। ਬ੍ਰਾਇੰਟ ਦੇ ਬਿਆਨ ਤੋਂ ਬਾਅਦ ਅਸੈਂਬਲੀ ਹਾਲ ਵਿੱਚ ਤਰਥੱਲੀ ਮੱਚ ਗਈ ਤੇ ਡੈਲੀਗੇਟ ਇਸ ਦੇ ਵਿਰੋਧ ਅਤੇ ਹੱਕ ਵਿੱਚ ਖੜ੍ਹੇ ਹੋ ਕੇ ਨਾਅਰੇ ਲਾ ਰਹੇ ਸਨ।

ਮੀਟਿੰਗ ਵਿੱਚ ਵਿਵਸਥਾ ਬਣਾਈ ਰੱਖਣ ਲਈ ਮੇਰੇ ਵੱਲੋਂ ਕੀਤੀ ਜਾ ਰਹੀ ਤਾਕੀਦ ਰੌਲੇ ਰੱਪੇ ਵਿੱਚ ਗੁਆਚ ਗਈ। ਇਸੇ ਦੌਰਾਨ ਮੈਂ ਕਾਰਵਾਈ ਇੱਕ ਘੰਟੇ ਲਈ ਮੁਲਤਵੀ ਕਰਨ ਦਾ ਐਲਾਨ ਕਰਨ ਵਿੱਚ ਕਾਮਯਾਬ ਹੋ ਗਿਆ। ਇਸ ਘਟਨਾ ਤੋਂ ਬੇਹੱਦ ਦੁਖੀ ਨਜ਼ਰ ਆ ਰਹੇ ਡਾ. ਮਹਿਲਰ ਨਾਲ ਸੰਖੇਪ ਜਿਹੀ ਮਿਲਣੀ ਤੋਂ ਬਾਅਦ ਹਾਲ ਵਿੱਚ ਪਰਤਿਆ ਅਤੇ ਅਗਲੇ ਦੋ ਘੰਟੇ ਇਸ ਅਫ਼ਸੋਸਨਾਕ ਰੇੜਕੇ ਦੀਆਂ ਪ੍ਰਮੁੱਖ ਧਿਰਾਂ ਨਾਲ ਗੱਲਬਾਤ ਵਿੱਚ ਰੁੱਝਿਆ ਰਿਹਾ। ਜਦੋਂ ਮੈਂ ਮਹਿਸੂਸ ਕੀਤਾ ਕਿ ਵਿਵਾਦ ਨੂੰ ਸੌਖਿਆਂ ਨਹੀਂ ਸੁਲਝਾਇਆ ਜਾ ਸਕਦਾ ਤਾਂ ਮੈਂ ਕਮਿਸ਼ਨ ਦੀ ਬੈਠਕ ਅਗਲੇ ਦਿਨ ਹੋਣ ਦਾ ਐਲਾਨ ਕਰ ਦਿੱਤਾ।


ਮੈਂ ਕਮਿਸ਼ਨ 'ਬੀ' ਦੇ ਸਕੱਤਰ ਤੋਂ ਉਨ੍ਹਾਂ ਸਾਰੀਆਂ ਰਿਪੋਰਟਾਂ ਅਤੇ ਮਤਿਆਂ ਦੀਆਂ ਨਕਲਾਂ ਲੈ ਲਈਆਂ ਜਿਨ੍ਹਾਂ ਦਾ ਹਵਾਲਾ ਖਰੜੇ ਦੇ ਮਤੇ ਵਿੱਚ ਦਿੱਤਾ ਗਿਆ ਸੀ। ਨਾਲ ਹੀ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਅਮਰੀਕਾ, ਇਜ਼ਰਾਈਲ, ਫ਼ਲਸਤੀਨ ਤੇ ਅਫਰੀਕੀ-ਏਸ਼ਿਆਈ ਗਰੁੱਪ ਦੇ ਵਫ਼ਦਾਂ ਨਾਲ ਸੰਪਰਕ ਕਰ ਕੇ ਮੇਰੇ ਲਈ ਉਨ੍ਹਾਂ ਨਾਲ ਉਸੇ ਸ਼ਾਮ ਛੇ ਵਜੇ ਤੋਂ ਬਾਅਦ ਮੁਲਾਕਾਤਾਂ ਦਾ ਸਮਾਂ ਲੈ ਕੇ ਦੇਣ, ਬੈਠਕਾਂ ਵਿਚਾਲੇ ਇੱਕ ਘੰਟੇ ਦਾ ਅੰਤਰ ਵੀ ਰੱਖਣ। ਛੇਤੀ ਹੋਟਲ ਦੇ ਕਮਰੇ 'ਚ ਜਾ ਕੇ ਮੈਂ ਅਗਲੇ ਛੇ ਘੰਟੇ ਸਾਰੇ ਸਬੰਧਿਤ ਦਸਤਾਵੇਜ਼ ਪੜ੍ਹਦਿਆਂ ਬਿਤਾਏ, ਨੋਟ ਲਏ ਅਤੇ ਤੰਗੀ ਦਾ ਕਾਰਨ ਬਣ ਰਹੇ ਸਾਰੇ ਸੰਭਾਵੀ ਨੁਕਤਿਆਂ ਨੂੰ ਖ਼ਤਮ ਕਰ ਕੇ ਖਰੜੇ ਦੇ ਮਤੇ ਨੂੰ ਸੋਧਿਆ, ਖ਼ਾਸ ਤੌਰ 'ਤੇ ਉਹ ਸ਼ਬਦ ਦੁਬਾਰਾ ਲਿਖੇ ਜੋ ਡਾ। ਬ੍ਰਾਇੰਟ ਮੁਤਾਬਿਕ, ਇਜ਼ਰਾਈਲ ਦੇ ਕੌਮੀ ਹਿੱਤਾਂ 'ਤੇ ਨਕਾਰਾਤਮਕ ਪ੍ਰਭਾਵ ਛੱਡਦੇ ਸਨ। ਸ਼ਾਮ ਛੇ ਵਜੇ ਤੋਂ ਬਾਅਦ ਮੈਂ ਸਬੰਧਿਤ ਵਫ਼ਦਾਂ ਦੇ ਆਗੂਆਂ ਨਾਲ ਲਗਾਤਾਰ ਚਰਚਾਵਾਂ ਕੀਤੀਆਂ। ਹਰ ਮੀਟਿੰਗ 'ਚ ਮੈਂ ਵਿਸ਼ੇਸ਼ ਤੌਰ 'ਤੇ ਸੋਧੇ ਹੋਏ ਮਤੇ ਦਾ ਉਹ ਹਿੱਸਾ ਪੜ੍ਹਿਆ ਜੋ ਮੈਂ ਲਿਖਿਆ ਸੀ ਤੇ ਫ਼ਲਸਤੀਨੀ ਅਤੇ ਅਫਰੀਕੀ-ਏਸ਼ਿਆਈ ਵਫ਼ਦਾਂ ਦਾ ਪੂਰਾ ਸਮਰਥਨ ਲੈਣ ਵਿੱਚ ਸਫਲ ਹੋ ਗਿਆ ਜਿਨ੍ਹਾਂ ਦੋਵਾਂ ਨੂੰ ਮੈਂ ਇਕੱਠਿਆਂ ਮਿਲਿਆ ਸੀ। ਜਦੋਂ ਮੈਂ ਇਜ਼ਰਾਇਲੀ ਵਫ਼ਦ ਨੂੰ ਮਿਲਿਆ, ਸਮਾਂ ਪਹਿਲਾਂ ਹੀ ਨੌਂ ਤੋਂ ਉੱਪਰ ਹੋ ਚੁੱਕਾ ਸੀ, ਤੇ ਨਿਸਬਤਨ ਥੋੜ੍ਹੀ ਲੰਮੀ ਚਰਚਾ ਤੋਂ ਬਾਅਦ ਉਨ੍ਹਾਂ ਨੂੰ ਸਹਿਮਤ ਕਰਨ 'ਚ ਸਫਲ ਰਿਹਾ।

ਜਦੋਂ ਮੈਂ ਅਮਰੀਕੀ ਵਫ਼ਦ ਦੇ ਹੋਟਲ ਵਿੱਚ ਪਹੁੰਚਿਆ, ਰਾਤ ਦੇ 11 ਵੱਜ ਚੁੱਕੇ ਸਨ। ਬਾਕੀ ਸਾਰੇ ਸਹਿਮਤ ਸਨ, ਇਸ ਲਈ ਮੈਨੂੰ ਆਸ ਸੀ ਕਿ ਇਹ ਆਖ਼ਿਰੀ ਬੈਠਕ ਜਲਦੀ ਮੁੱਕ ਜਾਵੇਗੀ। ਇਸ ਦੀ ਥਾਂ ਮੈਨੂੰ ਇਜ਼ਰਾਈਲ ਨਾਲ ਸਬੰਧਿਤ ਯੂਐੱਨਜੀਏ ਦੇ ਦਰਜਨਾਂ ਮਤਿਆਂ ਦੇ ਰੂ-ਬ-ਰੂ ਕੀਤਾ ਗਿਆ। ਮੈਂ ਧੀਰਜ ਰੱਖਿਆ ਤੇ ਅਖ਼ੀਰ, ਨਵੇਂ ਖਰੜੇ ਲਈ ਡਾ। ਬ੍ਰਾਇੰਟ ਦਾ ਸਾਥ ਲੈਣ ਵਿਚ ਸਫਲ ਰਿਹਾ। ਨਵੇਂ ਖਰੜੇ ਦੀ ਹੱਥ ਨਾਲ ਲਿਖੀ ਸਾਫ-ਸੁਥਰੀ ਕਾਪੀ ਵਿਸ਼ਵ ਸਿਹਤ ਸੰਸਥਾ ਦੀ ਜ਼ਿੰਮੇਵਾਰ ਅਧਿਕਾਰੀ ਸਿਮੋਨ ਨੂੰ ਸੌਂਪਣ ਤੋਂ ਬਾਅਦ ਰਾਤ ਕਰੀਬ ਇੱਕ ਵਜੇ ਮੈਂ ਹੋਟਲ ਪਰਤਿਆ। ਉਸ ਵੇਲੇ ਅਧਿਕਾਰੀ ਨੇ ਲੋੜੀਂਦੀ ਗਿਣਤੀ 'ਚ ਇਸ ਦੀਆਂ ਨਕਲਾਂ ਬਣਵਾਉਣ ਤੇ ਸਵੇਰੇ ਕੰਮਕਾਜ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਨੂੰ ਅਸੈਂਬਲੀ 'ਚ ਵੰਡਣ ਦੀ ਸਹਿਮਤੀ ਦਿੱਤੀ (ਅਗਲਾ ਦਿਨ ਹਾਲਾਂਕਿ ਪਹਿਲਾਂ ਹੀ ਹੋ ਚੁੱਕਾ ਸੀ!)।

ਜਦੋਂ ਡਾ। ਮਹਿਲਰ ਅਤੇ ਮੈਂ ਮੰਚ 'ਤੇ ਆਏ ਤਾਂ ਅਸੈਂਬਲੀ ਹਾਲ 'ਚ ਅਸਹਿਜ ਜਿਹੀ ਚੁੱਪ ਸੀ। ਰਸਮੀ ਤੌਰ 'ਤੇ ਮੀਟਿੰਗ ਸ਼ੁਰੂ ਕਰਦਿਆਂ ਮੈਂ ਲੰਘੇ ਦਿਨ ਦੀ ਦੁਪਹਿਰ ਤੋਂ ਬਾਅਦ ਹੋਈਆਂ ਗਤੀਵਿਧੀਆਂ ਨੂੰ ਸੰਖੇਪ 'ਚ ਬਿਆਨ ਕੀਤਾ ਤੇ ਦੱਸਿਆ ਕਿ ਕਿਵੇਂ ਮੈਂ ਸਾਰੇ ਸਬੰਧਿਤ ਮੈਂਬਰ ਮੁਲਕਾਂ ਦੇ ਆਗੂਆਂ ਦਾ ਸਮਰਥਨ ਹਾਸਿਲ ਕਰਨ 'ਚ ਸਫਲ ਰਿਹਾ ਹਾਂ ਤੇ ਨਾਲ ਹੀ ਆਪਣੇ ਵੱਲੋਂ ਸੋਧ ਕੇ ਤਿਆਰ ਕੀਤੇ ਮਤੇ ਦੇ ਖਰੜੇ ਬਾਰੇ ਵੀ ਦੱਸਿਆ। ਮੈਂ ਪੁੱਛਿਆ ਕਿ ਕੀ ਅਪਣਾਏ ਜਾ ਰਹੇ ਮਤੇ 'ਤੇ ਕਿਸੇ ਨੂੰ ਇਤਰਾਜ਼ ਹੈ? ਕੋਈ ਟਿੱਪਣੀ ਨਹੀਂ ਹੋਈ ਤੇ ਮੈਂ ਡੈਸਕ 'ਤੇ ਹਥੌੜੇ ਨਾਲ ਸੱਟ ਮਾਰ ਮਤੇ ਦੇ ਸਰਬਸੰਮਤੀ ਨਾਲ ਪਾਸ ਹੋਣ ਦਾ ਐਲਾਨ ਕਰ ਦਿੱਤਾ। ਜੁੜੀ ਸਭਾ ਨੇ ਜ਼ਾਹਿਰਾ ਤੌਰ 'ਤੇ ਸੁੱਖ ਦਾ ਸਾਹ ਲਿਆ।

ਇਸ ਤੋਂ ਪਹਿਲਾਂ ਕਿ ਮੈਂ ਅਗਲੇ ਵਿਸ਼ੇ ਵੱਲ ਵਧਦਾ, ਡਾ. ਮਹਿਲਰ ਆਪਣੀ ਸੀਟ ਤੋਂ ਉੱਠੇ, ਮੇਰੇ ਹੱਥ ਫੜੇ ਤੇ ਗ਼ਲੇ ਲਾਇਆ। ਭਰੇ ਹੋਏ ਗ਼ਲ ਨਾਲ ਉਨ੍ਹਾਂ ਕਿਹਾ: "ਸ਼ੁਕਰੀਆ ਮੇਰੇ ਦੋਸਤ, ਡਬਲਿਊਐੱਚਓ ਨੂੰ ਬਚਾਉਣ ਲਈ।"

# ਹਜ਼ਾਰਾਂ ਮੌਤਾਂ ਲਈ ਜ਼ਿੰਮੇਵਾਰ ਨਸ਼ੀਲਾ ਪਦਾਰਥ ਫ਼ੈਂਟਾਨਿਲ ਕਿੱਥੋਂ ਆਉਂਦਾ ਹੈ



ਰਾਸ਼ਟਰਪਤੀ ਡੌਨਲਡ ਟਰੰਪ ਨੇ ਸ਼ਕਤੀਸ਼ਾਲੀ ਓਪੀਔਡ ਫੈਂਟਾਨਿਲ ਦੇ ਉਤਪਾਦਨ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ ਦੇ ਨਿਰਯਾਤ ਨੂੰ ਰੋਕਣ ਵਿੱਚ ਬੀਜਿੰਗ ਦੀ ਅਸਫ਼ਲਤਾ ਦਾ ਹਵਾਲਾ ਦਿੰਦਿਆਂ ਚੀਨੀ ਸਮਾਨ 'ਤੇ ਭਾਰੀ ਟੈਰਿਫ਼ ਲਗਾ ਦਿੱਤੇ ਹਨ। ਅਮਰੀਕਾ ਲੰਬੇ ਸਮੇਂ ਤੋਂ ਚੀਨੀ ਕਾਰਪੋਰੇਸ਼ਨਾਂ 'ਤੇ ਡਰੱਗ ਬਣਾਉਣ ਵਿੱਚ ਇਸਤੇਮਾਲ ਹੋਣ ਵਾਲੇ ਤੱਤਾਂ ਦੀ ਸਪਲਾਈ ਦੇ ਇਲਜ਼ਾਮ ਲਾਉਂਦਾ ਰਿਹਾ ਹੈ। ਚੀਨ ਨੇ ਵੀ ਜਵਾਬੀ ਕਾਰਵਾਈ ਕਰਦਿਆਂ ਟੈਰਿਫ਼ ਲਾਏ ਹਨ। ਅਮਰੀਕਾ ਨੇ ਕੈਨੇਡਾ ਅਤੇ ਮੈਕਸੀਕੋ 'ਤੇ ਇਹ ਵੀ ਇਲਜ਼ਾਮ ਲਗਾਇਆ ਹੈ ਕਿ ਉਹ ਅਪਰਾਧਿਕ ਗਰੋਹਾਂ ਨੂੰ ਅਮਰੀਕਾ ਵਿੱਚ ਫੈਂਟਾਨਿਲ ਦੀ ਤਸਕਰੀ ਕਰਨ ਤੋਂ ਰੋਕਣ ਵਿੱਚ ਅਸਫ਼ਲ ਰਹੇ ਹਨ। ਟਰੰਪ ਨੇ ਇਨ੍ਹਾਂ ਦੋਵਾਂ ਦੇਸ਼ਾਂ ਖ਼ਿਲਾਫ਼ ਟੈਰਿਫ਼ ਦੀ ਯੋਜਨਾ ਬਣਾਈ ਸੀ ਪਰ ਉਨ੍ਹਾਂ ਨੇ ਸਰਹੱਦੀ ਸੁਰੱਖਿਆ ਵਧਾਉਣ 'ਤੇ ਇਸ ਯੋਜਨਾ ਨੂੰ ਮੁਅੱਤਲ ਕਰ ਦਿੱਤਾ।

**ਅਮਰੀਕਾ ਵਿੱਚ ਫੈਂਟਾਨਿਲ ਸੰਕਟ ਕਿੰਨਾ ਗੰਭੀਰ ਹੈ?**

ਫੈਂਟਾਨਿਲ ਇੱਕ ਸਿੰਥੈਟਿਕ ਦਵਾਈ ਹੈ ਜੋ ਰਸਾਇਣਾਂ ਦੇ ਸੁਮੇਲ ਤੋਂ ਬਣਾਈ ਜਾਂਦੀ ਹੈ। ਯੂਐੱਸ ਰੈਗੂਲੇਟਰਾਂ ਨੇ ਫ਼ੈਂਟਾਨਿਲ ਨੂੰ 1960 ਦੇ ਦਹਾਕੇ ਵਿੱਚ ਦਰਦ ਨਿਵਾਰਕ ਵਜੋਂ ਕੁਝ ਦਵਾਈਆਂ ਵਿੱਚ ਇਸਤੇਮਾਲ ਕਰਨ ਦੀ ਮਨਜ਼ੂਰੀ ਦਿੱਤੀ ਸੀ, ਪਰ ਉਦੋਂ ਤੋਂ ਹੀ ਇਹ ਅਮਰੀਕਾ ਵਿੱਚ ਓਪੀਔਡ ਓਵਰਡੋਜ਼ ਮੌਤਾਂ ਲਈ ਜ਼ਿੰਮੇਵਾਰ ਮੁੱਖ ਦਵਾਈ ਬਣ ਗਈ ਹੈ। ਯੂਐੱਸ ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ (ਸੀਡੀਸੀ) ਦੇ ਮੁਤਾਬਕ, ਫੈਂਟਾਨਿਲ ਵਾਲੇ ਨਸ਼ੀਲੇ



ਪਦਾਰਥਾਂ ਦੇ ਮਿਸ਼ਰਣ ਦੇ ਸੇਵਨ ਕਾਰਨ 2023 ਵਿੱਚ 74,000 ਤੋਂ ਵੱਧ ਅਮਰੀਕੀਆਂ ਦੀ ਮੌਤ ਹੋ ਗਈ।

ਇਸ ਨੂੰ ਅਕਸਰ ਹੋਰ ਗ਼ੈਰ-ਕਾਨੂੰਨੀ ਨਸ਼ੀਲੀਆਂ ਦਵਾਈਆਂ ਨਾਲ ਮਿਲਾਇਆ ਜਾਂਦਾ ਹੈ, ਜਿਸ ਬਾਰੇ ਬਹੁਤ ਸਾਰੇ ਉਪਭੋਗਤਾ ਜਾਣੂ ਹੀ ਨਹੀਂ ਹੁੰਦੇ ਹਨ ਕਿ ਉਹ ਫੈਂਟਾਨਿਲ ਵਾਲਾ ਕੋਈ ਪਦਾਰਥ ਖਾ ਰਹੇ ਹਨ। ਫੈਂਟਾਨਿਲ ਦੀ ਦੋ ਮਿਲੀਗ੍ਰਾਮ ਖੁਰਾਕ ਜਿੰਨੀ ਘੱਟ ਯਾਨੀ ਕਿ ਕਿ ਸਰੋਂ ਦੇ ਦਾਣੇ ਦਾਣੇ ਜਿੰਨੀ ਖ਼ੁਰਾਕ ਵੀ ਘਾਤਕ ਹੋ ਸਕਦੀ ਹੈ। ਪਿਛਲੇ ਦਹਾਕੇ ਦੌਰਾਨ, ਗਲੋਬਲ ਫੈਂਟਾਨਿਲ ਸਪਲਾਈ ਚੇਨ ਦਾ ਵਿਸਥਾਰ ਹੋਇਆ ਹੈ, ਜਿਸ ਨਾਲ ਕਾਨੂੰਨ ਲਾਗੂ ਕਰਨ ਵਾਲਿਆਂ ਅਤੇ ਨੀਤੀ ਨਿਰਮਾਤਾਵਾਂ ਲਈ ਇਸਨੂੰ ਕੰਟਰੋਲ ਕਰਨਾ ਔਖਾ ਹੋ ਗਿਆ ਹੈ। ਚੀਨ ਫੈਂਟਾਨਿਲ ਪੈਦਾ ਕਰਨ ਲਈ ਵਰਤੇ ਜਾਣ ਵਾਲੇ ਮੁੱਢਲੇ ਰਸਾਇਣਾਂ ਦਾ ਮੁੱਖ ਸਰੋਤ ਹੈ।

**ਫ਼ੈਂਟਾਨਿਲ ਦੀ ਵਧੇਰੇ ਸਪਲਾਈ ਅਮਰੀਕਾ ਨੂੰ ਹੁੰਦੀ ਹੈ**

ਜ਼ਿਆਦਾਤਰ ਫੈਂਟਾਨਿਲ ਮੈਕਸੀਕੋ ਰਾਹੀਂ ਅਮਰੀਕਾ ਵਿੱਚ ਦਾਖਲ ਹੁੰਦੇ ਹਨ। ਯੂਐੱਸ ਕਸਟਮਜ਼ ਐਂਡ ਬਾਰਡਰ ਪੈਟਰੋਲ (ਸੀਬੀਪੀ) ਵੱਲੋਂ ਪ੍ਰਕਾਸ਼ਿਤ ਕੀਤੇ ਗਏ ਅੰਕੜਿਆਂ ਮੁਤਾਬਕ, ਸਤੰਬਰ ਤੋਂ ਲੈ ਕੇ ਹੁਣ ਤੱਕ ਅਮਰੀਕਾ ਵਿੱਚ 4,500 ਪੌਂਡ (2,040 ਕਿਲੋਗ੍ਰਾਮ) ਫੈਂਟਾਨਿਲ ਜ਼ਬਤ ਕੀਤਾ ਗਿਆ ਹੈ। ਤਕਰੀਬਨ ਸਾਰਾ ਕਰੀਬ 98 ਫ਼ੀਸਦ ਮੈਕਸੀਕੋ ਦੇ ਨਾਲ ਦੱਖਣ-ਪੱਛਮੀ ਸਰਹੱਦ 'ਤੇ ਰੋਕਿਆ ਗਿਆ ਸੀ। ਕੈਨੇਡਾ ਦੇ ਨਾਲ ਉੱਤਰੀ ਅਮਰੀਕਾ ਦੀ ਸਰਹੱਦ ਦੇ ਪਾਰ 1 ਫ਼ੀਸਦ ਤੋਂ ਘੱਟ ਜ਼ਬਤ ਕੀਤਾ ਗਿਆ ਸੀ। ਬਾਕੀ ਸਮੁੰਦਰੀ ਰਸਤੇ ਜਾਂ ਹੋਰ ਅਮਰੀਕੀ ਚੌਕੀਆਂ ਤੋਂ ਬਰਾਮਦ ਹੋਇਆ ਸੀ। ਯੂਐੱਸ ਡਰੱਗ ਇਨਫੋਰਸਮੈਂਟ ਏਜੰਸੀ ਦੇ ਮੁਤਾਬਕ, ਮੈਕਸੀਕਨ ਅਪਰਾਧਿਕ ਸੰਗਠਨ ਸਿਨਾਲੋਆ ਕਾਰਟੈਲ ਸਣੇ ਫੈਂਟਾਨਿਲ, ਮੇਥਾਮਫੇਟਾਮਾਈਨ ਅਤੇ ਹੋਰ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਨੂੰ ਅਮਰੀਕਾ ਵਿੱਚ ਪੈਦਾ ਕਰਨ ਅਤੇ ਪਹੁੰਚਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਫੈਂਟਾਨਿਲ ਬਣਾਉਣ ਲਈ ਵਰਤੇ ਜਾਣ ਵਾਲੇ ਰਸਾਇਣ ਨੂੰ ਤਸਕਰ ਚੀਨ ਤੋਂ ਲੈਂਦੇ ਹਨ ਅਤੇ ਅਮਰੀਕਾ ਵਿੱਚ ਤਸਕਰੀ ਕਰਨ ਤੋਂ ਪਹਿਲਾਂ ਮੈਕਸੀਕੋ ਦੀਆਂ ਲੈਬਜ਼ ਵਿੱਚ ਤਿਆਰ ਉਤਪਾਦ ਵਿੱਚ ਬਦਲੇ ਜਾਂਦੇ ਹਨ।

ਡੀਈਏ ਦੇ ਮੁਤਾਬਕ, ਸਿਨਾਲੋਆ ਕਾਰਟੈਲ ਮੈਕਸੀਕੋ ਵਿੱਚ ਆਉਣ ਵਾਲੀਆਂ ਸ਼ਿਪਮੈਂਟਾਂ ਨੂੰ ਛੁਪਾਉਣ ਲਈ ਕਈ ਤਰੀਕਿਆਂ ਦੀ ਵਰਤੋਂ ਕਰਦੇ ਹਨ, ਜਿਵੇਂ ਕਿ ਜਾਇਜ਼ ਵਪਾਰਕ ਵਸਤੂਆਂ ਵਿੱਚ ਰਸਾਇਣਾਂ ਨੂੰ ਲੁਕਾਉਣਾ, ਕੰਟੇਨਰਾਂ ਨੂੰ ਗ਼ਲਤ ਲੇਬਲ ਦੇਣਾ ਹੋਰ ਦੇਸ਼ਾਂ ਤੋਂ ਇਸ ਦੀ ਸ਼ਿਪਿੰਗ ਕਰਨਾ। ਟਰੰਪ ਪ੍ਰਸ਼ਾਸਨ ਨੇ ਮੈਕਸੀਕਨ ਸਰਕਾਰ 'ਤੇ ਡਰੱਗ ਕਾਰਟੈਲ ਨਾਲ ਮਿਲੀਭੁਗਤ ਦਾ ਇਲਜ਼ਾਮ ਲਗਾਇਆ ਹੈ। ਮੈਕਸੀਕੋ ਦੇ ਰਾਸ਼ਟਰਪਤੀ ਸ਼ੇਨਬੌਮ ਨੇ ਅਮਰੀਕਾ ਦੇ ਇਸ ਦਾਅਵੇ ਦੀ ਨਿੰਦਾ ਕੀਤੀ ਹੈ। ਦਸੰਬਰ ਵਿੱਚ, ਟਰੰਪ ਨੇ ਮੈਕਸੀਕੋ ਨੂੰ ਟੈਰਿਫ਼ ਦੀ ਧਮਕੀ ਦੇਣ ਤੋਂ ਥੋੜ੍ਹੀ ਦੇਰ ਬਾਅਦ ਹੀ ਅਮਰੀਕਾ ਦੇ ਸੁਰੱਖਿਆ ਬਲਾਂ ਨੇ ਫੈਂਟਾਨਿਲ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਜ਼ਬਤ ਦਾ ਐਲਾਨ ਕੀਤਾ ਇਹ ਤਕਰੀਬਨ 20 ਕਰੋੜ ਖੁਰਾਕਾਂ ਦੇ ਬਰਾਬਰ ਸੀ।

**ਚੀਨ ਫੈਂਟਾਨਿਲ ਰਸਾਇਣਾਂ ਦਾ ਮੁੱਖ ਸਰੋਤ ਹੈ**

2019 ਵਿੱਚ, ਚੀਨ ਨੇ ਫੈਂਟਾਨਿਲ ਨੂੰ ਇੱਕ ਨਿਯੰਤਰਿਤ ਨਸ਼ੀਲੇ ਪਦਾਰਥ ਵਜੋਂ ਸ਼੍ਰੇਣੀਬੱਧ ਕੀਤਾ ਅਤੇ ਬਾਅਦ ਵਿੱਚ ਇਸਨੂੰ ਬਣਾਉਣ ਲਈ ਵਰਤੇ ਜਾਣ ਵਾਲੇ ਕੁਝ ਰਸਾਇਣਾਂ ਨੂੰ ਵੀ ਇਸ ਸੂਚੀ ਵਿੱਚ ਸ਼ਾਮਲ ਕੀਤਾ। ਇਸ ਦੇ ਬਾਵਜੂਦ, ਫੈਂਟਾਨਿਲ ਦੇ ਨਿਰਮਾਣ ਵਿੱਚ ਸ਼ਾਮਲ ਹੋਰ ਰਸਾਇਣਾਂ ਦਾ ਵਪਾਰ ਜਿਨ੍ਹਾਂ ਵਿੱਚੋਂ ਕੁਝ ਨੂੰ ਕਾਨੂੰਨੀ ਤੌਰ 'ਤੇ ਪ੍ਰਵਾਨਿਤ ਕਾਰਨਾਂ ਕਰਕੇ ਦੇਸ਼ ਵਿੱਚ ਦਾਖ਼ਲ ਹੋਣ ਦੀ ਇਜ਼ਾਜਤ ਨੂੰ ਰੋਕਣਾ ਹਾਲੇ ਅਸੰਭਵ ਹੈ।

ਇਸ ਦਾ ਇੱਕ ਹੋਰ ਕਾਰਨ ਵੀ ਹੈ। ਕਈ ਅਮਰੀਕੀ ਇਲਜ਼ਾਮਾਂ ਜਿਨ੍ਹਾਂ ਵਿੱਚ ਚੀਨੀ ਨਿਰਮਾਤਾਵਾਂ ਨਾਲ ਸੰਚਾਰ ਕਰਨ ਵਾਲੇ ਗੁਪਤ ਏਜੰਟਾਂ ਦੇ ਵੇਰਵੇ ਸ਼ਾਮਲ ਹਨ, ਦੀ ਸਮੀਖਿਆ ਤੋਂ ਪਤਾ ਲੱਗਦਾ ਹੈ ਕਿ ਚੀਨ ਵਿੱਚ ਕੁਝ ਰਸਾਇਣਕ ਕੰਪਨੀਆਂ ਰਸਾਇਣ ਵੇਚ ਰਹੀਆਂ ਹਨ। ਇੰਨਾ ਹੀ ਨਹੀਂ ਇਨ੍ਹਾਂ ਕੰਪਨੀਆਂ ਨੂੰ ਇਹ ਗਿਆਨ ਹੁੰਦਾ ਹੈ ਕਿ ਉਨ੍ਹਾਂ ਦਾ ਇਰਾਦਾ ਫੈਂਟਾਨਿਲ ਬਣਾਉਣਾ ਹੈ। ਵੈਂਡਾ ਫੈਲਬਾਬ-ਬ੍ਰਾਊਨ, ਬਰੂਕਿੰਗਜ਼ ਇੰਸਟੀਚਿਊਟ ਵਿੱਚ ਵਿਦੇਸ਼ ਨੀਤੀ ਵਿੱਚ ਸੀਨੀਅਰ ਫੈਲੋ ਹਨ ਉਹ ਕਹਿੰਦੇ ਹਨ,"ਕਮੀ ਇਸ ਥਾਂ 'ਤੇ ਹੈ ਜਦੋਂ ਕਾਨੂੰਨੀ ਤੌਰ ਉੱਤੇ ਜਿਹੜੇ ਉਤਪਾਦ ਵੇਚਣ ਦੀ ਇਜ਼ਾਜਤ ਹੈ, ਜਾਣਬੁੱਝ ਕੇ ਉਨ੍ਹਾਂ ਉਤਪਾਦਾਂ ਨੂੰ ਅਪਰਾਧਿਕ ਸੰਸਥਾਵਾਂ ਨੂੰ ਵੇਚਿਆ ਜਾਵੇ।"

ਇੱਕ ਬਿਆਨ ਵਿੱਚ, ਚੀਨ ਨੇ ਕਿਹਾ ਕਿ ਉਸ ਕੋਲ ਦੁਨੀਆ ਦੇ ਸਭ ਤੋਂ ਸਖ਼ਤ ਨਸ਼ੀਲੇ ਪਦਾਰਥਾਂ ਦੇ ਕਾਨੂੰਨ ਹਨ ਅਤੇ ਪਿਛਲੇ ਸਮੇਂ ਵਿੱਚ ਇਸ ਮਸਲੇ ਉੱਤੇ ਅਮਰੀਕਾ ਨਾਲ ਮਿਲਕੇ ਕਾਰਵਾਈਆਂ ਕੀਤੀਆਂ ਸਨ। ਚੀ ਨੇ ਕਿਹਾ ਕਿ,"ਅਮਰੀਕਾ ਨੂੰ ਆਪਣੇ ਫੈਂਟਾਨਿਲ ਮੁੱਦੇ ਨੂੰ ਸਮਝਣ ਅਤੇ ਹੱਲ ਕਰਨ ਦੀ ਲੋੜ ਹੈ।" ਜਦੋਂ ਕਿ ਚੀਨ ਫੈਂਟਾਨਿਲ ਬਣਾਉਣ ਲਈ ਵਰਤੇ ਜਾਣ ਵਾਲੇ ਰਸਾਇਣਾਂ ਦਾ ਮੁੱਖ ਸਰੋਤ ਬਣਿਆ ਹੋਇਆ ਹੈ, ਡੀਈਏ ਨੇ ਭਾਰਤ ਨੂੰ ਇਨ੍ਹਾਂ ਰਸਾਇਣਾਂ ਲਈ ਇੱਕ ਉੱਭਰ ਰਹੇ ਪ੍ਰਮੁੱਖ ਸਰੋਤ ਵਜੋਂ ਨਿਰਦੇਸ਼ਿਤ ਕੀਤਾ ਹੈ। ਜਨਵਰੀ 2025 ਤੋਂ ਅਮਰੀਕਾ ਇਲਜ਼ਾਮ ਲਾ ਰਿਹਾ ਹੈ ਕਿ ਭਾਰਤ ਵਿੱਚ ਦੋ ਰਸਾਇਣਕ ਕੰਪਨੀਆਂ ਨੂੰ ਅਮਰੀਕਾ ਅਤੇ ਮੈਕਸੀਕੋ ਨੂੰ ਫੈਂਟਾਨਿਲ ਬਣਾਉਣ ਲਈ ਵਰਤੇ ਜਾਣ ਵਾਲੇ ਰਸਾਇਣਾਂ ਦੀ ਸਪਲਾਈ ਕਰਨ ਲਈ ਵਰਤਿਆ ਜਾਂਦਾ ਸੀ।

**ਫੈਂਟਾਨਿਲ ਵਪਾਰ ਵਿੱਚ ਕੈਨੇਡਾ ਦੀ ਭੂਮਿਕਾ**

ਰਾਸ਼ਟਰਪਤੀ ਟਰੰਪ ਨੇ ਮੈਕਸੀਕੋ ਦੇ ਨਾਲ-ਨਾਲ ਕੈਨੇਡਾ 'ਤੇ ਇਲਜ਼ਾਮ ਲਾਇਆ ਹੈ ਕਿ ਉਹ ਅਮਰੀਕਾ 'ਚ 'ਵੱਡੀ ਗਿਣਤੀ 'ਚ ਲੋਕਾਂ ਦੇ ਨਾਲ-ਨਾਲ ਫੈਂਟਾਨਿਲ ਨੂੰ ਆਉਣ' ਦੀ ਇਜਾਜ਼ਤ ਵੀ ਦੇ ਰਿਹਾ ਹੈ। ਯੂਐੱਸ ਕਸਟਮਜ਼ ਅਤੇ ਬਾਰਡਰ ਪੈਟਰੋਲ ਦੇ ਅੰਕੜਿਆਂ ਦੇ ਅਨੁਸਾਰ, ਅਮਰੀਕਾ ਵਿੱਚ ਦਾਖਲ ਹੋਣ ਵਾਲੇ ਫੈਂਟਾਨਿਲ ਦੀਆਂ ਵੱਡੀਆਂ ਜ਼ਬਤਾਂ ਵਿੱਚੋਂ ਸਿਰਫ 0.2 ਫ਼ੀਸਦ ਕੈਨੇਡੀਅਨ ਸਰਹੱਦ 'ਤੇ ਕੀਤੀਆਂ ਗਈਆਂ ਹਨ, ਬਾਕੀ ਤਕਰੀਬਨ ਸਾਰੀਆਂ ਮੈਕਸੀਕੋ ਦੇ ਨਾਲ ਅਮਰੀਕੀ ਸਰਹੱਦ 'ਤੇ ਜ਼ਬਤ ਕੀਤੀਆਂ ਜਾਂਦੀਆਂ ਹਨ। ਪਰ ਜਨਵਰੀ ਵਿੱਚ, ਕੈਨੇਡਾ ਦੀ ਵਿੱਤੀ ਖੁਫ਼ੀਆ ਏਜੰਸੀ ਨੇ ਰਿਪੋਰਟ ਦਿੱਤੀ ਸੀ ਕਿ ਕੈਨੇਡਾ ਵਿੱਚ ਸੰਗਠਿਤ ਅਪਰਾਧੀ ਸਮੂਹ ਚੀਨ ਤੋਂ ਫ਼ੈਂਟਾਨਿਲ ਨੂੰ ਬਣਾਉਣ ਲਈ ਵਰਤੇ ਜਾਣ ਵਾਲੇ ਰਸਾਇਣਾਂ ਅਤੇ ਲੈਬ ਉਪਕਰਣਾਂ ਨੂੰ ਦਰਾਮਦ ਕਰਕੇ ਫੈਂਟਾਨਿਲ ਦੇ ਉਤਪਾਦਨ ਵਿੱਚ ਤੇਜ਼ੀ ਨਾਲ ਸ਼ਾਮਲ ਹੋ ਰਹੇ ਹਨ।

ਫੈਂਟਾਨਿਲ ਦਾ ਵਪਾਰ ਦੋਵਾਂ ਦਿਸ਼ਾਵਾਂ ਵਿੱਚ ਹੁੰਦਾ ਹੈ। ਸਾਲ 2024 ਦੇ ਪਹਿਲੇ 10 ਮਹੀਨਿਆਂ ਵਿੱਚ, ਕੈਨੇਡੀਅਨ ਸਰਹੱਦੀ ਸੇਵਾ ਨੇ ਅਮਰੀਕਾ ਤੋਂ ਦਾਖਲ ਹੋਣ ਵਾਲੇ 4.9 ਕਿਲੋ ਫੈਂਟਾਨਿਲ ਨੂੰ ਜ਼ਬਤ ਕਰਨ ਦੀ ਰਿਪੋਰਟ ਕੀਤੀ, ਜਦੋਂ ਕਿ ਅਮਰੀਕਾ ਬਾਰਡਰ ਪੈਟਰੋਲ ਨੇ ਕੈਨੇਡਾ ਤੋਂ ਆਉਣ ਵਾਲੇ 14.6 ਕਿਲੋ ਫੈਂਟਾਨਿਲ ਨੂੰ ਰੋਕਿਆ। ਦਸੰਬਰ ਵਿੱਚ, ਦੇਸ਼ ਦੇ ਦਾਖਲੇ 'ਤੇ ਰੋਕ ਲਾਉਣ ਲਈ ਫੈਂਟਾਨਿਲ ਦਾ ਮੁਕਾਬਲਾ ਕਰਨ ਅਤੇ ਸਰਹੱਦੀ ਸੁਰੱਖਿਆ ਨੂੰ ਵਧਾਉਣ ਦਾ ਵਾਅਦਾ ਕੀਤਾ।

# ਵਾਧੂ ਮਿੱਠਾ ਖਾਣ ਨਾਲ ਸਰੀਰ ਉੱਤੇ ਕੀ ਅਸਰ ਹੁੰਦਾ ਹੈ

ਕਈ ਵਾਰ ਮਨੁੱਖੀ ਸਰੀਰ ਦੇ ਕੁਝ ਵਰਤਾਰਿਆਂ ਬਾਰੇ ਇੰਟਰਨੈੱਟ 'ਤੇ 'ਕੁਝ ਜਾਣਕਾਰੀ' ਵਾਇਰਲ ਹੋ ਜਾਂਦੀ ਹੈ, ਜੋ ਬਾਅਦ ਵਿੱਚ ਮਨੁੱਖੀ ਵਿਹਾਰ 'ਤੇ ਅਸਰ ਪਾਉਂਦੀ ਹੈ। ਹਾਲ ਹੀ ਵਿੱਚ ਇੰਟਰਨੈੱਟ ਉੱਤੇ ਗਲੂਕੋਜ਼ ਦੀ ਵਧੇਰੇ ਵਰਤੋਂ ਤੋਂ ਪਰਹੇਜ਼ ਕਰਨ ਸਬੰਧੀ ਵੀਡੀਓਜ਼ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਹੁਣ ਤੱਕ ਲੱਖਾਂ ਵਾਰ ਦੇਖਿਆ ਜਾ ਚੁੱਕਾ ਹੈ। ਗਲੂਕੋਜ਼ ਜਾਂ ਬਲੱਡ ਸ਼ੂਗਰ ਵਿੱਚ ਵਾਧਾ ਉਦੋਂ ਹੁੰਦਾ ਹੈ ਜਦੋਂ ਅਸੀਂ ਕਾਰਬੋਹਾਈਡਰੇਟ ਨਾਲ ਭਰਪੂਰ ਭੋਜਨ ਮਿੱਠੇ ਭੋਜਨ, ਪਾਸਤਾ ਅਤੇ ਇੱਥੋਂ ਤੱਕ ਕਿ ਸਿਹਤਮੰਦ ਬਦਲ, ਜਿਵੇਂ ਕਿ ਕੇਲਾ ਵਗੈਰਾ ਖਾਂਦੇ ਹਾਂ ਤਾਂ ਉਹ ਗਲੂਕੋਜ਼ ਯਾਨਿ ਇੱਕ ਕਿਸਮ ਦੀ ਖੰਡ ਵਿੱਚ ਬਦਲ ਜਾਂਦਾ ਹੈ। ਅਜਿਹਾ ਉਸ ਸਮੇਂ ਵਧੇਰੇ ਹੁੰਦਾ ਹੈ ਜਦੋਂ ਕਾਰਬੋਹਾਈਡ੍ਰੇਟ ਪ੍ਰੋਟੀਨ ਅਤੇ ਫ਼ਾਈਬਰ ਵਰਗੇ ਹੋਰ ਪੌਸ਼ਟਿਕ ਤੱਤਾਂ ਤੋਂ ਬਿਨਾਂ ਖਾਂਦੇ ਹਾਂ। ਬ੍ਰਾਜ਼ੀਲ ਲਿਵੀਆ ਹਸੇਗਾਵਾ ਇੱਕ ਪੋਸ਼ਣ ਮਾਹਰ ਅਤੇ ਸਰੀਰਕ ਕਸਰਤ ਵਿਗਿਆਨ ਦੇ ਮਾਹਰ ਹਨ।

ਉਹ ਕਹਿੰਦੇ ਹਨ,"ਜਦੋਂ ਬਲੱਡ ਸ਼ੂਗਰ ਜ਼ਿਆਦਾ ਹੁੰਦੀ ਹੈ, ਤਾਂ ਸਰੀਰ ਵਧੇਰੇ ਇੰਸੋਲਿਨ ਪੈਦਾ ਕਰਕੇ ਇਸ ਨੂੰ ਘਟਾਉਣ ਦੀ ਕੋਸ਼ਿਸ਼ ਕਰਦਾ ਹੈ। ਇੰਸੋਲਿਨ ਇੱਕ ਹਾਰਮੋਨ ਹੈ ਜੋ ਸ਼ੂਗਰ ਨੂੰ 'ਸਾਫ਼' ਕਰਨ ਅਤੇ ਇਸ ਨੂੰ ਸੈੱਲਾਂ ਵਿੱਚ ਪਹੁੰਚਾਉਣ ਦਾ ਕੰਮ ਕਰਦਾ ਹੈ, ਤਾਂ ਜੋ ਵਾਧੂ ਗਲੂਕੋਜ਼ ਖੂਨ ਵਿੱਚ ਨਾ ਰਹੇ।" ਪਰ ਜਦੋਂ ਖੰਡ ਦੀ ਮਾਤਰਾ ਕਿਸੇ ਸਰੀਰ ਦੀ ਇੰਸੋਲਿਨ ਜ਼ਰੀਏ ਜ਼ਬਤ ਹੋਣ ਦੀ ਸਮਰੱਥਾ ਤੋਂ ਵੱਧ ਹੋ ਜਾਂਦੀ ਹੈ, ਤਾਂ ਸਰੀਰ ਵਿੱਚ ਚਰਬੀ ਇਕੱਠੀ ਹੋਣ ਲੱਗਦੀ ਹੈ। ਚੰਗੀ ਗੱਲ ਇਹ ਹੈ ਕਿ ਖੁਰਾਕ ਅਤੇ ਜੀਵਨ ਸ਼ੈਲੀ ਵਿੱਚ ਸਧਾਰਨ ਬਦਲਾਵਾਂ ਨਾਲ ਇਨ੍ਹਾਂ ਸਿਹਤ ਸਮੱਸਿਆਵਾਂ ਨਾਲ ਨਜਿੱਠਣਾ ਸੰਭਵ ਹੈ।

**ਗਲੂਕੋਜ਼ ਦੇ ਵੱਧ ਪੱਧਰ ਦਾ ਸਰੀਰ 'ਤੇ ਕੀ ਅਸਰ ਹੁੰਦਾ ਹੈ**

ਉਹ ਲੋਕ ਜੋ ਸ਼ੂਗਰ ਦੀ ਬਿਮਾਰੀ ਤੋਂ ਪੀੜਤ



ਹੋਣ ਅਤੇ ਜਿਨ੍ਹਾਂ ਵਿੱਚ ਇੰਸੋਲਿਨ ਦੀ ਘਾਟ ਹੁੰਦੀ ਹੈ ਜੇ ਗਲੂਕੋਜ਼ ਦਾ ਵਧੇਰੇ ਸੇਵਨ ਕਰਨ ਤਾਂ ਉਨ੍ਹਾਂ ਨੂੰ ਗੰਭੀਰ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਾਲ ਬਹੁਤ ਜ਼ਿਆਦਾ ਥਕਾਵਟ, ਤੇਜ਼ ਪਿਆਸ ਅਤੇ ਨਜ਼ਰ ਦੇ ਧੁੰਦਲੇਪਨ ਵਰਗੇ ਲੱਛਣ ਪੈਦਾ ਹੋ ਸਕਦੇ ਹਨ। ਵਧੇਰੇ ਗੰਭੀਰ ਮਾਮਲਿਆਂ ਵਿੱਚ, ਜਦੋਂ ਸਰੀਰ ਊਰਜਾ ਲਈ ਗਲੂਕੋਜ਼ ਦੀ ਵਰਤੋਂ ਨਹੀਂ ਕਰ ਸਕਦਾ, ਤਾਂ ਇਹ ਚਰਬੀ ਨੂੰ ਸਾੜਨਾ ਸ਼ੁਰੂ ਕਰ ਦਿੰਦਾ ਹੈ ਅਤੇ ਅਖੌਤੀ 'ਕੀਟੋਨ ਬਾਡੀਜ਼' ਪੈਦਾ ਕਰਦਾ ਹੈ। ਜਦੋਂ ਇਹ ਪਦਾਰਥ ਵੱਡੀ ਮਾਤਰਾ ਵਿੱਚ ਇਕੱਠੇ ਹੁੰਦੇ ਹਨ, ਤਾਂ ਖੂਨ ਤੇਜ਼ਾਬੀ ਹੋ ਜਾਂਦਾ ਹੈ, ਜੋ ਕਈ ਸਰੀਰਕ ਅੰਗਾਂ ਦੇ ਕੰਮਕਾਜ ਦੀ ਆਮ ਸਮਰੱਥਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਗੁਰਦੇ ਅਤੇ ਦਿਲ ਦੀ ਸਿਹਤ ਲਈ ਵੀ ਹਾਨੀਕਾਰਕ ਹੋ ਸਕਦਾ ਹੈ। ਪੋਸ਼ਣ ਵਿਗਿਆਨੀ ਅਤੇ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਵਿੱਚ ਕਲੀਨਿਕਲ ਖੋਜ ਵਿੱਚ ਪੋਸਟ ਗ੍ਰੈਜੂਏਟ ਮਾਰੀਆਨਾ ਮੇਲੇਂਡੇਜ਼ ਦੱਸਦੇ ਹਨ,"ਇਨ੍ਹਾਂ ਮਾਮਲਿਆਂ ਵਿੱਚ, ਜਦੋਂ ਮਰੀਜ਼ ਬਹੁਤ ਜ਼ਿਆਦਾ ਗਲਾਈਸੈਮਿਕ ਇੰਡੈਕਸ ਵਾਲਾ ਭੋਜਨ ਖਾਂਦਾ ਹੈ, ਤਾਂ ਉਸ ਨੂੰ ਦਵਾਈ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ ਜਦੋਂ ਕਿ ਤੰਦਰੁਸਤ ਲੋਕ ਇਸ ਨੂੰ ਕੁਦਰਤੀ ਤੌਰ 'ਤੇ ਪਚਾ ਸਕਦੇ ਹਨ।" ਪਰ ਇੱਕ ਗੱਲ ਦਾ ਧਿਆਨ ਰੱਖਣ ਦੀ ਲੋੜ ਹੈ ਕਿ ਸਿਹਤਮੰਦ ਲੋਕਾਂ ਦੇ ਸਰੀਰ ਕੋਲ ਬਲੱਡ ਸ਼ੂਗਰ ਦੇ ਵਾਧੇ ਨਾਲ ਨਜਿੱਠਣ ਦੇ ਕੁਦਰਤੀ ਤਰੀਕੇ ਹਨ, ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਨਕਾਰਾਤਮਕ ਨਤੀਜਿਆਂ ਤੋਂ ਮੁਕਤ ਹਨ।

ਮੇਲੇਂਡੇਜ਼ ਦੱਸਦੇ ਹਨ, "ਗਲੂਕੋਜ਼, ਜਦੋਂ ਲੰਬੇ ਸਮੇਂ ਲਈ ਉੱਚ ਪੱਧਰ 'ਤੇ ਰਹਿੰਦਾ ਹੈ, ਤਾਂ ਖੂਨ ਦੀਆਂ ਨਾੜੀਆਂ 'ਤੇ ਜ਼ਹਿਰੀਲਾ ਪ੍ਰਭਾਵ ਪਾ ਸਕਦਾ ਹੈ। ਇਸ ਲਈ ਜਿਨ੍ਹਾਂ ਲੋਕਾਂ ਨੂੰ ਸ਼ੂਗਰ ਨਹੀਂ ਹੈ, ਉਨ੍ਹਾਂ ਨੂੰ ਹੋਰ ਸਮੱਸਿਆਵਾਂ ਹੋ ਸਕਦੀਆਂ ਹਨ।" "ਇਹ ਪ੍ਰਭਾਵ ਵਧੇਰੇ ਮਾੜੇ ਹੁੰਦੇ ਹਨ ਜੇਕਰ ਖੁਰਾਕ ਵਿੱਚ ਫਾਈਬਰ ਅਤੇ ਪ੍ਰੋਟੀਨ ਘੱਟ ਹੋਵੇ, ਜੋ ਗਲੂਕੋਜ਼ ਦੇ ਵਾਧੇ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਇੱਕ ਮੁੱਦਾ ਬਲੱਡ ਪ੍ਰੈਸ਼ਰ ਦਾ ਵਧਣਾ ਹੈ।" ਗਲੂਕੋਜ਼ ਦੇ ਵਾਧੇ ਦਾ ਚਰਬੀ ਵਧਣ 'ਤੇ ਸਿੱਧਾ ਅਸਰ ਪੈਂਦਾ ਹੈ। ਲਿਵੀਆ ਹਸੇਗਾਵਾ ਕਹਿੰਦੇ ਹਨ, "ਇੰਸੋਲਿਨ ਜੋ ਸਰੀਰ ਸ਼ੂਗਰ ਨੂੰ 'ਸਾਫ਼' ਕਰਨ ਲਈ ਪੈਦਾ ਕਰਦਾ ਹੈ, ਉਹ ਵੀ ਇੱਕ ਐਨਾਬੋਲਿਕ ਹਾਰਮੋਨ ਹੈ, ਯਾਨੀ ਇਹ ਸਰੀਰ ਨੂੰ ਊਰਜਾ ਸਟੋਰ ਕਰਨ ਦਾ ਸੰਕੇਤ ਦਿੰਦਾ ਹੈ।"

"ਇਹ ਸਟੋਰੇਜ ਵਿਧੀ ਵਾਧੂ ਗਲੂਕੋਜ਼ ਨੂੰ ਸਰੀਰ ਦੀ ਚਰਬੀ ਵਿੱਚ ਬਦਲ ਦਿੰਦੀ ਹੈ, ਜੋ ਕਿ ਆਮ ਤੌਰ 'ਤੇ ਪੇਟ ਦੇ ਆਲੇ-ਦੁਆਲੇ ਇਕੱਠੀ ਹੋ ਜਾਂਦੀ ਹੈ। ਸਰੀਰ ਸਮਝਦਾ ਹੈ ਕਿ ਇਸ ਨੂੰ ਭਵਿੱਖ ਵਿੱਚ ਵਰਤੋਂ ਲਈ ਊਰਜਾ ਭੰਡਾਰ ਬਣਾਉਣ ਦੀ ਲੋੜ ਹੈ।" ਪੋਸ਼ਣ ਵਿਗਿਆਨੀ ਦੱਸਦੇ ਹਨ ਕਿ ਇਹ ਸਿਰਫ਼ ਇੱਕ ਕਾਰਕ ਹੈ ਜੋ ਸਰੀਰ ਦੀ ਚਰਬੀ ਵਿੱਚ ਵਾਧੇ ਵਿੱਚ ਯੋਗਦਾਨ ਪਾਉਂਦਾ ਹੈ। ਦੂਜਾ ਕਾਰਕ ਸਰੀਰ ਦੀ ਲੋੜ ਤੋਂ ਵੱਧ ਕੈਲੋਰੀਜ਼ ਖਾਣਾ ਹੈ। "ਵਧੇਰੇ

(ਬਾਕੀ ਅਗਲੇ ਸਫੇ 'ਤੇ)

# ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਤੇ ਪੇਂਡੂ ਆਰਥਿਕ ਢਾਂਚਾ



ਸ. ਸ. ਛੀਨਾ

ਲਗਾਤਾਰ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਵਧਣ ਅਤੇ ਕਿਰਸਾਨੀ ਕਰਜ਼ੇ ਨਾਲ ਜੁੜੀਆਂ ਖ਼ੁਦਕੁਸ਼ੀਆਂ 'ਚ ਇਜ਼ਾਫ਼ਾ ਹੋਣ ਕਰਕੇ 18 ਨਵੰਬਰ 2004 ਨੂੰ ਪ੍ਰੋ. ਸਵਾਮੀਨਾਥਨ ਦੀ ਪ੍ਰਧਾਨਗੀ ਹੇਠ ਇਕ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ ਜਿਸ ਦੇ ਜ਼ਿੰਮੇ ਕਿਰਸਾਨੀ ਨਾਲ ਜੁੜੇ ਵੱਖ-ਵੱਖ ਪੱਖਾਂ ਦਾ ਅਧਿਐਨ ਕਰਨ ਦੀ ਜ਼ਿੰਮੇਵਾਰੀ ਲਾਈ ਗਈ ਸੀ। ਉਸ ਨੇ ਇਸ ਸਬੰਧੀ ਅਕਤੂਬਰ 2006 ਵਿਚ ਆਖ਼ਰੀ ਰਿਪੋਰਟ ਦਿੱਤੀ ਜਿਸ 'ਤੇ ਰਾਸ਼ਟਰੀ ਪੱਧਰ 'ਤੇ ਖ਼ੂਬ ਚਰਚਾ ਹੋਈ। ਇਸ ਰਿਪੋਰਟ ਵਿਚ ਵੱਖ-ਵੱਖ ਸੁਝਾਅ ਦਿੱਤੇ ਗਏ ਜਿਨ੍ਹਾਂ ਨਾਲ ਖੇਤੀ ਵਪਾਰ ਵਿਚ ਦੁਬਾਰਾ ਉਜਰ ਆ ਸਕਦਾ ਹੈ। ਇਹ ਸੁਧਾਰ ਵੱਖ-ਵੱਖ ਪੱਖਾਂ ਸਬੰਧੀ ਸਨ ਜਿਵੇਂ ਭੂਮੀ ਦੇ ਸੁਧਾਰ, ਸਿੰਚਾਈ, ਖੇਤੀ ਕਰਜ਼ਾ, ਖੇਤੀ ਬੀਮਾ, ਖ਼ੁਰਾਕ ਸੁਰੱਖਿਆ, ਰੁਜ਼ਗਾਰ, ਉਪਜ ਅਤੇ ਸੰਸਾਰ ਵਿਚ ਖੇਤੀ ਵਸਤਾਂ ਦੀ ਵਿਕਰੀ ਦੇ ਮੁਕਾਬਲੇ ਦੇ ਪੱਖਾਂ ਦਾ ਅਧਿਐਨ ਕੀਤਾ ਗਿਆ। ਪਰ ਉਨ੍ਹਾਂ ਸਿਫ਼ਾਰਸ਼ਾਂ ਨੂੰ ਯੂਪੀਏ ਦੀ ਸਰਕਾਰ ਨੇ ਪ੍ਰਵਾਨ ਨਾ ਕੀਤਾ ਜਿਸ ਨੇ ਇਹ ਕਮਿਸ਼ਨ ਆਪ ਹੀ ਸਥਾਪਤ ਕੀਤਾ ਸੀ। ਉਕਤ ਸਰਕਾਰ ਦੇ ਅਜਿਹੇ ਵਤੀਰੇ ਨੇ ਕਿਸਾਨੀ ਪੇਸ਼ੇ ਨਾਲ ਜੁੜੇ ਲੋਕਾਂ ਨੂੰ ਬਹੁਤ ਨਿਰਾਸ਼ ਕੀਤਾ। ਸਮੇਂ ਦੀਆਂ ਸਰਕਾਰਾਂ ਦੀਆਂ ਨਾਕਾਮ ਨੀਤੀਆਂ ਕਾਰਨ ਮਸਲੇ ਸੁਲਝਣ ਦੀ ਬਜਾਏ ਹੋਰ ਉਲਝਦੇ ਗਏ।

ਬਾਅਦ ਵਿਚ ਐੱਨਡੀਏ ਦੀ ਸਰਕਾਰ 2014 ਵਿਚ ਬਣ ਗਈ ਜਿਸ ਨੇ ਜ਼ਮੀਨੀ ਸੁਧਾਰਾਂ ਨਾਲ ਜੁੜੇ ਤਿੰਨ ਵਿਵਹਾਰਕ ਬਿੱਲ ਪਾਸ ਕਰ ਕੇ ਨਵੀਂ ਬਹਿਸ ਛੇੜ ਲਈ ਅਤੇ ਕਿਸਾਨਾਂ ਦੇ ਵੱਡੇ ਵਿਦਰੋਹ ਕਰਕੇ ਸਰਕਾਰ ਨੇ ਬਾਅਦ ਵਿਚ ਉਨ੍ਹਾਂ ਕਾਨੂੰਨਾਂ ਨੂੰ ਰੱਦ ਕਰ ਦਿੱਤਾ।

ਕਿਸਾਨਾਂ ਦੀਆਂ ਯੂਨੀਅਨਾਂ ਇਕ ਸੁਧਾਰ 'ਤੇ ਹੀ ਜ਼ਿਆਦਾ ਜ਼ੋਰ ਦੇ ਰਹੀਆਂ ਹਨ ਜਿਸ ਦਾ ਉਦੇਸ਼ ਖੇਤੀ ਦੀ ਲਾਗਤ ਨਾਲ 50 ਫ਼ੀਸਦੀ ਲਾਭ ਜੋੜ ਕੇ ਲਾਗੂ ਕਰਨਾ ਹੈ। ਹੋਰ ਸੁਧਾਰਾਂ ਨੂੰ ਅਣਗੌਲਿਆ ਗਿਆ ਹੈ, ਜਿਹੜੇ ਦੇਸ਼ ਦੀ ਸਰਬਪੱਖੀ ਆਰਥਿਕਤਾ ਨੂੰ ਦੁਬਾਰਾ ਉਭਾਰਨ ਨਾਲ ਸਬੰਧਤ ਹਨ ਤੇ ਜਿਨ੍ਹਾਂ ਵਿਚ ਕਿਸਾਨ ਦੀ ਆਮਦਨ ਵਧਾਉਣ ਲਈ ਕਈ ਕਦਮਾਂ ਦੀ ਸਲਾਹ ਦਿੱਤੀ ਗਈ ਸੀ। ਕਿਉਂ ਜੋ ਜ਼ਿਆਦਾ ਜ਼ੋਰ ਘੱਟੋ-ਘੱਟ ਸਮਰਥਨ ਮੁੱਲ 'ਤੇ ਦਿੱਤਾ ਜਾ ਰਿਹਾ ਹੈ, ਇਸ ਲਈ ਇਸ ਦਾ ਅਧਿਐਨ ਕਰਨਾ ਜ਼ਰੂਰੀ ਹੈ ਕਿ ਇਸ ਦਾ ਕੀ ਪ੍ਰਭਾਵ ਪਵੇਗਾ। ਕਮਿਸ਼ਨ ਨੇ ਰਿਪੋਰਟ ਦਿੰਦਿਆਂ ਦੱਸਿਆ ਸੀ ਕਿ 40.11 ਫ਼ੀਸਦੀ ਜੋਤਾਂ ਤਾਂ ਇਕ ਏਕੜ ਤੋਂ ਘੱਟ ਹਨ ਜਦਕਿ 60.63 ਫ਼ੀਸਦੀ 2.5 ਏਕੜ ਤੋਂ ਘੱਟ ਸਨ ਪਰ ਇਸ 60.11 ਫ਼ੀਸਦੀ ਕੋਲ ਕੁੱਲ ਖੇਤੀ



ਖੇਤਰ ਦਾ ਸਿਰਫ਼ 21.93 ਫ਼ੀਸਦੀ ਖੇਤਰ ਹੈ। ਇਹ ਉਹ ਜੋਤਾਂ ਹਨ ਜਿਹੜੀਆਂ ਆਪਣੀ ਉਪਜ ਕਟਾਈ ਦੇ ਇਕਦਮ ਬਾਅਦ ਵੇਚ ਦਿੰਦੀਆਂ ਹਨ ਅਤੇ ਬਾਅਦ ਵਿਚ ਜਦੋਂ ਕੀਮਤਾਂ ਵਧਦੀਆਂ ਹਨ ਤਾਂ ਉਸ ਸਮੇਂ ਖ਼ਰੀਦਣ ਲਈ ਮਜਬੂਰ ਹੁੰਦੀਆਂ ਹਨ। ਉੱਚੀ ਘੱਟੋ-ਘੱਟ ਸਮਰਥਨ ਕੀਮਤ ਉਨ੍ਹਾਂ ਨੂੰ ਵੀ ਪ੍ਰਭਾਵਤ ਕਰਦੀ ਹੈ ਜਦੋਂ ਕੀਮਤਾਂ ਉੱਚੀਆਂ ਹੋ ਜਾਂਦੀਆਂ ਹਨ।

ਭਾਵੇਂ ਘੱਟੋ-ਘੱਟ ਸਮਰਥਨ ਕੀਮਤ 23 ਫ਼ਸਲਾਂ ਲਈ ਘੋਸ਼ਿਤ ਕੀਤੀ ਜਾਂਦੀ ਹੈ ਪਰ ਸਿਰਫ਼ ਕਣਕ ਅਤੇ ਝੋਨਾ ਹੀ ਸਰਕਾਰੀ ਤੌਰ 'ਤੇ ਖ਼ਰੀਦਿਆ ਜਾਂਦਾ ਹੈ। ਉਹ ਵੀ ਸਿਰਫ਼ ਕੁਝ ਪ੍ਰਾਂਤਾਂ ਵਿਚ ਹੀ ਜਿੱਥੇ ਇਹ ਵੱਧ ਪੈਦਾ ਹੁੰਦੀਆਂ ਹਨ। ਉੱਤਰੀ-ਪੂਰਬੀ ਪ੍ਰਾਂਤਾਂ ਵਿਚ ਕਣਕ ਅਤੇ ਝੋਨਾ ਨਹੀਂ ਖ਼ਰੀਦਿਆ ਜਾਂਦਾ, ਨਾ ਹੀ ਦੱਖਣ ਦੇ ਪ੍ਰਾਂਤਾਂ ਵਿਚ ਖ਼ਰੀਦਿਆ ਜਾਂਦਾ ਹੈ। ਸਿਰਫ਼ ਕੀਮਤਾਂ ਨੂੰ ਘੋਸ਼ਿਤ ਕਰਨ ਦਾ ਕੋਈ ਅਰਥ ਨਹੀਂ ਜੇ ਉਨ੍ਹਾਂ ਨੂੰ ਸਰਕਾਰੀ ਤੌਰ 'ਤੇ ਖ਼ਰੀਦਿਆ ਨਹੀਂ ਜਾਂਦਾ। ਪਰ ਖ਼ੁਰਾਕ ਦੀਆਂ ਦੋ ਹੋਰ ਵਸਤਾਂ ਦਾਲਾਂ ਅਤੇ ਤੇਲਾਂ ਦੇ ਬੀਜਾਂ ਦੀ ਹੁਣ ਬੇਹੱਦ ਘਾਟ ਹੋ ਗਈ ਹੈ। ਉਨ੍ਹਾਂ ਦੇ ਆਯਾਤ ਕਰਕੇ ਉਹ ਬਹੁਤ ਉੱਚੀਆਂ ਕੀਮਤਾਂ 'ਤੇ ਖ਼ਰੀਦਣੀਆਂ ਪੈਂਦੀਆਂ ਹਨ, ਜਿਸ ਕਰਕੇ, ਖੇਤੀ ਵਸਤਾਂ ਦੇ ਵਪਾਰੀ ਕਿਸਾਨਾਂ ਦਾ ਇਸ ਕਰਕੇ ਸ਼ੋਸ਼ਣ ਕਰਦੇ ਹਨ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਯਕੀਨੀ ਮੰਡੀਕਰਨ ਨਹੀਂ ਹੈ। ਘੱਟੋ-ਘੱਟ ਕੀਮਤਾਂ ਨੂੰ ਯਕੀਨੀ ਮੰਡੀਕਰਨ ਨਾਲ ਜੋੜਨਾ ਸਭ ਤੋਂ ਜ਼ਰੂਰੀ ਹੈ ਜਿਹੜਾ ਭਾਵੇਂ ਕੇਂਦਰ ਸਰਕਾਰ ਵੱਲੋਂ ਕੀਤਾ ਜਾਵੇ ਜਾਂ ਸੂਬਾ ਸਰਕਾਰਾਂ ਵੱਲੋਂ। ਕੇਂਦਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਹੀ ਖੇਤੀ ਵਿਭਿੰਨਤਾ ਲਾਗੂ ਕਰਵਾ ਸਕਦੀਆਂ ਹਨ ਜਿਹੜਾ ਯਕੀਨੀ ਮੰਡੀਕਰਨ ਨਾਲ ਹੀ ਹੋ ਸਕਦਾ ਹੈ। ਇੱਥੋਂ ਤੱਕ ਕਿ ਸਬਜ਼ੀਆਂ ਅਤੇ ਫਲਾਂ ਦੀ ਉਪਜ ਦੀ ਸਮਰੱਥਾ ਨੂੰ ਅਣਗੌਲਿਆ ਗਿਆ ਹੈ ਭਾਵੇਂ ਉਨ੍ਹਾਂ ਦੀਆਂ ਕੀਮਤਾਂ ਵਿਚ ਵੱਡਾ ਉਤਰਾਅ-ਚੜ੍ਹਾਅ ਹੈ। ਯੋਗ ਭੰਡਾਰਨ ਸਹੂਲਤਾਂ ਨਾ ਹੋਣਾ ਇਕ ਕਾਰਨ ਹੈ ਅਤੇ ਕਿਸਾਨਾਂ ਨੂੰ ਉਨ੍ਹਾਂ ਦੇ ਖ਼ਰਾਬ ਹੋਣ ਦਾ ਨੁਕਸਾਨ ਉਠਾਉਣਾ ਪੈਂਦਾ ਹੈ ਕਿਉਂਕਿ ਇਨ੍ਹਾਂ ਨੂੰ ਸੰਭਾਲਣ ਲਈ ਸਹੂਲਤਾਂ ਦੀ ਘਾਟ ਹੈ।

ਸਵਾਮੀਨਾਥਨ ਕਮਿਸ਼ਨ ਨੇ ਸਾਰੀਆਂ ਫ਼ਸਲਾਂ ਦੇ ਬੀਮੇ ਦੀ ਵਿਵਸਥਾ ਦੀ ਗੱਲ ਕੀਤੀ ਸੀ। ਸਰਕਾਰ ਦੀਆਂ ਇਸ ਮੁਹਾਜ਼ 'ਤੇ ਥੋੜ੍ਹੀਆਂ ਜਿਹੀਆਂ ਕੋਸ਼ਿਸ਼ਾਂ ਤੋਂ ਇਲਾਵਾ ਕੁਝ ਠੋਸ ਪ੍ਰਾਪਤ ਨਹੀਂ ਹੋਇਆ। ਏਕੀਕ੍ਰਿਤ ਬੀਮਾ ਜਿਸ ਵਿਚ ਫ਼ਸਲਾਂ, ਪਸ਼ੂ ਅਤੇ ਮਨੁੱਖੀ ਸਿਹਤ ਨੂੰ ਵੀ ਸ਼ਾਮਲ ਕੀਤਾ ਹੋਵੇ, ਬਹੁਤ ਮਹੱਤਵਪੂਰਨ ਹੈ। ਨੁਕਸਾਨ ਦੀ ਹਾਲਤ ਵਿਚ ਪਿੰਡ ਨੂੰ ਇਕ ਇਕਾਈ ਦੇ ਰੂਪ ਵਿਚ ਲੈਣਾ ਚਾਹੀਦਾ ਹੈ। ਨਿੱਜੀ ਕੰਪਨੀਆਂ ਨੂੰ ਸਰਕਾਰ ਦੀ ਮਦਦ ਨਾਲ ਉਤਸ਼ਾਹਤ ਕਰਨਾ ਚਾਹੀਦਾ ਹੈ ਜਿਸ ਨਾਲ ਵੱਡੀ ਗਿਣਤੀ ਵਸੋਂ ਨੂੰ ਲਾਭ ਮਿਲ ਸਕਦਾ ਹੈ।

ਸਵਾਮੀਨਾਥਨ ਕਮਿਸ਼ਨ ਨੇ ਰਾਸ਼ਟਰ ਪੱਧਰ ਦੀ ਭੂਮੀ ਖ਼ਰੀਦ ਨੀਤੀ ਲਾਗੂ ਕਰਨ ਨੂੰ ਕਿਹਾ ਹੈ ਜਿਸ ਵਿਚ ਜ਼ਮੀਨ ਦੀ ਕੀਮਤ ਨੂੰ ਜ਼ਮੀਨ ਦੀ ਵਰਤੋਂ ਦੇ ਆਧਾਰ 'ਤੇ ਨਿਰਧਾਰਤ ਕਰਨਾ ਚਾਹੀਦਾ ਹੈ। ਜੇ 60 ਫ਼ੀਸਦੀ ਸਿੰਚਾਈ ਲਈ ਬਾਰਿਸ਼ਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ ਪਰ 45 ਫ਼ੀਸਦੀ ਉਪਜ ਦੇ ਰਹੀ ਹੈ ਤਾਂ ਕਮਿਸ਼ਨ ਦੀ ਸਿਫ਼ਾਰਸ਼ ਹੈ ਕਿ ਯੋਗ ਮਾਤਰਾ ਵਿਚ ਸਿੰਚਾਈ ਦਾ ਪਾਣੀ ਹਰ ਕਿਸਾਨ ਦੀ ਪਹੁੰਚ ਵਿਚ ਹੋਣਾ ਚਾਹੀਦਾ ਹੈ। ਇਕ ਸਿਫ਼ਾਰਸ਼ ਹੈ ਕਿ ਖੇਤੀ ਵਿਚ ਨਿਵੇਸ਼ ਨੂੰ ਵਧਾਉਣਾ ਚਾਹੀਦਾ ਹੈ। ਸਿੰਚਾਈ ਵਿਚ ਢਾਂਚਾਗਤ ਤਬਦੀਲੀਆਂ ਸਿੰਚਾਈ ਦੇ ਪਾਣੀ ਨੂੰ ਵਧਾ ਸਕਦੀਆਂ ਹਨ। ਵੱਖ-ਵੱਖ ਪ੍ਰਾਂਤਾਂ ਵਿਚ ਉਪਜ ਦਾ ਵਖਰੇਵਾਂ ਵਿਦੇਸ਼ਾਂ ਦੀ ਬਜਾਏ ਭਾਰਤ ਵਿਚ ਬਹੁਤ ਘੱਟ ਹੈ। ਵੱਖ-ਵੱਖ ਪ੍ਰਾਂਤਾਂ ਵਿਚ ਉਪਜ ਦੇ ਵਖਰੇਵੇਂ ਦੇ ਆਧਾਰ 'ਤੇ ਖੇਤੀ ਦੀ ਖੋਜ ਹੋਣੀ ਚਾਹੀਦੀ ਹੈ।

ਖੇਤੀਬਾੜੀ ਕੁਦਰਤੀ ਤੱਤਾਂ 'ਤੇ ਨਿਰਭਰ ਕਰਦੀ ਹੈ ਜਿਹੜੇ ਮਨੁੱਖ ਦੇ ਹੱਥ-ਵੱਸ ਵਿਚ ਨਹੀਂ ਹਨ। ਉਹ ਜਲਵਾਯੂ, ਮੌਸਮ, ਧਰਤੀ ਦੀ ਉਪਜਾਊ ਸ਼ਕਤੀ, ਉਸ ਫ਼ਸਲ ਲਈ ਅਨੁਕੂਲ ਆਦਿ ਕਈ ਤੱਤਾਂ 'ਤੇ ਨਿਰਭਰ ਕਰਦੀ ਹੈ। ਸਵਾਮੀਨਾਥਨ ਕਮਿਸ਼ਨ ਨੇ ਇਕ ਖੇਤੀਬਾੜੀ ਜੋਖ਼ਮ ਫੰਡ ਸਥਾਪਤ ਕਰਨ ਦੀ ਸਿਫ਼ਾਰਸ਼ ਕੀਤੀ ਜਿਹੜਾ ਖੇਤੀ ਖੇਤਰ ਦੇ ਹੋਏ ਕੁਦਰਤੀ ਨੁਕਸਾਨ ਦੇ ਸਮੇਂ ਕਿਸਾਨਾਂ

**(ਬਾਕੀ ਅਗਲੇ ਸਫੇ 'ਤੇ)**

# ਵਾਧੂ ਮਿੱਠਾ ਖਾਣ ਨਾਲ ਸਰੀਰ ਉੱਤੇ ਕੀ ਅਸਰ ਹੁੰਦਾ ਹੈ

**(ਸਫਾ 17 ਦੀ ਬਾਕੀ)**

ਕੈਲੋਰੀਆਂ, ਭਾਵੇਂ ਉਨ੍ਹਾਂ ਦਾ ਮੂਲ ਕੋਈ ਵੀ ਹੋਵੇ। ਚਾਹੇ ਉਹ ਕਾਰਬੋਹਾਈਡ੍ਰੇਟ, ਚਰਬੀ ਜਾਂ ਪ੍ਰੋਟੀਨ ਤੋਂ ਹੋਣ ਤਾਂ ਵੀ ਚਰਬੀ ਇਕੱਠਾ ਕਰਨ ਦਾ ਕਾਰਨ ਬਣ ਸਕਦੀਆਂ ਹਨ।'' ਪੋਸ਼ਣ ਮਾਹਰ ਦੱਸਦੇ ਹਨ, ਇਹ ਸਿੱਟਾ ਕੱਢਦੇ ਹੋਏ ਕਿ ਭਾਰ ਵਧਣ ਦੇ ਦੋਵੇਂ ਕਾਰਨ ਆਮ ਤੌਰ 'ਤੇ ਨਾਲ-ਨਾਲ ਚੱਲਦੇ ਹਨ।

ਉਨ੍ਹਾਂ ਮੁਤਾਬਕ,''ਹਾਲਾਂਕਿ, ਕਾਰਬੋਹਾਈਡ੍ਰੇਟ, ਖ਼ਾਸ ਕਰਕੇ ਰਿਫਾਈਂਡ ਅਤੇ ਪ੍ਰੋਸੈਸਡ ਫ਼ੂਡ ਦੇ ਰੂਪ ਵਿੱਚ ਸਭ ਤੋਂ ਵੱਧ ਖਾਦੇ ਜਾਂਦੇ ਹਨ ਕਿਉਂਕਿ ਇਹ ਬਰੈੱਡ, ਕੂਕੀਜ਼ ਅਤੇ ਫਰਾਈਜ਼ ਵਰਗੇ ਸਨੈਕਸ ਵਰਗੇ ਭੋਜਨਾਂ ਵਿੱਚ ਮੌਜੂਦ ਹੁੰਦੇ ਹਨ।'' ਇਸ ਤੋਂ ਇਲਾਵਾ, ਇਨ੍ਹਾਂ ਕਾਰਬੋਹਾਈਡ੍ਰੇਟਸ ਦਾ ਤੇਜ਼ੀ ਨਾਲ ਸਰੀਰ ਵਿੱਚ ਰਚ ਜਾਣਾ 'ਰੀਬਾਉਂਡ ਹਾਈਪੋਗਲਾਈਸੀਮੀਆ' ਦਾ ਕਾਰਨ ਵੀ ਬਣ ਸਕਦਾ ਹੈ। ''ਇਨ੍ਹਾਂ ਨੂੰ ਖਾਣ ਤੋਂ ਬਾਅਦ, ਖ਼ੂਨ ਵਿੱਚ ਗਲੂਕੋਜ਼ ਦਾ ਪੱਧਰ ਤੇਜ਼ੀ ਨਾਲ ਵੱਧ ਜਾਂਦਾ ਹੈ ਜਿਸ ਨੂੰ ਸੰਤੁਲਿਤ ਕਰਨ ਲਈ ਸਰੀਰ ਇੰਸੋਲਿਨ ਪੈਦਾ ਕਰਦਾ ਹੈ ਅਤੇ ਗਲੂਕੋਜ਼ ਦਾ ਪੱਧਰ ਤੇਜ਼ੀ ਨਾਲ ਘੱਟ ਜਾਂਦਾ ਹੈ, ਜਿਸ ਨਾਲ ਥਕਾਵਟ ਹੁੰਦੀ ਹੈ ਜਾਂ ਜ਼ਿਆਦਾ ਭੁੱਖ ਲੱਗਦੀ ਹੈ।''

### ਬਲੱਡ ਸ਼ੂਗਰ ਦੇ ਵਾਧੇ ਤੋਂ ਕਿਵੇਂ ਬਚਿਆ ਜਾਵੇ

ਬਲੱਡ ਸ਼ੂਗਰ ਦੇ ਤੇਜ਼ ਵਾਧੇ ਤੋਂ ਬਚਣ ਲਈ ਕਾਰਬੋਹਾਈਡ੍ਰੇਟ ਦਾ ਫਾਈਬਰ, ਪ੍ਰੋਟੀਨ ਜਾਂ ਸਿਹਤਮੰਦ ਚਰਬੀ ਨਾਲ ਮਿਲਾ ਕੇ ਸੇਵਨ, ਸਭ ਤੋਂ ਵੱਧ ਵਰਤੀ ਜਾਣ ਵਾਲੀ ਰਣਨੀਤੀ ਹੈ। ਹਾਸੇਗਾਵਾ ਦੱਸਦੇ ਹਨ, ''ਕਾਰਬੋਹਾਈਡ੍ਰੇਟ ਤੋਂ ਪਹਿਲਾਂ ਫਾਈਬਰ ਅਤੇ ਪ੍ਰੋਟੀਨ ਦਾ ਸੇਵਨ ਗਲੂਕੋਜ਼ ਦੇ ਸੋਖਣ ਨੂੰ ਹੌਲੀ ਕਰਨ ਵਿੱਚ ਮਦਦ ਕਰਦਾ ਹੈ। ਉਦਾਹਰਣ ਵਜੋਂ, ਪਾਸਤਾ ਖਾਂਦੇ ਸਮੇਂ, ਸਲਾਦ ਨਾਲ ਸ਼ੁਰੂਆਤ ਕਰਨਾ ਇੱਕ ਚੰਗਾ ਵਿਚਾਰ ਹੋ ਸਕਦਾ ਹੈ।'' ''ਉਸ ਤੋਂ ਬਾਅਦ ਪ੍ਰੋਟੀਨ, ਜਿਵੇਂ ਕਿ ਮੀਟ ਜਾਂ ਚਿਕਨ ਜਾਂ ਟੂਨਾ ਦੇ ਟੁਕੜੇ ਖਾਣਾ। ਇਹ ਰਣਨੀਤੀ, ਜਿਸ ਨੂੰ ਗਲਾਈਸੈਮਿਕ ਲੋਡ ਕਿਹਾ ਜਾਂਦਾ ਹੈ, ਪਾਚਨ ਨੂੰ ਹੌਲੀ ਕਰਦੀ ਹੈ ਅਤੇ ਗਲੂਕੋਜ਼ ਦੇ ਪੱਧਰਾਂ 'ਤੇ ਕਾਰਬੋਹਾਈਡ੍ਰੇਟ ਦੇ ਪ੍ਰਭਾਵ ਨੂੰ ਘਟਾਉਂਦੀ ਹੈ।'' ਫਾਈਬਰ ਲਈ ਟਸ, ਛਿਲਕੇ ਸਣੇ ਕਣਕ ਦਾ ਆਟਾ, ਅਲਸੀ ਦੇ ਬੀਜ ਅਤੇ ਸਬਜ਼ੀਆਂ ਅਤੇ ਫ਼ਲਾਂ ਵਰਗੇ ਕੁਦਰਤੀ ਭੋਜਨਾਂ ਦਾ ਸੇਵਨ ਕੀਤਾ ਜਾ ਸਕਦਾ ਹੈ। ਪੋਸ਼ਣ ਵਿਗਿਆਨੀ ਬਾਲਗਾਂ ਲਈ ਪ੍ਰਤੀ ਦਿਨ ਇੱਕ ਖ਼ਾਸ ਮਾਤਰਾ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਮਾਹਰਾਂ ਮੁਤਾਬਕ ਘੱਟੋ ਘੱਟ 14 ਗ੍ਰਾਮ ਫਾਈਬਰ ਦਾ ਸੇਵਨ ਕੀਤਾ ਜਾਣਾ ਚਾਹੀਦਾ ਹੈ। ਪਰ ਇਹ ਟੀਚਾ 'ਚੁਣੌਤੀਪੂਰਨ' ਹੈ, ਕਿਉਂਕਿ ਸਾਡੇ ਰੋਜ਼ਾਨਾ ਦੇ ਭੋਜਨ ਵਿੱਚ ਫਾਈਬਰ ਦੀ ਮਾਤਰਾ ਬਹੁਤ ਸੀਮਤ ਹੁੰਦੀ ਹੈ। ਇਸ ਨੂੰ ਥੋੜ੍ਹੇ ਸੌਖੇ ਤਰੀਕੇ ਨਾਲ ਸਮਝਦੇ ਹਾਂ। ਅਸਲ ਵਿੱਚ ਇੱਕ ਕੱਪ ਪਕੀ ਹੋਈ ਬ੍ਰੋਕਲੀ ਵਿੱਚ ਤਕਰੀਬਨ ਪੰਜ ਤੋਂ ਛੇ ਗ੍ਰਾਮ ਫਾਈਬਰ ਹੁੰਦਾ ਹੈ ਅਤੇ ਦੋ ਚਮਚ ਟਸ ਵਿੱਚ ਦੋ ਤੋਂ ਤਿੰਨ ਗ੍ਰਾਮ ਫਾਈਬਰ ਹੁੰਦੇ ਹਨ।

ਮੇਲੇਂਡੇਜ਼ ਕਹਿੰਦੇ ਹਨ, ''ਇੱਕ ਵਿਹਾਰਕ ਸੁਝਾਅ ਇਹ ਹੈ ਕਿ ਫਾਈਬਰ ਵਾਲੇ ਕਾਰਬੋਹਾਈਡ੍ਰੇਟ ਚੁਣੋ।



ਉਦਾਹਰਣ ਵਜੋਂ, ਸੰਤਰੇ ਦਾ ਜੂਸ ਪੀਣ ਦੀ ਬਜਾਇ, ਫ਼ਲ ਨੂੰ ਗੁੱਦੇ ਸਮੇਤ ਖਾ । ਕਣਕ ਦੀ ਰੋਟੀ ਛਾਣੇ ਬਿਨ੍ਹਾਂ ਬਣਾ । ਇਸ ਤਰ੍ਹਾਂ, ਅਸੀਂ ਕਾਰਬੋਹਾਈਡ੍ਰੇਟ ਦੇ ਨਾਲ-ਨਾਲ ਲੋੜੀਂਦੇ ਫਾਈਬਰ ਨੂੰ ਆਪਣੇ ਰੋਜ਼ਮਰਾ ਦੇ ਖਾਣੇ ਵਿੱਚ ਸ਼ਾਮਲ ਕਰ ਸਕਦੇ ਹਾਂ।'' ''ਬਹੁਤ ਸਾਰੇ ਲੋਕ ਕੁਝ ਖਾਸ ਭੋਜਨਾਂ, ਜਿਵੇਂ ਕਿ ਚੁਕੰਦਰ ਤੋਂ ਪਰਹੇਜ਼ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿਉਂਕਿ ਉਹ ਮੰਨਦੇ ਹਨ ਕਿ ਉਨ੍ਹਾਂ ਵਿੱਚ ਬਹੁਤ ਸਾਰੇ ਕਾਰਬੋਹਾਈਡ੍ਰੇਟ ਹੁੰਦੇ ਹਨ। ਹਾਲਾਂਕਿ, ਅਸੀਂ ਘੱਟ ਹੀ ਕੋਈ ਭੋਜਨ ਇਕੱਲਿਆਂ ਖਾਂਦੇ ਹਾਂ।'' ''ਜਿਵੇਂ ਕਿ ਚੁਕੰਦਰ ਨੂੰ ਆਮ ਤੌਰ 'ਤੇ ਹੋਰ ਭੋਜਨਾਂ, ਜਿਵੇਂ ਕਿ ਮੀਟ, ਬੀਨਜ਼ ਅਤੇ ਸਲਾਦ ਨਾਲ ਖਾਧਾ ਜਾਂਦਾ ਹੈ, ਜੋ ਭੋਜਨ ਨੂੰ ਸੰਤੁਲਿਤ ਕਰਦਾ ਹੈ। ਕੇਲਿਆਂ ਲਈ ਵੀ ਇਹੀ ਗੱਲ ਹੈ ਟਸ ਅਤੇ ਦਹੀਂ ਪਾਉਣ ਨਾਲ ਇਹ ਸੰਤੁਲਿਤ ਹੋ ਜਾਂਦੇ ਹਨ।''

ਮੇਲੇਂਡੇਜ਼ ਇਹ ਵੀ ਦੱਸਦੇ ਹਨ ਕਿ, ਗਲੂਕੋਜ਼ ਵਿੱਚ ਤੇਜ਼ੀ ਨਾਲ ਵਾਧਾ ਕਰਨ ਦੇ ਨਾਲ-ਨਾਲ, ਉੱਚ ਗਲਾਈਸੈਮਿਕ ਇੰਡੈਕਸ ਵਾਲੇ ਭੋਜਨ, ਜਿਵੇਂ ਕਿ ਚਿੱਟੇ ਚੌਲ ਜਾਂ ਆਲੂ ਖਾਣ ਤੋਂ ਬਾਅਦ ਬਹੁਤ ਜਲਦ ਹੀ ਦੁਬਾਰਾ ਭੁੱਖ ਮਹਿਸੂਸ ਹੋਣ ਲੱਗਦੀ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਇਹ ਭੋਜਨ ਮੂਲ ਰੂਪ ਵਿੱਚ ਘੱਟ ਫਾਈਬਰ ਵਾਲੇ ਕਾਰਬੋਹਾਈਡ੍ਰੇਟ ਹੁੰਦੇ ਹਨ। ''ਇਸ ਤੋਂ ਬਚਣ ਲਈ ਕਾਰਬੋਹਾਈਡਰੇਟ ਨੂੰ ਬਰੈਨ ਫਾਈਬਰ, ਆਂਡਾ, ਪਨੀਰ ਜਾਂ ਕੱਟੇ ਹੋਏ ਚਿਕਨ ਜੋ ਪ੍ਰੋਟੀਨ ਦਾ ਸਰੋਤ ਹਨ ਵਰਗੇ ਤੱਤਾਂ ਨਾਲ ਮਿਲਾ ਕੇ ਖਾ । ਇਸ ਤਰ੍ਹਾਂ ਭੋਜਨ ਦਾ ਗਲਾਈਸੈਮਿਕ ਲੋਡ ਘਟਦਾ ਹੈ ਅਤੇ ਇਹ ਪੇਟ ਦੀ ਭਰੇਪਣ ਦੀ ਭਾਵਨਾ ਨੂੰ ਵਧਾਉਂਦੇ ਹਨ ਅਤੇ ਭਾਰ ਘਟਾਉਣ ਵਿੱਚ ਮਦਦ ਕਰਦੇ ਹਨ।'' ਸਰੀਰਕ ਕਸਰਤ ਕਰਨ ਨਾਲ ਵੀ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿੱਚ ਮਦਦ ਮਿਲਦੀ ਹੈ। ਹਾਸੇਗਾਵਾ ਕਹਿੰਦੇ ਹਨ, ''ਮਾਸਪੇਸ਼ੀਆਂ ਵਿੱਚ ਇੰਸੋਲਿਨ ਦੀ ਕਿਰਿਆ ਤੋਂ ਬਿਨਾਂ ਵੀ, ਖ਼ੂਨ ਵਿੱਚੋਂ ਸਿੱਧੇ ਗਲੂਕੋਜ਼ ਨੂੰ ਹਾਸਲ ਕਰਨ ਦੀ ਸਮਰੱਥਾ ਹੁੰਦੀ ਹੈ, ਜੋ ਕਿ ਇੰਸੋਲਿਨ ਪ੍ਰਤੀਰੋਧ ਜਾਂ ਸ਼ੂਗਰ ਤੋਂ ਪੀੜਤ ਲੋਕਾਂ ਲਈ ਖਾਸ ਤੌਰ 'ਤੇ ਮਹੱਤਵਪੂਰਨ ਹੈ।''

### ਬੇਹੱਦ ਕੰਟਰੋਲ ਦਾ ਖ਼ਤਰਾ

ਇਹ ਸਮਝਣਾ ਜ਼ਰੂਰੀ ਹੈ ਕਿ ਅਸੀਂ ਜੋ ਵੀ ਖਾਂਦੇ ਹਾਂ ਉਸ ਨਾਲ ਸਾਡੇ ਸਰੀਰ 'ਤੇ ਕਿਵੇਂ ਪ੍ਰਭਾਵ ਪੈਂਦਾ ਹੈ। ਸੁਚੇਤ ਰਹਿਣਾ ਸਕਾਰਾਤਮਕ ਬਦਲਾਅ ਲਿਆਉਣ ਵਿੱਚ ਮਦਦਗਾਰ ਹੋ ਸਕਦਾ ਹੈ। ਪੋਸ਼ਣ ਵਿਗਿਆਨੀ ਚੇਤਾਵਨੀ ਦਿੰਦੇ ਹਨ ਕਿ ਸਰੀਰ ਵਿੱਚ ਹਰ ਛੋਟੀ ਜਿਹੀ ਪ੍ਰਕਿਰਿਆ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਸਾਵਧਾਨੀ ਵਰਤਣੀ ਚਾਹੀਦੀ ਹੈ। ਮੇਲੇਂਡੇਜ਼ ਕਹਿੰਦੇ ਹਨ, ''ਲੋਕਾਂ ਨੂੰ ਆਪਣੀ ਖ਼ੁਰਾਕ 'ਤੇ ਜ਼ਿਆਦਾ ਧਿਆਨ ਦੇਣ ਦੀ ਜ਼ਰੂਰਤ ਨਹੀਂ ਹੈ। ਇਹ ਇੱਕ ਕੁਦਰਤੀ ਪ੍ਰੀਕਿਰਿਆਵਾਂ ਨੂੰ ਔਖਾ ਬਣਾਉਣਾ ਹੈ।'' ''ਇੰਸੁਲਿਨ ਪ੍ਰਤੀਰੋਧ, ਗਲੂਕੋਜ਼ ਅਸਹਿਣਸ਼ੀਲਤਾ ਜਾਂ ਸ਼ੂਗਰ ਤੋਂ ਬਿਨਾਂ ਵਿਅਕਤੀਆਂ ਲਈ, ਕਸਰਤ ਕਰਨਾ ਅਤੇ ਹਰ ਭੋਜਨ ਵਿੱਚ ਫਾਈਬਰ ਅਤੇ ਪ੍ਰੋਟੀਨ ਦੇ ਸਰੋਤ ਸ਼ਾਮਲ ਕਰਨਾ ਕਾਫ਼ੀ ਹੈ। ਉੱਚ ਗਲਾਈਸੈਮਿਕ ਇੰਡੈਕਸ ਵਾਲੇ ਭੋਜਨਾਂ ਤੋਂ ਪਰਹੇਜ਼ ਕਰਨ ਬਾਰੇ ਦਿਮਾਗੀ ਤੌਰ 'ਤੇ ਪਰੇਸ਼ਾਨ ਹੋਣ ਦੀ ਕੋਈ ਲੋੜ ਨਹੀਂ ਹੈ।''

### ਤੇਜ਼ੀ ਨਾਲ ਪਚਣ ਵਾਲੇ ਕਾਰਬੋਹਾਈਡ੍ਰੇਟ ਲਾਭਦਾਇਕ ਹੋ ਸਕਦੇ ਹਨ

ਇੱਕ ਘੰਟੇ ਤੋਂ ਵੱਧ ਸਮੇਂ ਲਈ ਦੌੜਨ ਜਾਂ ਸਾਈਕਲਿੰਗ ਕਰਨ ਵਰਗੇ ਲੰਬੇ ਸੈਸ਼ਨਾਂ ਤੋਂ ਬਾਅਦ ਹੀ ਉੱਚ ਗਲਾਈਸੈਮਿਕ ਇੰਡੈਕਸ ਵਾਲੇ ਭੋਜਨ ਦਾ ਸੇਵਨ ਕਰਨਾ ਸਮਝਦਾਰੀ ਹੈ ਨਹੀਂ ਤਾਂ ਪਰਹੇਜ਼ ਬਹਿਤਰ ਹੈ। ਇਸ ਦਾ ਕਾਰਨ ਹੈ ਕਿ ਕਸਰਤ ਤੋਂ ਬਾਅਦ, ਸਾਨੂੰ ਗਲਾਈਕੋਜਨ ਸਟੋਰਾਂ ਨੂੰ ਭਰਨ ਦੀ ਲੋੜ ਹੁੰਦੀ ਹੈ, ਜੋ ਕਿ ਸਾਡੇ ਆਸਾਨੀ ਨਾਲ ਵਰਤੇ ਜਾਣ ਵਾਲੇ ਗਲੂਕੋਜ਼ ਦੇ ਭੰਡਾਰ ਹਨ। ਸੇਗਾਵਾ ਦੱਸਦੇ ਹਨ, ''ਮਾਹਰ ਮਾਸਪੇਸ਼ੀਆਂ ਦੀ ਰਿਕਵਰੀ ਵਿੱਚ ਮਦਦ ਕਰਨ ਲਈ ਤੇਜ਼ੀ ਨਾਲ ਪਚਣ ਵਾਲੇ ਕਾਰਬੋਹਾਈਡਰੇਟ, ਜਿਵੇਂ ਕਿ ਰੋਟੀ, ਦਾ ਸੇਵਨ ਕਰਨ ਦੀ ਸਿਫਾਰਸ਼ ਕਰਦੇ ਹਨ।'' ''ਇਹ ਖ਼ਾਸ ਤੌਰ 'ਤੇ ਉਨ੍ਹਾਂ ਲਈ ਲਾਭਦਾਇਕ ਹੈ ਜੋ ਇੱਕੋ ਦਿਨ ਵਿੱਚ ਦੋ ਵਾਰ ਕਸਰਤ ਕਰਦੇ ਹਨ ਜਾਂ ਮਾਸਪੇਸ਼ੀਆਂ ਨੂੰ ਵਧਾਉਣਾ ਚਾਹੁੰਦੇ ਹਨ। ਜਿਹੜੇ ਲੋਕ ਭਾਰ ਘਟਾਉਣਾ ਚਾਹੁੰਦੇ ਹਨ, ਉਹ ਵੀ ਕਸਰਤ ਤੋਂ ਬਾਅਦ ਕਾਰਬੋਹਾਈਡਰੇਟ ਦਾ ਸੇਵਨ ਕਰ ਸਕਦੇ ਹਨ।'' ''ਇਹ ਉਹ ਸਮਾਂ ਹੈ ਜਦੋਂ ਉਹ ਆਪਣੀ ਪਸੰਦ ਦੇ ਭੋਜਨ ਖਾ ਸਕਦੇ ਹਨਅਤੇ ਸਰੀਰ ਵਿੱਚ ਚਰਬੀ ਇਕੱਠੀ ਹੋਣ ਤੋਂ ਵੀ ਬਚਾ ਹੋ ਸਕਦਾ ਹੈ, ਪਰ ਮਾਤਰਾ ਨੂੰ ਚੰਗੀ ਤਰ੍ਹਾਂ ਮਾਪਣਾ ਮਹੱਤਵਪੂਰਨ ਹੈ।'' ਕਸਰਤ ਤੋਂ ਤੁਰੰਤ ਬਾਅਦ ਸਨੈਕ ਲਈ ਚੰਗੇ ਬਦਲਾਂ ਵਿੱਚ ਸੁੱਕੇ ਮੇਵੇ ਸ਼ਾਮਲ ਹਨ, ਜਿਵੇਂ ਕਿ ਖੁਰਮਾਨੀ ਅਤੇ ਸੌਗੀ। ਇਸ ਤੋਂ ਇਲਾਵਾ ਆਲੂ, ਜਾਂ ਮੱਕੀ ਦੇ ਦਾਣਿਆਂ ਦਾ (ਬਿਨਾਂ ਮਿੱਠੇ) ਸੇਵਨ ਕੀਤਾ ਜਾ ਸਕਦਾ ਹੈ। ਥੋੜ੍ਹੀ ਜਿਹੀ ਮਾਤਰਾ ਵਿੱਚ ਖੰਡ ਵਾਲੇ ਭੋਜਨ ਵੀ ਗਲਾਈਕੋਜਨ ਸਟੋਰਾਂ ਨੂੰ ਜਲਦੀ ਭਰਨ ਵਿੱਚ ਮਦਦ ਕਰ ਸਕਦੇ ਹਨ, ਪਰ ਵਾਧੂ ਕੈਲੋਰੀਜ਼ ਤੋਂ ਬਚਣ ਲਈ ਇਨ੍ਹਾਂ ਦਾ ਸੇਵਨ ਸੰਜਮ ਨਾਲ ਕਰਨਾ ਚਾਹੀਦਾ ਹੈ। ਸਿਖਲਾਈ ਤੋਂ ਬਾਅਦ ਦੇ ਘੰਟਿਆਂ ਵਿੱਚ, ਪ੍ਰੋਟੀਨ ਦਾ ਸੇਵਨ ਮਾਸਪੇਸ਼ੀਆਂ ਦੇ ਸੰਸਲੇਸ਼ਣ ਨੂੰ ਉਤਸ਼ਾਹਿਤ ਕਰਦਾ ਹੈ। ਇਹ ਮਾਸਪੇਸ਼ੀਆਂ ਦੀ ਰਿਕਵਰੀ ਅਤੇ ਵਿਕਾਸ ਨੂੰ ਤੇਜ਼ ਕਰਨ ਲਈ ਵਿੱਚ ਵੀ ਬਹੁਤ ਅਹਿਮ ਭੂਮਿਕਾ ਨਿਭਾਉਂਦਾ ਹੈ। ਫਾਈਬਰ ਦੀ ਖ਼ਪਤ, ਜਿਵੇਂ ਕਿ ਸਾਬਤ ਅਨਾਜ, ਸਬਜ਼ੀਆਂ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਦੀ ਵਰਤੋਂ ਗਲੂਕੋਜ਼ ਦੇ ਸੇਵਨ ਤੋਂ ਘੱਟੋ-ਘੱਟੋ ਦੋ ਘੰਟੇ ਬਾਅਦ ਕੀਤੀ ਜਾਣੀ ਚਾਹੀਦੀ ਹੈ। ਕਿਉਂਕਿ ਇਹ ਕਾਰਬੋਹਾਈਡ੍ਰੇਟ ਦੇ ਤੇਜ਼ੀ ਨਾਲ ਪਚਣ ਵਿੱਚ ਰੁਕਾਵਟ ਪਾਉਂਦੇ ਹਨ।

# ਚੁੱਲ੍ਹੇ ਅੱਗ ਨਾ, ਘੜੇ ਵਿਚ ਪਾਣੀ, ਛੜਿਆਂ ਦੀ ਜੂਨ ਬੁਰੀ

ਰੁੱਖ ਅਤੇ ਮਿੱਟੀ ਦਾ ਰਿਸ਼ਤਾ ਬਹੁਤ ਗੂੜ੍ਹਾ ਹੈ। ਮਨੁੱਖ ਮਿੱਟੀ ਵਿਚ ਹੀ ਜੰਮਿਆ ਅਤੇ ਖੇਡਿਆ ਹੈ। ਮਿੱਟੀ ਅਜਿਹੀ ਤਾਕਤਵਰ ਹੈ ਕਿ ਮਨੁੱਖ ਦੇ ਜਿਉਂਦੇ ਰਹਿਣ 'ਚ ਇਹ ਸਹਾਈ ਹੁੰਦੀ ਹੈ। ਧਰਤੀ ਉੱਤੇ ਤੁਰਨ ਲਈ ਮਿੱਟੀ ਦੇ ਕਣਾਂ ਕਰ ਕੇ ਹੀ ਅਸੀਂ ਅਗਾਂਹ ਕਦਮ ਪੁੱਟਦੇ ਹਾਂ। ਢਿੱਡ ਭਰਨ ਲਈ ਅੰਨ ਵੀ ਮਿੱਟੀ ਵਿਚ ਹੀ ਉੱਗਦਾ ਹੈ। ਮਨੁੱਖ ਦੇ ਜਿਉਂਦੇ ਰਹਿਣ ਲਈ ਰੁੱਖਾਂ ਦਾ ਵੀ ਬਹੁਤ ਯੋਗਦਾਨ ਹੈ ਪਰ ਇਹ ਸਭ ਮਿੱਟੀ ਕਰ ਕੇ ਹੀ ਸੰਭਵ ਹੈ। ਰੁੱਖ ਵੀ ਮਿੱਟੀ ਵਿਚ ਪੈਦਾ ਹੁੰਦੇ ਹਨ। ਧਰਤੀ ਨੂੰ ਮਾਤਾ ਇਸ ਲਈ ਕਿਹਾ ਜਾਂਦਾ ਹੈ ਕਿ ਇਹ ਮਨੁੱਖ ਦੀਆਂ ਅਣਗਿਣਤ ਲੋੜਾਂ ਨੂੰ ਪੂਰੀਆਂ ਕਰਦੀ ਹੈ। ਮਿੱਟੀ ਦਾ ਸਾਡੇ ਜੀਵਨ ਵਿਚ ਅਹਿਮ ਯੋਗਦਾਨ ਹੈ।

ਪਾਣੀ ਵਰਗੀ ਅਣਮੋਲ ਦਾਤ ਨੂੰ ਸੰਭਾਲਣ ਲਈ ਮਿੱਟੀ ਦਾ ਘੜਾ ਮਹੱਤਵਪੂਰਨ ਪਾਤਰ ਹੈ। ਘੜੇ ਨੂੰ ਬਣਾਉਣ ਲਈ ਮਹਾਨ ਕਾਰੀਗਰ ਕੁੰਭਕਾਰ ਦਾ ਮਹੱਤਵਪੂਰਨ ਯੋਗਦਾਨ ਹੈ। ਜਿਸ ਦੀ ਕਾਰਜ-ਕੁਸ਼ਲਤਾ ਦਾ ਪ੍ਰਤੱਖ ਪ੍ਰਮਾਣ ਕੁੰਭ ਭਾਵ ਘਾੜਾ ਕੁੰਭਕਾਰ ਦੁਆਰਾ ਬਣਾਇਆ ਗਿਆ। ਕੁੰਭਕਾਰ ਸ਼ਬਦ ਤੋਂ ਵਿਗੜ ਕੇ ਨਵਾਂ ਸ਼ਬਦ ਹੋਂਦ ਵਿਚ ਆਇਆ ਜਿਸ ਨੂੰ ਹਿੰਦੀ 'ਚ ਕੁਮਹਾਰ ਤੇ ਪੰਜਾਬੀ ਵਿਚ ਘੁਮਿਆਰ ਕਿਹਾ ਜਾਂਦਾ ਹੈ। ਗਰਮੀ ਚੜ੍ਹਦਿਆਂ ਹੀ ਘੜੇ ਵਰਗੇ ਮਹ-ਤਵਪੂਰਨ ਭਾਂਡੇ ਦੀ ਲੋੜ ਮਹਿਸੂਸ ਹੁੰਦੀ ਹੈ। ਦੇਸੀ ਮਹੀਨਿਆਂ ਮੁਤਾਬਿਕ ਜਾਂ ਬਿਕਰਮੀ ਸੰਮਤ ਅਨੁਸਾਰ ਹਿੰਦੂ ਰਹਿਤ ਮੁਤਾਬਕ ਨਵਾਂ ਸੰਮਤ ਸ਼ੁਰੂ ਹੋਣ 'ਤੇ ਘਰ ਵਿਚ ਨਵਾਂ ਘੜਾ ਭਰਿਆ ਜਾਂਦਾ ਹੈ। ਇਸ ਨੂੰ ਚੰਗਾ ਸ਼ਗਨ ਸਮਝ ਕੇ ਭਰਿਆ ਜਾਂਦਾ ਹੈ। ਘਰ ਵਿਚ ਪਾਣੀ ਦਾ ਭਰਿਆ ਘੜਾ ਵੱਸਦੇ ਘਰ ਦੀ ਨਿ-ਸ਼ਾਨੀ ਮੰਨਿਆ ਜਾਂਦਾ ਹੈ। ਜਿਸ ਘਰ 'ਚ ਸਿਰਫ਼ ਮਰਦ ਮੈਂਬਰ ਹੀ ਹੋਣ,ਉਨ੍ਹਾਂ ਦੇ ਘੜੇ ਖ਼ਾਲੀ ਵੀ ਰਹਿ ਜਾਂਦੇ ਹਨ-

ਚੁੱਲ੍ਹੇ ਅੱਗ ਨਾ, ਘੜੇ ਵਿਚ ਪਾਣੀ,
ਛੜਿਆਂ ਦੀ ਜੂਨ ਬੁਰੀ।

ਬਹੁਤ ਸਮਾਂ ਪਹਿਲਾਂ ਘਰਾਂ ਵਿਚ ਕਈ-ਕਈ ਘੜੇ ਰਿੜਕਣੇ ਮੱ-ਟੀਆਂ ਤੇ ਮੱਟ ਪਾਣੀ ਦੇ ਭਰੇ ਹੁੰਦੇ ਸਨ। ਇਕ ਮੱਟੀ ਵਿਚ ਤਿੰਨ ਘੜੇ ਪਾਣੀ ਦੇ ਪੈਂਦੇ ਹਨ ਤੇ ਮੱਟ ਵਿਚ ਉਸਦੇ ਆਕਾਰ ਮੁਤਾਬਿਕ ਪਾਣੀ ਪੈਂਦਾ ਹੈ। ਠੰਢਾ ਪਾਣੀ ਰੱਖਣ ਲਈ ਘੜਿਆਂ ਨੂੰ ਕੱਕੇ ਰੇਤ ਉੱਤੇ ਰੱਖਿਆ ਜਾਂਦਾ ਤੇ ਇਨ੍ਹਾਂ ਦੁਆਲੇ ਬੋਰੀ(ਜੂਟ ਦੀ) ਪਾੜ ਕੇ ਲਪੇਟੀ ਜਾਂਦੀ ਤਾਂ ਕਿ ਲੋਅ ਦਾ ਅਸਰ ਨਾ ਪਵੇ। ਜੇਠ ਹਾੜ੍ਹ ਦੀਆਂ ਲੋਆਂ ਤੋਂ ਇਨ੍ਹਾਂ ਭਾਂਡਿਆਂ ਨੂੰ ਬਚਾਉਣਾ ਸਿਆਣਪ ਮੰਨੀ ਜਾਂਦੀ ਸੀ। ਅਜਿਹੇ ਭਾਂਡੇ ਲਗਪਗ ਇਕ ਸਾਲ ਤੱਕ ਰੱਖੇ ਜਾਂਦੇ ਅਤੇ ਨਵਾਂ ਸਾਲ ਚੜ੍ਹਨ 'ਤੇ ਨਵੇਂ ਭਾਂਡੇ ਲਾਏ ਜਾਂਦੇ। ਇਨ੍ਹਾਂ ਖ਼ਾਲੀ ਕੀਤੇ ਭਾਂਡਿਆਂ ਨੂੰ ਘਰ 'ਚ ਸੰਭਾਲ ਕੇ ਰੱਖਿਆ ਜਾਂਦਾ। ਵਰਤੇ ਹੋਏ ਮਿੱਟੀ ਦੇ ਭਾਂਡਿਆਂ ਨੂੰ ਰੂੜ੍ਹੇ ਭਾਂਡੇ ਕਿਹਾ ਜਾਂਦਾ ਹੈ। ਨਵੇਂ ਘੜਿਆਂ ਜਾਂ ਤੌੜਿਆਂ ਨੂੰ ਕੋਰੇ ਤੌੜੇ ਕਿਹਾ ਜਾਂਦਾ ਹੈ।

**ਸੁੱਕੀਆਂ ਚੀਜ਼ਾਂ ਸੰਭਾਲਣ ਵਾਸਤੇ ਘੜੇ ਦੀ ਵਰਤੋ**

ਜੋਗਿੰਦਰ ਕੌਰ ਅਗਨੀਹੋਤਰੀ

ਸੁੱਕੀਆਂ ਦਾਲਾਂ ਤੇ ਸੇਵੀਆਂ ਵੀ ਘੜੇ 'ਚ ਸਾਂਭ ਕੇ ਰੱਖੀਆਂ ਜਾਂਦੀਆਂ ਸਨ। ਗਰਮੀ ਵਿਚ ਹੋਣ ਵਾਲੀਆਂ ਸਬਜ਼ੀਆਂ ਨੂੰ ਵੀ ਸੁਕਾ ਕੇ ਰੱਖਿਆ ਜਾਂਦਾ ਹੈ ਜਿਵੇਂ, ਗੁਆਰੇ ਦੀਆਂ ਫਲੀਆਂ, ਟਿੰਢੀਆਂ ਭਾਵ ਟੀਂਡੇ, ਜੰਡਾਂ ਦੀਆਂ ਫਲੀਆਂ ਪੱਕੀਆਂ ਵੀ ਤੇ ਕੱਚੀਆਂ ਵੀ।ਕੱਚੀਆਂ ਭਾਵ ਹਰੀਆਂ ਫਲੀਆਂ ਨੂੰ ਕੱਟ ਕੇ ਸੁਕਾਉਣ ਤੋਂ ਬਾਅਦ ਉਨ੍ਹਾਂ ਨੂੰ ਸੰਭਾਲਿਆ ਜਾਂਦਾ ਹੈ ਕਿਉਂਕਿ ਇਹ ਫਲੀਆਂ ਮਨੁੱਖ ਦੀ ਅੰਦਰੂਨੀ ਗਰਮੀ ਨੂੰ ਦੂਰ ਕਰਦੀਆਂ ਹਨ। ਇਸ ਲਈ ਇਨ੍ਹਾਂ ਨੂੰ ਲੋੜ ਵੇਲੇ ਉਬਾਲ ਕੇ ਰਾਇਤੇ ਵਿਚ ਪਾਇਆ ਜਾਂਦਾ ਹੈ। ਜੰਡਾਂ ਦੀਆਂ ਸੁੱਕੀਆਂ ਫਲੀਆਂ ਨੂੰ ਖੋਖੇ ਕਿਹਾ ਜਾਂਦਾ ਹੈ। ਉਹ ਵੀ ਸੰਭਾਲ ਕੇ ਰੱਖੇ ਜਾਂਦੇ ਹਨ।



ਦੁੱਧ ਕਾੜ੍ਹਨ ਲਈ ਛੋਟੇ ਘੜੇ ਤੋਂ ਹੀ ਕਾੜ੍ਹਨੀ ਤਿਆਰ ਕਰਨਾ ਛੋਟੇ ਘੜੇ ਨੂੰ ਪਹਿਲਾਂ ਠੰਢੇ ਪਾਣੀ ਲਈ ਵਰਤਿਆ ਜਾਂਦਾ ਹੈ ਤੇ ਉਸ ਤੋਂ ਬਾਅਦ ਉਸ ਨੂੰ ਰੂੜ੍ਹਾ ਹੋਣ 'ਤੇ ਉਸਦੀ ਯੋਗ ਵਰਤੋਂ ਕਰਨ ਲਈ ਉਸ ਨੂੰ ਮਾਹਿਆ ਜਾਂਦਾ ਹੈ। ਉਸ ਨੂੰ ਮਾਹਣ ਲਈ ਪਾਣੀ ਵਿਚ ਗੁੜ ਤੇ ਕੁਝ ਚੌਲ ਪਾ ਕੇ ਹਾਰੇ ਵਿਚ ਗੋਹਿਆਂ ਦੀ ਅੱਗ ਉੱਤੇ ਗਰਮ ਕੀਤਾ ਜਾਂਦਾ ਹੈ ਜਾਂ ਕਈ ਵਾਰ ਉਸ ਵਿਚ ਛੋਲੇ ਵੀ ਰਿੰਨ੍ਹਣ ਲਈ ਰੱਖੇ ਜਾਂਦੇ ਹਨ। ਇਹ ਇਸ ਲਈ ਕੀਤਾ ਜਾਂਦਾ ਹੈ ਤਾਂ ਕਿ ਇਹ ਕਾੜ੍ਹਨੀ ਅੰਦਰੋਂ-ਬਾਹਰੋਂ ਤਿਆਰ ਹੋ ਜਾਵੇ ਤੇ ਉਸਦਾ ਹੇਠਲਾ ਹਿੱਸਾ ਗੋਹਿਆਂ ਦੀ ਅੱਗ ਦੇ ਸੇਕ ਤੇ ਧੂੰਏਂ ਨਾਲ ਹੇਠਾਂ ਤੋਂ ਅੱਗ ਸਹਿਣ ਦੇ ਯੋਗ ਹੋ ਜਾਵੇ। ਇਸ ਤਰ੍ਹਾਂ ਦੀਆਂ ਕੁਝ ਗੱਲਾਂ ਸਾਡੇ ਸੱਭਿਆਚਾਰ 'ਚ ਇਸ ਤਰ੍ਹਾਂ ਸਮਾਈਆਂ ਹਨ ਕਿ ਲੋਕ ਗੀਤਾਂ ਵਿਚ ਵੀ ਇਹ ਅਣਛੋਹੀਆਂ ਨਹੀਂ ਰਹਿ ਸਕੀਆਂ। ਇਸ ਦੀ ਵਰਤੋਂ ਨਾ ਕਰਨ ਵਾ-ਲਿਆਂ ਉੱਤੇ ਵੀ ਕਟਾਖਸ਼ ਇੰਜ ਕੀਤਾ ਜਾਂਦਾ ਹੈ-

'ਆਉਂਦੀ ਕੁੜੀਏ, ਜਾਂਦੀ ਕੁੜੀਏ,
ਮਾਹਾ ਲੈ ਕੋਰੀ ਤੌੜੀ।
ਕਰੇਲੇ ਉਬਲ ਜਾਣਗੇ
ਭਾਗ ਛੜਿਆਂ ਦੇ ਮਾੜੇ
ਨੀ ਪਿੰਡੋਂ ਉਜੜ ਜਾਣਗੇ।'

ਅੱਜ ਤੋਂ ਕੁਝ ਸਮਾਂ ਪਹਿਲਾਂ ਪਾਣੀ ਦੀ ਬੜੀ ਕਿੱਲਤ ਹੁੰਦੀ ਸੀ। ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਖ਼ੂਹ ਹੀ ਸਨ। ਖ਼ੂਹ 'ਚੋਂ ਪਾਣੀ ਕੱਢਣ ਲਈ ਡੋਲ ਅਤੇ ਬੋਕੇ ਦੀ ਵਰਤੋਂ ਕੀਤੀ ਜਾਂਦੀ ਸੀ। ਕੁਝ ਘਰਾਂ 'ਚ ਉਨ੍ਹਾਂ ਦੀਆਂ ਆਪਣੀਆਂ ਖ਼ੂਹੀਆਂ ਵੀ ਸਨ। ਔਰਤਾਂ ਵਿਚ ਘੜਾ ਚੱਕਣ ਦੀ ਮੁਹਾਰਤ ਇਹੋ ਜਿਹੀ ਸੀ ਕਿ ਉਹ ਇਹ ਨੂੰ ਸਿਰ 'ਤੇ ਟਿਕਾ ਕੇ ਆਰਾਮ ਨਾਲ ਹੱਥ ਛੱਡ ਕੇ ਘਰਾਂ ਨੂੰ ਆਉਂਦੀਆਂ ਸਨ। ਕਈ ਵਾਰ ਇਕ ਘੜਾ ਸਿਰ 'ਤੇ ਅਤੇ ਇਕ ਢਾਕ 'ਤੇ ਲਾ ਕੇ ਲਿਆਂਦਾ ਜਾਂਦਾ ਸੀ। ਇਸ ਸਮੇਂ ਔਰਤਾਂ ਨੂੰ ਬਹੁਤ ਸੰਘਰਸ਼ ਕਰਨਾ ਪਿਆ ਪਰ ਨਲਕਾ ਯੁੱਗ ਆਉਣ 'ਤੇ ਪਾਣੀ ਭਾਵੇਂ ਆਸਾਨੀ ਨਾਲ ਭਰਿਆ ਜਾ ਸਕਦਾ ਸੀ ਲੇਕਿਨ ਮਨ ਦੇ ਭਾਵਾਂ ਨੂੰ ਪ੍ਰਗਟ ਕਰਨ ਦਾ ਜੋ ਸਾਧਨ ਉਸ ਸਮੇਂ ਉਨ੍ਹਾਂ ਨੂੰ ਮਿਲਿਆ ਹੋਇਆ ਸੀ, ਉਹ ਬੰਦ ਹੋ ਗਿਆ। ਔਰਤਾਂ ਨੇ ਨਲਕੇ ਦੇ ਆਉਣ ਨੂੰ ਆਪਣੀ ਨਿੱਜੀ ਆਜ਼ਾਦੀ ਵਿਚ ਵਿਘਨ ਮੰਨਿਆ ਕਿਉਂਕਿ ਉਨ੍ਹਾਂ ਕੋਲ ਹੱਸਣ ਖੇਡਣ ਦਾ ਇਹ ਮੌਕਾ ਹੱਥੋਂ ਖੁੰਝ ਚੁੱਕਾ ਸੀ। ਸਵੇਰ ਵੇਲੇ ਪਾਣੀ ਭਰਦਿਆਂ ਕਈ ਵਾਰ ਉਹ ਭਜਨ ਗਾਉਂਦੀਆਂ ਜਾਂਦੀਆਂ ਅਤੇ ਕਿਸੇ ਸਮੇਂ ਉਹ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਗੀਤ ਵੀ ਗਾਉਂਦੀਆਂ। ਕਈ ਵਾਰ ਮਨਚਲੇ ਕੁੜੀਆਂ ਨੂੰ ਦੇਖ ਕੇ ਕਿਸੇ ਕੁੜੀ ਵੱਲ ਇਸ਼ਾਰਾ ਕਰਕੇ ਇਹ ਵੀ ਕਹਿ ਦਿੰਦੇ ਕਿ ਇਸ ਨੂੰ ਘੜਾ ਨਾ ਚਕਾਇ । ਇਸ ਬਾਰੇ ਗੀਤ ਰਾਹੀਂ ਕਿਹਾ ਜਾਂਦਾ

'ਨੀ ਘੜਾ ਨਾ ਚਕਾਇ ਕੁੜੀਓ,
ਇਹਦੀ ਪਿੰਡ 'ਚ ਮਲਾਜੇਦਾਰੀ।'

ਕੁੜੀ ਵੀ ਅੱਗੋਂ ਘੱਟ ਨਹੀਂ ਸੀ ਹੁੰਦੀ ਉਸਨੂੰ ਵੀ ਜਵਾਬ ਦੇਣ ਦਾ ਵੱਲ ਹੁੰਦਾ। ਉਹ ਵੀ ਬੜੇ ਸੁਲਝੇ ਸ਼ਬਦਾਂ ਵਿਚ ਉੱਤਰ ਦੇ ਦਿੰਦੀ-

'ਘੜਾ ਚੁੱਕ ਲੂੰ ਮੌਨ 'ਤੇ ਰੱਖ ਕੇ,
ਵੇ ਖ਼ਸਮਾਂ ਨੂੰ ਖਾਣ ਕੁੜੀਆਂ।'

ਉਦੋਂ ਕੁੜੀਆਂ ਲਈ ਘੜਾ ਜਾਂ ਤੌੜਾ ਚੁੱਕਣਾ ਕੋਈ ਅਲੋਕਾਰੀ ਗੱਲ ਨਹੀਂ ਸੀ ਕਿਉਂਕਿ ਉਸ ਟਾਈਮ ਤਾਂ ਕਈ ਵਾਰ ਕੁੜੀਆਂ ਸਿਰ ਉੱਤੇ ਘੜਾ ਚੁੱਕ ਕੇ ਆਪਣੇ ਭਤੀਜੇ ਜਾਂ ਭਤੀਜੀ ਨੂੰ ਗੋਦੀ ਚੁੱਕ ਕੇ ਜਿਸ ਨੂੰ ਢਾਕੇ ਲਾਉਣਾ ਵੀ ਕਿਹਾ ਜਾਂਦਾ ਹੈ, ਲੈ ਕੇ ਪਾਣੀ ਭਰਨ ਜਾਂਦੀਆਂ ਸਨ।


**ਸੇਵੀਆਂ ਵੱਟਣ ਲਈ ਰੂੜ੍ਹੇ ਤੌੜਿਆਂ ਦੀ ਵਰਤੋਂ**

ਸਾਡੇ ਸੱਭਿਆਚਾਰ ਵਿਚ ਮਿੱਠੇ ਪਦਾਰਥਾਂ ਵਿਚ ਸੇਵੀਆਂ ਦਾ ਬਹੁਤ ਮਹੱਤਵ ਹੈ ਤੇ ਸੇਵੀਆਂ ਮਨ ਚਾਹਿਆ ਪਕਵਾਨ ਹੈ। ਸੇਵੀਆਂ ਤਿੰਨ ਤਰ੍ਹਾਂ ਨਾਲ ਪਕਾਈਆਂ ਜਾਂਦੀਆਂ ਹਨ। ਗੁੜ ਦੇ ਗੁੜਾਣੇ ਵਾਲੀਆਂ ਸੇਵੀਆਂ, ਖੰਡ ਵਾਲੀਆਂ ਸੇਵੀਆਂ, ਦੁੱਧ ਵਾਲੀਆਂ ਮਿੱਠੀਆਂ ਸੇਵੀਆਂ। ਘਰ ਆਏ ਮਹਿਮਾਨ ਲਈ ਮਿੱਠਾ ਬਣਾਉਣਾ ਪੇਂਡੂ ਸੱਭਿਆਚਾਰ ਦੀ ਰੀਤ ਹੈ। ਖੀਰ, ਮਿੱਠੀਆਂ ਸੇਵੀਆਂ ਤੇ ਕੜਾਹ ਬਣਾ ਕੇ ਮਹਿਮਾਨ ਦਾ ਆਦਰ ਕੀਤਾ ਜਾਂਦਾ ਹੈ। ਜੇਕਰ ਕਿਸੇ ਵਿਅਕਤੀ ਦੇ ਸੱਟ ਵੱਜੀ ਹੋਵੇ ਤਾਂ ਉਸ ਨੂੰ ਦੁੱਧ ਵਿਚ ਸੇਵੀਆਂ ਪਾ ਕੇ ਖਵਾਈਆਂ ਜਾਂਦੀਆਂ ਹਨ ਅਤੇ ਕਈ ਵਾਰ ਤਾਜ਼ੀ ਪੇੜੀ ਵੱਟ ਕੇ ਵੀ ਸੇਵੀਆਂ ਬਣਾਈਆਂ ਜਾਂਦੀਆਂ ਹਨ। ਲੋਕ ਅਖਾਣ ਮੁਤਾਬਕ ਕਿਹਾ ਜਾਂਦਾ ਹੈ ਕਿ 'ਖਾਣਾ ਆਪ ਅਤੇ ਨਾ ਪਿੱਤਰਾਂ ਦਾ', ਦੇ ਵਿਚਾਰ ਅਨੁਸਾਰ ਸੇਵੀਆਂ ਗੁਗਾ ਨੌਮੀ ਦਾ ਮੱਥਾ ਟੇਕਣ ਤੋਂ ਇਕ ਦਿਨ ਪਹਿਲਾਂ ਵੱਟੀਆਂ ਜਾਂਦੀਆਂ ਹਨ।

ਰੂਹੜੇ ਤੌੜਿਆਂ ਉੱਤੇ ਘਿਉ ਜਾਂ ਤੇਲ ਦਾ ਹੱਥ ਲਾ ਕੇ ਸੇਵੀਆਂ ਵੱਟੀਆਂ ਜਾਂਦੀਆਂ ਅਤੇ ਫਿਰ ਉਨ੍ਹਾਂ ਗੁੱਛਿਆਂ ਨੂੰ ਕਰੀਰ ਦੀਆਂ ਢਿਗਰੀਆਂ ਉੱਤੇ ਸੁੱਟਿਆ ਜਾਂਦਾ। ਇਹ ਸੇਵੀਆਂ ਦੋ ਤਿੰਨ ਦਿਨਾਂ ਵਿਚ ਵਧੀਆਂ ਸੁੱਕ ਜਾਂਦੀਆਂ। ਸੇਵੀਆਂ ਮੈਦੇ ਦੀਆਂ ਵੱਟੀਆਂ ਜਾਂਦੀਆਂ ਹਨ ਪ੍ਰੰਤੂ ਅੱਜ ਕੱਲ੍ਹ ਮਸ਼ੀਨਾਂ ਵਾਲੇ ਕਣਕ ਦੇ ਆਟੇ ਦੀਆਂ ਸੇਵੀਆਂ ਵੀ ਵੱਟਦੇ ਹਨ। ਪਹਿਲਾਂ ਘਰਾਂ ਵਿਚ ਜ਼ਿਆਦਾ ਸੇਵੀ ਵੱਟਣ ਲਈ ਜਿੰਦੀ ਜਾਂ ਜੰਦ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਮਸ਼ੀਨਾਂ ਦੀ ਵਰਤੋਂ ਹੱਥਾਂ ਨਾਲ ਕੀਤੀ ਜਾਂਦੀ ਸੀ।

**ਟੁੱਟੇ ਹੋਏ ਤੌੜਿਆਂ ਦੀ ਵਰਤੋਂ**

ਸੁਗੜ ਔਰਤਾਂ ਟੁੱਟੇ ਹੋਏ ਘੜਿਆਂ ਦੇ ਗਲੇ ਜਿਨ੍ਹਾਂ ਨੂੰ ਕਰੀਡਲ ਵੀ ਕਿਹਾ ਜਾਂਦਾ ਹੈ, ਉਸ ਦੀ ਵੀ ਵਰਤੋਂ ਕਰਦੀਆਂ ਸਨ।ਇਸ ਉੱਤੇ ਚੋਲਾ ਵੀ ਬਣਾ ਲੈਂਦੀਆਂ ਸਨ ਅਤੇ ਹਾਰਾ ਵੀ। ਚੱਕਵਾਂ ਚੁੱਲਾ ਤੇ ਚਕਵਾਂ ਹਾਰਾ ਕਿਹਾ ਜਾਂਦਾ ਹੈ। ਪੀੜ੍ਹ-ਦਰ-ਪੀੜ੍ਹੀ ਚੱਲੀ ਆ ਰਹੀ ਰਿਵਾਇਤ ਅਨੁਸਾਰ ਜਦੋਂ ਵੀ ਕੋਈ ਨਵਾਂ ਘਰ ਪਾਇਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਘਰ ਦੇ ਵਿਚ ਪਾਣੀ ਦਾ ਘੜਾ ਰੱਖਿਆ ਜਾਂਦਾ



ਹੈ। ਸਨਾਤਨ ਧਰਮ ਅਨੁਸਾਰ ਪਾਠ ਪੂਜਾ ਕਰਨ ਵੇਲੇ ਪਾਣੀ ਦਾ ਘੜਾ ਰੱਖਿਆ ਜਾਂਦਾ ਹੈ ਜਿਸ ਨੂੰ ਕਲਸ਼ ਕਿਹਾ ਜਾਂਦਾ ਹੈ ਅਤੇ ਸਿਫਧਰ ਅਨੁਸਾਰ ਸਹਿਜ ਪਾਠ ਕਰਵਾਉਣ ਵੇਲੇ ਜਾਂ ਅਖੰਡ ਪਾਠ ਵੇਲੇ ਵੀ ਕੁੰਭ ਭਰ ਕੇ ਰੱਖਿਆ ਜਾਂਦਾ ਹੈ। ਮੁਰਦੇ ਦਾ ਸਸਕਾਰ ਕਰਨ ਤੋਂ ਪਹਿਲਾਂ ਘੜਾ ਭੰਨਿਆ ਜਾਂਦਾ ਹੈ ਸ਼ਾਇਦ ਇਸ ਦਾ ਮਤਲਬ ਇਹ ਹੈ ਕਿ ਹੁਣ ਇਸ ਆਦਮੀ ਦਾ ਅੰਨ ਜਲ ਖ਼ਤਮ ਹੋ ਚੁੱਕਿਆ ਹੈ।

ਕਣਕਾਂ ਪੱਕਣ 'ਤੇ ਜਦੋਂ ਵਾਢੀ ਸ਼ੁਰੂ ਹੋ ਜਾਂਦੀ ਹੈ ਤਾਂ ਪਿੰਡ ਦੇ ਘੁਮਿਆਰ ਹਾੜੀ ਵੱਢਣ ਵਾਲਿਆਂ ਵਾਸਤੇ ਘੜੇ ਲੈ ਕੇ ਜਾਂਦੇ ਹਨ ਤਾਂ ਇਸ ਦੇ ਬਦਲੇ ਵਿਚ ਉਨ੍ਹਾਂ ਨੂੰ ਕਣਕ ਦਾ ਲਾਂਗਾ ਦਿੱਤਾ ਜਾਂਦਾ ਸੀ ਪਰ ਅੱਜ ਕੱਲ੍ਹ ਕੰਬਾਈਨਾਂ ਨਾਲ ਕਟਾਈ ਹੋਣ ਕਰ ਕੇ ਦਾਣੇ ਹੀ ਪਾ ਦਿੱਤੇ ਜਾਂਦੇ ਹਨ। ਪਿੰਡਾਂ ਵਿਚ ਪਹਿਲਾਂ ਘੜੇ ਜਾਂ ਹੋਰ ਮਿੱਟੀ ਦੇ ਭਾਂਡੇ ਲਿਆਉਣ ਬਦਲੇ ਕਮਿਆਰਾ ਨੂੰ ਸੇਪੀ ਦੇ ਦਾਣੇ ਦਿੱਤੇ ਜਾਂਦੇ ਸਨ ਜੋ ਸਵਾ ਹਾੜੀ ਅਤੇ ਸਵਾ ਮਣ ਸਾਉਣੀ। ਇਸ ਤਰ੍ਹਾਂ ਲੋਕ ਲੋੜ ਪੈਣ 'ਤੇ ਕਮਰਾ ਦੋ ਭਾਂਡੇ ਲੈ ਆਉਂਦੇ ਸਨ। ਘੜਿਆਂ ਤੋਂ ਇਲਾਵਾ ਤੌੜੇ ਤੌੜੀਆਂ, ਕੁੱਜੇ, ਬਠਲੇ, ਚਾਪੜ, ਕਨਾਲੀਆਂ ਆਦਿ।

ਦੀਵਾਲੀ ਦੇ ਚੂੰਗੜੇ, ਕਰਵਾ ਚੌਥ ਦੇ ਵਰਤ ਲਈ ਕਰਵੇ ਤੇ ਅਹੋਈ ਅਸ਼ਟਮੀ ਦੇ ਵਰਤ ਵੇਲੇ ਝੱਕਰੀਆਂ ਦੇਣ ਵੇਲੇ ਘਰੋਂ ਖਾਲੀ ਨਹੀਂ ਮੋੜਿਆ ਜਾਂਦਾ ਬਲਕਿ ਜੇ ਕਿਸੇ ਘਰ ਲੜਕਾ ਹੋਇਆ ਹੋਵੇ ਤਾਂ ਦਾਨਿਆਂ ਤੇ ਗੁੜ ਦੇ ਨਾਲ-ਨਾਲ ਸੂਟ ਵੀ ਦਿੱਤਾ ਜਾਂਦਾ ਹੈ। ਮਿੱਟੀ ਦੇ ਬਰਤਨ ਬਣਾਉਣਾ ਕੋਈ ਆਸਾਨ ਕੰਮ ਨਹੀਂ। ਪਹਿਲਾਂ ਕਾਲੀ ਮਿੱਟੀ ਲਿਆ ਕੇ ਉਸ ਨੂੰ ਕੁੱਟ ਕੇ ਛਾਣਿਆ ਜਾਂਦਾ ਹੈ। ਫਿਰ ਉਸ ਨੂੰ ਗੁੰਨ੍ਹ ਕੇ ਮੁਲਾਇਮ ਕੀਤਾ ਜਾਂਦਾ ਹੈ ਤੇ ਉਸ ਤੋਂ ਬਾਅਦ ਉਸ ਨੂੰ ਚੱਕ 'ਤੇ ਚੜ੍ਹ ਕੇ ਬਰਤਨ ਘੜੇ ਤਿਆਰ ਕੀਤੇ ਜਾਂਦੇ ਹਨ। ਇੰਨੀ ਮਿਹਨਤ ਨਾਲ ਪਕਾਏ ਇਹ ਘੜੇ ਮਨੁੱਖ ਦੀ ਪਿਆਸ ਬੁਝਾਉਣ ਵਿਚ ਸਹਾਈ ਹੁੰਦੇ ਹਨ।

**ਰੂੜ੍ਹੇ ਭਾਂਡਿਆਂ ਦੀ ਵਰਤੋਂ**

ਇਹ ਰੂੜ੍ਹੇ ਭਾਂਡੇ ਬਹੁਤ ਕੰਮ ਦੀ ਚੀਜ਼ ਹਨ। ਇਨ੍ਹਾਂ ਵਿਚ ਤੌੜੀਆਂ, ਤੌੜੇ ਅਤੇ ਰਿੜਕਣਿਆਂ ਨੂੰ ਵੱਖ-ਵੱਖ ਚੀਜ਼ਾਂ ਦੇ ਲਈ ਵਰਤਿਆ ਜਾਂਦਾ ਹੈ। ਰਿੜਕਣਿਆਂ ਵਿਚ ਭਿੰਨ-ਭਿੰਨ ਕਿਸਮ ਦੇ ਅਚਾਰ ਪਾਏ ਜਾਂਦੇ। ਜਿਵੇਂ ਨਿੰਬੂ ਦਾ ਅਚਾਰ, ਮਿਰਚਾਂ ਦਾ ਅਚਾਰ, ਅਦਰਕ ਦਾ ਅਚਾਰ,ਗਲਗਲ ਦਾ ਅਚਾਰ , ਡੇਲਿਆਂ ਦਾ ਅਚਾਰ, ਤੁੱਕਿਆਂ ਦਾ ਅਚਾਰ, ਅੰਬ ਦਾ ਅਚਾਰ ਆਦਿ। ਇਸ ਤੋਂ ਬਿਨਾਂ ਰਿੜਕਣਿਆਂ ਨੂੰ ਦੁੱਧ ਜਮਾਉਣ ਅਤੇ ਰਿੜਕਣ ਲਈ ਵੀ ਵਰਤਿਆ ਜਾਂਦਾ। ਰਿੜਕਣੇ ਨੂੰ ਢੱਕਣ ਲਈ ਪਹਿਲਾਂ ਇਸ ਉੱਤੇ ਵਲਣੀ ਦਿੱਤੀ ਜਾਂਦੀ ਸੀ ਤੇ ਉਸ ਤੋਂ ਬਾਅਦ ਚੱਪਣ ਦਿੱਤਾ ਜਾਣ ਲੱਗਾ। ਵਲਣੀ ਗੋਲ ਅਤੇ ਡੂੰਘਾਈ ਵਾਲਾ ਭਾਂਡਾ ਹੁੰਦਾ ਸੀ। ਸੁਕੀਆਂ ਚੀਜ਼ਾਂ ਲਈ ਘੜੇ ਦੀ ਵਰਤੋਂ ਰੂੜ੍ਹੇ ਭਾਂਡਿਆਂ ਨੂੰ ਸੁੱਕੀਆਂ ਚੀਜ਼ਾਂ ਸੰਭਾਲਣ ਲਈ ਵਰਤਿਆ ਜਾਂਦਾ ਸੀ ਕਿਉਂਕਿ ਉਸ ਸਮੇਂ ਸਟੀਲ ਅਤੇ ਪਲਾਸਟਿਕ ਨਹੀਂ ਹੁੰਦਾ ਸੀ। ਘੜਿਆਂ ਵਿਚ ਸੁੱਕੀਆਂ ਦਾਲਾਂ, ਸੇਵੀਆਂ, ਗਰਮ ਅਤੇ ਸਰਦੀ ਦੀਆਂ ਸੁਕਾਈਆਂ ਸਬਜ਼ੀਆਂ ਸਾਂਭ ਕੇ ਰੱਖੀਆਂ ਜਾਂਦੀਆਂ ਸਨ ।

**ਤੌੜੀ ਦੀ ਵਰਤੋਂ**

ਸਿਰਫ਼ ਦੁੱਧ ਕਾੜਣ ਲਈ ਹੀ ਤੌੜੀ ਵਰਤੀ ਜਾਂਦੀ ਹੈ ਲੇਕਿਨ ਜਦੋਂ ਅਜਿਹੇ ਭਾਂਡੇ ਨੂੰ ਥੋੜੀ ਕਿਹਾ ਜਾਵੇ ਤਾਂ ਉਸ ਵਿਚ ਕਈ ਹੋਰ ਪਕਵਾਨ ਵੀ ਪਕਾਏ ਜਾਂਦੇ ਹਨ ਜਿਵੇਂ ਖਿਚੜੀ ਬਣਾਉਣਾ ਅਤੇ ਸਾਗ ਬਣਾਉਣਾ। ਹਾਰੇ ਵਿਚ ਮਿੱਟੀ ਦੀ ਤੌੜੀ ਵਿਚ ਗੋਹਿਆਂ ਦੀ ਮੱਠੀ-ਮੱਠੀ ਅੱਗ 'ਤੇ ਖਿਚੜੀ ਬਣਦੀ ਹੈ ਜਿਸ ਨਾਲ ਸਮੇਂ ਦੀ ਬੱਚਤ ਵੀ ਹੁੰਦੀ ਹੈ। ਧਾਤਾਂ ਦੇ ਭਾਂਡਿਆਂ ਦੀ ਅਣਹੋਂਦ ਵਿਚ ਭਾਵੇਂ ਵੱਖ-ਵੱਖ ਪਦਾਰਥਾਂ ਨੂੰ ਬਣਾਉਣ ਲਈ ਵੱਖ ਵੱਖ ਭਾਂਡਿਆਂ ਦੀ ਵਰਤੋਂ ਕੀਤੀ ਜਾਂਦੀ ਸੀ।

ਖਿਚੜੀ ਵਾਲੀ ਤੌੜੀ ਅੱਡ ਹੁੰਦੀ ਸੀ ਅਤੇ ਸਾਗ ਵਾਲੀ ਅੱਡ। ਔਰਤਾਂ ਘੱਟ ਸਾਗ ਬਣਾਉਣ ਵਾਸਤੇ ਕੁੱਜਾ ਵਰਤਿਆ ਜਾਂਦਾ ਸੀ ਜਿਸ ਨੂੰ ਤਪਲਾ ਵੀ ਕਹਿੰਦੇ ਸਨ। ਪਿੰਡਾਂ ਵਿਚ ਅੱਜ ਵੀ ਕੁਝ ਘਰਾਂ ਵਿਚ ਕੁੱਜੇ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਸਾਗ ਕੁੱਜੇ 'ਚ ਬਣਾਉਣਾ ਹੋਵੇ ਅਤੇ ਚੁੱਲ੍ਹੇ 'ਤੇ ਬਣਾਉਣਾ ਹੋਵੇ ਤਾਂ ਕੁੱਜੇ ਨੂੰ ਲਿ ਲਾਇਆ ਜਾਂਦਾ ਹੈ। ਕੁੱਜੇ ਨੂੰ ਇਹ ਲਿ ਮਿੱਟੀ ਦਾ ਵੀ ਲਾਇਆ ਜਾ ਸਕਦਾ ਹੈ ਅਤੇ ਸੁਆਹ ਦਾ ਵੀ ਲਗਾਇਆ ਜਾ ਸਕਦਾ ਹੈ।

# ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਤੇ ਪੇਂਡੂ ਆਰਥਿਕ ਢਾਂਚਾ

**(ਸਫਾ 18 ਦੀ ਬਾਕੀ)**

ਦੀ ਮਦਦ ਕਰੇ। ਨਾਲ ਹੀ ਇਸ ਕਮਿਸ਼ਨ ਨੇ ਇਹ ਸਿਫ਼ਾਰਸ਼ ਕੀਤੀ ਕਿ ਕਿਸਾਨ ਔਰਤਾਂ ਲਈ ਵੀ ਕਿਸਾਨ ਕਾਰਡ ਜਾਰੀ ਹੋਣ, ਇਹ ਬਹੁਤ ਹੀ ਮਹੱਤਵਪੂਰਨ ਸੀ। ਵਾਧੂ ਅਤੇ ਬੰਜਰ ਧਰਤੀ ਨੂੰ ਕਿਸਾਨਾਂ ਵਿਚ ਵੰਡਿਆ ਜਾਵੇ। ਪ੍ਰਧਾਨ ਮੰਤਰੀ ਵੱਲੋਂ ਬਣਾਇਆ ਉਦੇਸ਼ ਸੰਨ 2022 ਦੇ ਅੰਤ ਤੱਕ ਖੇਤੀਬਾੜੀ ਦੀ ਆਮਦਨ ਦੁੱਗਣੀ ਕਰਨੀ ਹੈ, ਬਹੁਤ ਸਲਾਹੁਣਯੋਗ ਸੀ ਪਰ ਉਸ ਵਿਚ ਹਰ ਕਿਸਾਨ ਘਰ ਦੀ ਆਮਦਨ ਦੁੱਗਣੀ ਕਰਨ ਦਾ ਉਦੇਸ਼ ਰੱਖਣਾ ਚਾਹੀਦਾ ਸੀ ਜਿਹੜਾ ਉਦਯੋਗਾਂ ਨੂੰ ਖੇਤੀ ਨਾਲ ਜੋੜ ਕੇ ਹੋ ਸਕਦਾ ਸੀ। ਅਸਲ ਵਿਚ ਖੇਤੀ ਵਿਚ ਵੱਡੀ ਅਰਧ ਬੇਰੁਜ਼ਗਾਰੀ ਹੈ। ਖੇਤੀ ਨੂੰ ਪਿੰਡਾਂ ਦੀ 80 ਫ਼ੀਸਦੀ ਵਸੋਂ ਅਪਣਾ ਰਹੀ ਹੈ। ਪਿੰਡਾਂ ਦੇ ਗ਼ੈਰ ਖੇਤੀ ਖੇਤਰ ਨੂੰ ਵਿਕਸਤ ਕਰਨ ਵੱਲ ਧਿਆਨ ਨਹੀਂ ਦਿੱਤਾ ਗਿਆ ਜਿਸ ਵਿਚ ਪੇਂਡੂ ਆਰਥਿਕ ਢਾਂਚਾ ਜਿਵੇਂ ਪਿੰਡਾਂ ਵਿਚ ਸੜਕਾਂ, ਬਿਜਲੀ, ਬੈਂਕ, ਬੀਮਾ ਕੰਪਨੀਆਂ ਅਤੇ ਵਰਕਸ਼ਾਪਾਂ ਨੂੰ ਵਿਕਸਤ ਕਰਨਾ ਜ਼ਰੂਰੀ ਸੀ, ਜੋ ਨਾ ਕੀਤਾ ਗਿਆ। ਅਰਧ-ਬੇਰੁਜ਼ਗਾਰ ਖੇਤੀ 'ਤੇ ਨਿਰਭਰ ਵਸੋਂ ਰੁਜ਼ਗਾਰ ਦੀ ਆਪਣੇ ਘਰਾਂ ਲਾਗੇ ਮੰਗ ਕਰਦੀ ਹੈ ਜਿਸ ਲਈ ਉਦਯੋਗਿਕ ਵਿਕਾਸ ਹੋਣਾ ਚਾਹੀਦਾ ਸੀ ਤਾਂ ਕਿ ਉਸ ਵਸੋਂ ਦੀ ਆਮਦਨ ਵਧਦੀ, ਪਿੰਡਾਂ ਵਿਚ ਪੈਦਾ ਹੋਈ ਖੇਤੀ ਉਪਜ ਪਿੰਡ ਵਿਚ ਹੀ ਵਿਕਦੀ ਅਤੇ ਉਨ੍ਹਾਂ ਘਰਾਂ ਦੀ ਆਮਦਨ ਵਧਦੀ। ਖੇਤੀ 'ਤੇ ਵਸੋਂ ਦਾ ਭਾਰ ਘਟਦਾ ਅਤੇ ਉਨ੍ਹਾਂ ਘਰਾਂ ਦਾ ਕਰਜ਼ਾ ਘਟਦਾ।

ਹੁਣ ਜਦਕਿ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ 19 ਸਾਲ ਦਾ ਸਮਾਂ ਬੀਤ ਗਿਆ ਹੈ ਅਤੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿਚ ਜ਼ਿਆਦਾ ਧਿਆਨ ਆਰਥਿਕ ਢਾਂਚਾ ਸੁਧਾਰਨ ਲਈ ਸੀ, ਉਸ ਸਬੰਧੀ ਬਹੁਤ ਘੱਟ ਕੀਤਾ ਗਿਆ ਹੈ। ਖੇਤੀ ਖੇਤਰ ਨੂੰ ਸਮੁੱਚੀ ਆਰਥਿਕਤਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਨੂੰ ਉਦਯੋਗਿਕ ਖੇਤਰ ਨਾਲ ਜੋੜਨਾ ਚਾਹੀਦਾ ਹੈ ਤਾਂ ਕਿ ਸਵਾਮੀਨਾਥਨ ਕਮਿਸ਼ਨ ਦੀਆਂ ਆਰਥਿਕਤਾ ਵਿਚ ਢਾਂਚੇ ਦੀਆਂ ਤਬਦੀਲੀਆਂ ਦਾ ਲਾਭ ਲਿਆ ਜਾ ਸਕੇ।

# ਦਿੱਲੀ ਦੀ ਹਾਰ ਤੋਂ ਬਾਅਦ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਸਿਆਸਤ ਦਾ ਕੀ ਹੋਵੇਗਾ?

ਅਰਵਿੰਦ ਕੇਜਰੀਵਾਲ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਵਾਰਾਣਸੀ ਤੋਂ ਨਰਿੰਦਰ ਮੋਦੀ ਖ਼ਿਲਾਫ਼ ਮੈਦਾਨ 'ਚ ਸਨ ਅਤੇ ਉਨ੍ਹਾਂ ਨੂੰ 3 ਲੱਖ 71 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਉਸ ਸਮੇਂ ਆਮ ਆਦਮੀ ਪਾਰਟੀ ਨੂੰ ਬਣਿਆਂ ਮੁਸ਼ਕਿਲ ਨਾਲ ਦੋ ਸਾਲ ਵੀ ਨਹੀਂ ਹੋਏ ਸਨ। ਹੁਣ ਜਦੋਂ ਆਮ ਆਦਮੀ ਪਾਰਟੀ 12 ਸਾਲ ਦੀ ਹੋ ਗਈ ਹੈ, ਕੇਜਰੀਵਾਲ ਆਪਣੀ ਨਵੀਂ ਦਿੱਲੀ ਵਿਧਾਨ ਸਭਾ ਸੀਟ ਭਾਜਪਾ ਦੇ ਪਰਵੇਸ਼ ਵਰਮਾ ਤੋਂ ਚਾਰ ਹਜ਼ਾਰ ਤੋਂ ਵੱਧ ਵੋਟਾਂ ਨਾਲ ਹਾਰ ਗਏ ਹਨ। ਪਹਿਲੀ ਹਾਰ ਕੇਜਰੀਵਾਲ ਨੂੰ ਭਾਜਪਾ ਦੇ ਚੋਟੀ ਦੇ ਆਗੂ ਨਰਿੰਦਰ ਮੋਦੀ ਤੋਂ ਮਿਲੀ ਸੀ ਅਤੇ ਦੂਜੀ ਹਾਰ ਭਾਜਪਾ ਦੇ ਸੂਬਾ ਪੱਧਰੀ ਆਗੂ ਪਰਵੇਸ਼ ਵਰਮਾ ਤੋਂ ਮਿਲੀ ਹੈ। ਆਮ ਆਦਮੀ ਪਾਰਟੀ ਦਿੱਲੀ ਵਿੱਚ ਉੱਭਰੀ ਸੀ ਅਤੇ ਇਸ ਨੂੰ ਆਪਣੀ ਪਹਿਲੀ ਜਿੱਤ ਵੀ ਦਿੱਲੀ ਵਿੱਚ ਹੀ ਮਿਲੀ ਸੀ। 'ਆਪ' 2013 ਤੋਂ ਲਗਾਤਾਰ ਦਿੱਲੀ ਵਿਧਾਨ ਸਭਾ ਚੋਣਾਂ ਜਿੱਤ ਰਹੀ ਸੀ, ਪਰ 2025 ਵਿੱਚ ਇਸ ਦਾ ਵਿਜੈ ਰਥ ਖੜ੍ਹ ਗਿਆ ਹੈ। ਅਰਵਿੰਦ ਕੇਜਰੀਵਾਲ ਨੂੰ ਇਸ ਹਾਰ ਦਾ ਸਾਹਮਣਾ ਉਦੋਂ ਕਰਨਾ ਪਿਆ ਹੈ ਜਦੋਂ ਉਹ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਏ ਹੋਏ ਹਨ।

ਅਰਵਿੰਦ ਕੇਜਰੀਵਾਲ ਨੇ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਕਿਹਾ ਸੀ ਕਿ ਜਨਤਾ ਫੈਸਲਾ ਕਰੇਗੀ ਕਿ ਉਹ ਇਮਾਨਦਾਰ ਹਨ ਜਾਂ ਨਹੀਂ। ਜੇਕਰ ਕੇਜਰੀਵਾਲ ਜਿੱਤ ਜਾਂਦੇ, ਤਾਂ ਇਸ ਨਾਲ ਉਨ੍ਹਾਂ ਦਾ ਆਤਮਵਿਸ਼ਵਾਸ ਵਧ ਜਾਂਦਾ ਅਤੇ ਉਹ ਭਾਜਪਾ 'ਤੇ ਇਹ ਕਹਿ ਕੇ ਹਮਲਾ ਕਰ ਸਕਦੇ ਸਨ ਕਿ ਉਨ੍ਹਾਂ ਨੂੰ ਜਾਣਬੁੱਝ ਕੇ ਫਸਾਇਆ ਗਿਆ ਹੈ, ਜਿਸ ਦਾ ਜਵਾਬ ਜਨਤਾ ਨੇ ਦੇ ਦਿੱਤਾ ਹੈ। ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਦਾ ਅਰਵਿੰਦ ਕੇਜਰੀਵਾਲ ਦੀ ਸਿਆਸਤ 'ਤੇ ਡੂੰਘਾ ਪ੍ਰਭਾਵ ਪਵੇਗਾ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਸਿਰਫ਼ ਪੰਜਾਬ ਵਿੱਚ ਹੀ ਬਚੀ ਹੈ। ਇਸ ਹਾਰ ਨਾਲ ਪੰਜਾਬ ਵਿੱਚ ਵੀ 'ਆਪ' ਦੀ ਸਿਆਸਤ ਪ੍ਰਭਾਵਿਤ ਹੋ ਸਕਦੀ ਹੈ।

### ਪੰਜਾਬ 'ਤੇ ਅਸਰ

ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਆਸ਼ੂਤੋਸ਼ ਕੁਮਾਰ ਦਾ ਮੰਨਣਾ ਹੈ ਕਿ ਦਿੱਲੀ ਵਿੱਚ ਕੇਜਰੀਵਾਲ ਦੀ ਹਾਰ ਨਾਲ 'ਆਪ' ਦੀ ਪੰਜਾਬ ਇਕਾਈ ਦੀ ਖ਼ੁਦਮੁਖਤਿਆਰੀ ਵਧੇਗੀ ਅਤੇ ਕੇਜਰੀਵਾਲ ਦਾ ਦਖਲ ਘਟ ਜਾਵੇਗਾ। ਪ੍ਰੋਫੈਸਰ ਆਸ਼ੂਤੋਸ਼ ਕੁਮਾਰ ਕਹਿੰਦੇ ਹਨ, "ਪੰਜਾਬ ਵਿੱਚ ਕਿਹਾ ਜਾਂਦਾ ਹੈ ਕਿ ਸਰਕਾਰ ਦਿੱਲੀ ਤੋਂ ਚਲਾਈ ਜਾਂਦੀ ਹੈ। ਹੁਣ 'ਆਪ' ਦੀ ਪੰਜਾਬ ਇਕਾਈ ਆਪਣਾ ਫੈਸਲਾ ਆਪ ਲੈਣ ਦੀ ਹਿੰਮਤ ਕਰ ਸਕਦੀ ਹੈ। ਪੰਜਾਬ ਵਿੱਚ ਸਰਕਾਰ ਨਹੀਂ ਡਿੱਗੇਗੀ ਕਿਉਂਕਿ 'ਆਪ' ਕੋਲ 90 ਤੋਂ ਵੱਧ ਵਿਧਾਇਕ ਹਨ ਅਤੇ ਕੋਈ ਵੀ ਇਸ ਵੇਲੇ ਸੱਤਾ ਤੋਂ ਬਾਹਰ ਨਹੀਂ ਰਹਿਣਾ ਚਾਹੇਗਾ।

ਭਗਵੰਤ ਮਾਨ ਨੂੰ ਕੇਜਰੀਵਾਲ ਦਾ ਵਫ਼ਾਦਾਰ ਮੰਨਿਆ ਜਾਂਦਾ ਹੈ ਪਰ ਹੁਣ ਉਹ ਵੀ ਸਿਰ ਚੁੱਕ ਸਕਦਾ ਹਨ। ਹਾਲਾਂਕਿ, ਭਗਵੰਤ ਮਾਨ ਦੇ ਅਮਿਤ ਸ਼ਾਹ ਨਾਲ ਵੀ ਚੰਗੇ ਸਬੰਧ ਹਨ।" ਕਿਹਾ ਜਾ ਰਿਹਾ ਹੈ ਕਿ ਅਰਵਿੰਦ ਕੇਜਰੀਵਾਲ ਦੀ ਹਾਰ ਦਾ ਪੰਜਾਬ ਵਿੱਚ ਕਾਂਗਰਸ ਨੂੰ ਸਿੱਧਾ ਫਾਇਦਾ ਹੋਵੇਗਾ। ਕਾਂਗਰਸ ਪੰਜਾਬ ਵਿੱਚ ਵੈਸੇ ਵੀ ਮਜ਼ਬੂਤ ਹੈ ਪਰ ਕੇਜਰੀਵਾਲ ਦੀ ਹਾਰ ਨਾਲ ਇਸ ਦਾ ਆਤਮ-ਵਿਸ਼ਵਾਸ ਹੋਰ ਵੀ ਵਧ ਜਾਵੇਗਾ।

ਪ੍ਰੋਫੈਸਰ ਆਸ਼ੂਤੋਸ਼ ਕੁਮਾਰ ਕਹਿੰਦੇ ਹਨ, "2027 ਹਾਲੇ ਬਹੁਤ ਦੂਰ ਹੈ ਪਰ ਪੰਜਾਬ ਵਿੱਚ 'ਆਪ' ਦੀ ਵਾਪਸੀ ਸੌਖੀ ਨਹੀਂ ਹੈ। ਕੇਜਰੀਵਾਲ ਦੀ ਹਾਰ ਨਾ ਸਿਰਫ਼ ਪੰਜਾਬ ਵਿੱਚ ਕਾਂਗਰਸ ਲਈ ਸਗੋਂ ਭਗਵੰਤ ਮਾਨ ਲਈ ਵੀ ਚੰਗੀ ਹੈ।" "ਹਰਿਆਣਾ ਵਿੱਚ, ਆਮ ਆਦਮੀ ਪਾਰਟੀ



ਚਾਹੁੰਦੀ ਸੀ ਕਿ ਕਾਂਗਰਸ ਨਾਲ ਗੱਠਜੋੜ ਹੋਵੇ ਪਰ ਰਾਹੁਲ ਗਾਂਧੀ ਤਿਆਰ ਨਹੀਂ ਸਨ। ਦਿੱਲੀ ਵਿੱਚ, ਕਾਂਗਰਸ ਚਾਹੁੰਦੀ ਸੀ ਕਿ ਆਮ ਆਦਮੀ ਪਾਰਟੀ ਨਾਲ ਗੱਠਜੋੜ ਹੋਵੇ ਪਰ ਅਰਵਿੰਦ ਕੇਜਰੀਵਾਲ ਤਿਆਰ ਨਹੀਂ ਸਨ। ਜੇਕਰ ਗੱਠਜੋੜ ਹੁੰਦਾ ਤਾਂ ਦਿੱਲੀ ਦੀ ਤਸਵੀਰ ਵੱਖਰੀ ਹੋ ਸਕਦੀ ਸੀ।" ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਸੁਨੇਹਾ ਸਿਰਫ਼ ਦਿੱਲੀ ਤੱਕ ਹੀ ਸੀਮਤ ਨਹੀਂ ਰਹੇਗਾ। ਇਸੇ ਸਾਲ ਬਿਹਾਰ ਵਿੱਚ ਵੀ ਵਿਧਾਨ ਸਭਾ ਚੋਣਾਂ ਹਨ। ਜੇਕਰ ਅਰਵਿੰਦ ਕੇਜਰੀਵਾਲ ਜਿੱਤ ਜਾਂਦੇ, ਤਾਂ ਬਿਹਾਰ ਵਿੱਚ ਵਿਰੋਧੀ ਧਿਰ ਭਾਜਪਾ ਵਿਰੁੱਧ ਭਰੋਸੇ ਨਾਲ ਇੱਕਜੁੱਟ ਹੋ ਸਕਦੀ ਸੀ।

ਅਰਵਿੰਦ ਕੇਜਰੀਵਾਲ 'ਆਪ' ਨੂੰ ਦਿੱਲੀ ਅਤੇ ਪੰਜਾਬ ਤੋਂ ਬਾਹਰ ਲੈ ਕੇ ਜਾਣ ਦੀ ਸ਼ੁਰੂ ਤੋਂ ਹੀ ਕੋਸ਼ਿਸ਼ ਕਰ ਰਹੇ ਸਨ ਪਰ ਇਹ ਹਾਰ ਨਾਲ ਉਨ੍ਹਾਂ ਦੀ ਇਸ ਕੋਸ਼ਿਸ਼ 'ਤੇ ਬ੍ਰੇਕ ਲੱਗ ਸਕਦੀ ਹੈ। ਗੁਜਰਾਤ ਯੂਨੀਵਰਸਿਟੀ ਦੇ ਸਮਾਜਿਕ ਵਿਗਿਆਨ ਦੇ ਪ੍ਰੋਫੈਸਰ ਗੌਰਾਂਗ ਜਾਨੀ ਦਾ ਮੰਨਣਾ ਹੈ ਕਿ ਇਸ ਹਾਰ ਤੋਂ ਬਾਅਦ ਕੇਜਰੀਵਾਲ ਦੀ ਸਿਆਸਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ।

### ਕੇਜਰੀਵਾਲ ਹੁਣ ਕੀ ਕਰਨਗੇ?

ਪ੍ਰੋਫੈਸਰ ਜਾਨੀ ਕਹਿੰਦੇ ਹਨ, "ਦਿੱਲੀ ਵਿੱਚ ਆਮ ਆਦਮੀ ਪਾਰਟੀ 'ਤੇ ਬ੍ਰੇਕ ਲੱਗਣਾ ਪ੍ਰਤੀਕਾਤਮਕ ਤੌਰ 'ਤੇ ਵੀ ਬਹੁਤ ਮਾਅਨੇ ਰੱਖਦਾ ਹੈ। ਇਹ ਉਸੇ ਤਰ੍ਹਾਂ ਹੈ ਜਿਵੇਂ ਅਯੁੱਧਿਆ ਵਿੱਚ ਭਾਜਪਾ ਹਾਰ ਗਈ। ਜੇਕਰ ਕੇਜਰੀਵਾਲ ਜਿੱਤ ਜਾਂਦੇ ਤਾਂ ਉਨ੍ਹਾਂ ਨੂੰ ਇਹ ਕਹਿਣ ਦੀ ਹਿੰਮਤ ਮਿਲ ਜਾਂਦੀ ਕਿ ਭਾਜਪਾ ਨੇ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਫਸਾ ਦਿੱਤਾ ਸੀ, ਪਰ ਹੁਣ ਉਹ ਇਹ ਕਹਿਣ ਦੇ ਵੀ ਯੋਗ ਨਹੀਂ ਰਹੇ।" ਪ੍ਰੋਫੈਸਰ ਗੌਰਾਂਗ ਜਾਨੀ ਕਹਿੰਦੇ ਹਨ, "ਕੇਜਰੀਵਾਲ ਨੂੰ ਹੁਣ ਸੋਚਣਾ ਪਵੇਗਾ ਕਿ ਉਨ੍ਹਾਂ ਨੇ ਭਾਜਪਾ ਨਾਲ ਲੜਨਾ ਹੈ ਜਾਂ ਕਾਂਗਰਸ ਨਾਲ। ਕੇਜਰੀਵਾਲ ਨੇ ਦੇਸ਼ ਭਰ ਵਿੱਚ ਕਾਂਗਰਸ ਨੂੰ ਕਮਜ਼ੋਰ ਕੀਤਾ ਹੈ। ਜੇਕਰ ਤੁਸੀਂ ਗੁਜਰਾਤ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ 'ਤੇ ਨਜ਼ਰ ਮਾਰੋ, ਉਨ੍ਹਾਂ ਨੇ ਸਿਰਫ਼ ਭਾਜਪਾ ਨੂੰ ਹੀ ਫਾਇਦਾ ਪਹੁੰਚਾਇਆ ਹੈ। ਆਮ ਆਦਮੀ ਪਾਰਟੀ ਦੀ ਸਿਆਸਤ ਵਿਚਾਰਕ ਤੌਰ 'ਤੇ ਉਲਝਾਉਣ ਵਾਲੀ ਹੈ। ਇਸ ਹਾਰ ਤੋਂ ਬਾਅਦ, ਸ਼ਾਇਦ ਉਹ ਆਪਣੀ ਲਾਈਨ ਸਪਸ਼ਟ ਕਰ ਸਕਦੇ ਹਨ।" ਕੁਝ ਲੋਕ ਅਰਵਿੰਦ ਕੇਜਰੀਵਾਲ ਨੂੰ ਨਰਿੰਦਰ ਮੋਦੀ ਨੂੰ ਚੁਣੌਤੀ ਦੇਣ ਵਾਲੇ ਵਜੋਂ ਦੇਖਦੇ ਸਨ। ਕੁਝ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਸੀ ਕਿ ਕੇਜਰੀਵਾਲ ਭਾਜਪਾ ਦੀ ਬਹੁਗਿਣਤੀਵਾਦ ਦੀ ਸਿਆਸਤ ਦਾ ਗਵਰਨੈਂਸ ਦੇ ਮੁੱਦੇ ਤੋਂ ਬਹੁਤ ਵਧੀਆ ਢੰਗ ਨਾਲ ਮੁਕਾਬਲਾ ਕਰ ਰਹੇ ਸਨ।

ਜੇਐਨਯੂ ਵਿੱਚ ਰਾਜਨੀਤੀ ਸ਼ਾਸਤਰ ਦੇ ਐਸੋਸੀਏਟ ਪ੍ਰੋਫੈਸਰ ਸੁਧੀਰ ਕੁਮਾਰ ਕਹਿੰਦੇ ਹਨ, "ਕੁਝ ਲੋਕਾਂ ਦਾ ਮੰਨਣਾ ਸੀ ਕਿ ਕੇਜਰੀਵਾਲ ਬਹੁਗਿਣਤੀਵਾਦ ਦੀ ਰਾਜਨੀਤੀ ਵਿੱਚ ਆਪਣੇ ਲਈ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਮੇਰਾ ਮੰਨਣਾ ਹੈ ਕਿ ਕੇਜਰੀਵਾਲ ਗਵਰਨੈਂਸ ਦੇ ਮੁੱਦੇ 'ਤੇ ਭਾਜਪਾ ਦੀ ਬਹੁਗਿਣਤੀਵਾਦੀ ਰਾਜਨੀਤੀ ਦਾ ਬਹੁਤ ਵਧੀਆ ਢੰਗ ਨਾਲ ਮੁਕਾਬਲਾ ਕਰ ਰਹੇ ਸਨ।"

ਉਨ੍ਹਾਂ ਮੁਤਾਬਕ, "ਕੇਜਰੀਵਾਲ ਦੀ ਹਾਰ ਤੋਂ ਬਾਅਦ, ਇਹ ਸਵਾਲ ਵੱਡਾ ਹੋ ਗਿਆ ਹੈ ਕਿ ਬਹੁਗਿਣਤੀਵਾਦ ਦੀ ਰਾਜਨੀਤੀ ਦਾ ਮੁਕਾਬਲਾ ਕਰਨ ਲਈ ਹੁਣ ਹੋਰ ਕਿਹੜਾ ਢੁਕਵਾਂ ਤਰੀਕਾ ਅਪਣਾਇਆ ਜਾ ਸਕਦਾ ਹੈ। ਭਾਜਪਾ ਹੁਣ ਹਿੰਦੂਤਵ ਅਤੇ ਗਵਰਨੈਂਸ ਦੋਵਾਂ ਨੂੰ ਨਾਲ ਲੈ ਕੇ ਚੱਲ ਰਹੀ ਹੈ। ਅਜਿਹੀ ਸਥਿਤੀ ਵਿੱਚ, ਵਿਰੋਧੀ ਧਿਰ ਕੋਲ ਇਸ ਸਿਆਸਤ ਨੂੰ ਚੁਣੌਤੀ ਦੇਣ ਲਈ ਬਹੁਤੇ ਹਥਿਆਰ ਨਜ਼ਰ ਨਹੀਂ ਆ ਰਹੇ।" ਸੁਧੀਰ ਕੁਮਾਰ ਦਾ ਕਹਿਣਾ ਹੈ ਕਿ ਇਸ ਹਾਰ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੂੰ ਰਾਜਨੀਤੀ ਵਿੱਚ ਆਪਣੇ ਆਪ ਨੂੰ ਸਾਰਥਕ ਬਣਾਉਣ ਲਈ ਬਹੁਤ ਸੰਘਰਸ਼ ਕਰਨਾ ਪਵੇਗਾ।

### ਵਿਰੋਧੀ ਧਿਰ 'ਤੇ ਕੀ ਪ੍ਰਭਾਵ ਪਵੇਗਾ?

ਸੁਧੀਰ ਕੁਮਾਰ ਕਹਿੰਦੇ ਹਨ, "ਆਮ ਆਦਮੀ ਪਾਰਟੀ ਨੇ ਨਰਿੰਦਰ ਮੋਦੀ ਦੀ ਭਾਜਪਾ ਵਿਰੁੱਧ ਲੜਨਾ ਹੈ। ਅਰਵਿੰਦ ਕੇਜਰੀਵਾਲ ਉਦੋਂ ਨੇਤਾ ਬਣੇ ਸਨ ਜਦੋਂ ਕਾਂਗਰਸ ਦੀ ਸਰਕਾਰ ਸੀ। ਹੁਣ ਕਿਸੇ ਵੀ ਵਿਅਕਤੀ ਕੋਲ ਇੰਨਾ ਸਪੇਸ ਨਹੀਂ ਹੈ ਕਿ ਉਹ ਸਰਕਾਰ ਨੂੰ ਚੁਣੌਤੀ ਦੇ ਸਕੇ। ਅਰਵਿੰਦ ਕੇਜਰੀਵਾਲ ਲਈ ਅਜਿਹੇ ਰਾਜਨੀਤਿਕ ਮਾਹੌਲ ਵਿੱਚ ਆਪਣੇ ਆਪ ਨੂੰ ਮੁੜ ਮਜ਼ਬੂਤ ਕਰਨਾ ਸੌਖਾ ਨਹੀਂ ਹੋਵੇਗਾ।" 2014 ਵਿੱਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਲੋਕ ਸਭਾ ਚੋਣਾਂ ਜਿੱਤਣ ਵਾਲੇ ਧਰਮਵੀਰ ਗਾਂਧੀ ਨੇ ਯੋਗੇਂਦਰ ਯਾਦਵ ਦੇ ਨਾਲ ਪਾਰਟੀ ਛੱਡ ਦਿੱਤੀ ਸੀ। ਇਸ ਵੇਲੇ ਗਾਂਧੀ ਪਟਿਆਲਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਹਨ। ਗਾਂਧੀ ਕਹਿੰਦੇ ਹਨ, "ਦਿੱਲੀ ਵਿੱਚ ਹਾਰ ਦਾ ਸਿੱਧਾ ਅਸਰ ਪੰਜਾਬ 'ਤੇ ਪਵੇਗਾ। ਅਰਵਿੰਦ ਕੇਜਰੀਵਾਲ ਨੂੰ ਪੰਜਾਬ ਤੋਂ ਪੈਸਾ ਮਿਲਦਾ ਹੈ। ਦਿੱਲੀ ਵਿੱਚ ਹਾਰ ਤੋਂ ਬਾਅਦ, ਹੁਣ ਪੰਜਾਬ ਦੀ 'ਆਪ' ਇਕਾਈ ਅੱਖ ਨਾਲ ਅੱਖ ਮਿਲਾ ਕੇ ਗੱਲ ਕਰ ਸਕਦੀ ਹੈ।" ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੀ ਹਾਰ ਤੋਂ ਬਾਅਦ, ਇਹ ਸਵਾਲ ਵੱਡਾ ਹੋ ਗਿਆ ਹੈ ਕਿ ਵਿਰੋਧੀ ਧਿਰ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਕੌਣ ਚੁਣੌਤੀ ਦੇਵੇਗਾ? ਕੀ ਰਾਹੁਲ ਗਾਂਧੀ ਲਈ ਮੈਦਾਨ ਖਾਲੀ ਹੋ ਗਿਆ ਹੈ?

ਸੁਧੀਰ ਕੁਮਾਰ ਕਹਿੰਦੇ ਹਨ, "ਇਹ ਕਹਿਣਾ ਮੁਸ਼ਕਿਲ ਹੈ ਕਿ ਰਾਹੁਲ ਨੂੰ ਅਰਵਿੰਦ ਕੇਜਰੀਵਾਲ ਦੀ ਹਾਰ ਦਾ ਫਾਇਦਾ ਹੋਵੇਗਾ ਜਾਂ ਨਹੀਂ। ਭਾਜਪਾ ਤਾਂ ਆਪਣੀਆਂ ਕਮਜ਼ੋਰੀਆਂ ਦਾ ਵੀ ਫਾਇਦਾ ਵੀ ਚੁੱਕ ਲੈਂਦੀ ਹੈ। ਗੁਜਰਾਤ ਵਿੱਚ ਭਾਜਪਾ ਕਮਜ਼ੋਰ ਹੋਈ ਪਰ ਕਾਂਗਰਸ ਇਸ ਦਾ ਫਾਇਦਾ ਨਹੀਂ ਚੁੱਕ ਸਕੀ। ਮੱਧ ਪ੍ਰਦੇਸ਼ ਵਿੱਚ ਭਾਜਪਾ ਕਮਜ਼ੋਰ ਹੋਈ ਪਰ ਕਾਂਗਰਸ ਨੂੰ ਥੋੜ੍ਹਾ ਵੀ ਫਾਇਦਾ ਨਹੀਂ ਹੋਇਆ। ਮੈਨੂੰ ਲੱਗਦਾ ਹੈ ਕਿ ਕੇਜਰੀਵਾਲ ਦੀ ਹਾਰ ਤੋਂ ਬਾਅਦ ਇਹ ਸਵਾਲ ਵੱਡਾ ਹੋ ਗਿਆ ਹੈ ਕਿ ਵਿਰੋਧੀ ਧਿਰ ਵੱਲੋਂ ਮੋਦੀ ਨੂੰ ਚੁਣੌਤੀ ਕੌਣ ਦੇਵੇਗਾ?"

ਪ੍ਰੋਫੈਸਰ ਗੌਰਾਂਗ ਜਾਨੀ ਕਹਿੰਦੇ ਹਨ, "ਹਿੰਦੂਤਵ ਦੀ ਰਾਜਨੀਤੀ ਵਿੱਚ ਭਾਜਪਾ ਹੁਣ ਇਕਲੌਤੀ ਖਿਡਾਰੀ ਹੈ, ਇੱਥੋਂ ਤੱਕ ਕਿ ਇਸ ਨੇ ਸ਼ਿਵ ਸੈਨਾ ਨੂੰ ਵੀ ਬਾਹਰ ਕਰ ਦਿੱਤਾ ਹੈ। ਕੇਜਰੀਵਾਲ ਨੇ ਇਸ ਰਾਜਨੀਤੀ ਦੀ ਕਾਟ ਚੰਗੇ ਸ਼ਾਸਨ ਦੇ ਮੁੱਦਿਆਂ ਰਾਹੀਂ ਲੱਭਣ ਦੀ ਕੋਸ਼ਿਸ਼ ਕੀਤੀ ਪਰ ਅਜਿਹਾ ਨਾ ਕਰ ਸਕੇ। ਕਾਂਗਰਸ ਧਰਮ ਨਿਰਪੱਖਤਾ ਦੀ ਗੱਲ ਕਰਦੀ ਹੈ ਪਰ ਬਹੁਗਿਣਤੀਵਾਦ ਦੀ ਰਾਜਨੀਤੀ ਵਿੱਚ ਇਹ ਗੱਲ ਕੌਣ ਸੁਣੇਗਾ? ਹੁਣ ਜੇ ਕੇਜਰੀਵਾਲ ਕਮਜ਼ੋਰ ਹੋ ਜਾਂਦੇ ਹਨ ਤਾਂ ਰਾਹੁਲ ਨੂੰ ਇਸ ਦਾ ਫਾਇਦਾ ਹੋਵੇਗਾ, ਇਹ ਕਹਿਣਾ ਮੁਸ਼ਕਿਲ ਹੈ।"

ਦੇਸ਼ ਵਿੱਚ ਖੇਤਰੀ ਪਾਰਟੀਆਂ ਦੀ ਪਕੜ ਕਮਜ਼ੋਰ ਹੋਈ ਹੈ। ਭਾਜਪਾ ਨੇ ਡੀਸ਼ਾ ਵਿੱਚ ਨਵੀਨ ਪਟਨਾਇਕ ਨੂੰ ਹਰਾਇਆ, ਬਿਹਾਰ ਵਿੱਚ ਜੇਡੀਯੂ ਨੂੰ ਆਪਣਾ ਜੂਨੀਅਰ ਸਾਥੀ ਬਣਾਇਆ, ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਨੂੰ ਕਮਜ਼ੋਰ ਕੀਤਾ, ਹਰਿਆਣਾ ਵਿੱਚ ਆਈ ਐਨ ਐਲ ਡੀ ਬੇਅਸਰ ਹੋ ਗਈ ਹੈ, ਤੇਲੰਗਾਨਾ ਵਿੱਚ ਬੀ ਆਰ ਐਸ ਕਮਜ਼ੋਰ ਹੋ ਗਈ ਹੈ ਅਤੇ ਹੁਣ ਅਰਵਿੰਦ ਕੇਜਰੀਵਾਲ ਦੀ ਸਰਕਾਰ ਦਿੱਲੀ ਤੋਂ ਵਿਦਾ ਹੋ ਰਹੀ ਹੈ।

# ਡੋਨਾਲਡ ਟਰੰਪ ਦੀ ਟੈਰਿਫ ਰਾਜਨੀਤੀ ਅਤੇ ਦੁਨਿਆਵੀ ਅਰਥਚਾਰਾ

ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਟੈਰਿਫ ਲਗਾਉਣ ਦਾ ਇਕ ਵਾਰ ਫਿਰ ਸੰਕੇਤ ਆ ਰਿਹਾ ਹੈ। ਪਿਛਲੇ ਦਿਨੀਂ ਵੀ ਟਰੰਪ ਵੱਲੋਂ ਕੈਨੇਡਾ ਤੇ ਮੈਕਸੀਕੋ ’ਤੇ ਟੈਰਿਫ ਲਗਾਉਣ ਦਾ ਐਲਾਨ ਕੀਤਾ ਗਿਆ ਸੀ। ਹਾਲਾਂਕਿ ਇਸ ਫ਼ੈਸਲੇ ਨੂੰ ਇਕ ਮਹੀਨੇ ਲਈ ਮੁਲਤਵੀ ਕਰ ਦਿੱਤਾ ਹੈ ਪਰ ਉਸ ਦੇ ਫ਼ੈਸਲਿਆਂ ਨਾਲ ਦੁਨੀਆ ਦੇ ਅਰਥਚਾਰੇ ਵਿਚ ਨਵੀਂ ਹਿਲਜੁਲ ਪੈਦਾ ਹੋ ਰਹੀ ਹੈ। ਟਰੰਪ ਨੇ ਮੈਕਸੀਕੋ ਤੇ ਕੈਨੇਡਾ ’ਤੇ 25 ਫ਼ੀਸਦ ਟੈਰਿਫ ਲਗਾਉਣ ਦੀ ਗੱਲ ਕਹੀ ਸੀ।

ਇਸ ਦੇ ਨਾਲ ਹੀ ਮੈਕਸੀਕੋ ਵੱਲ ਸੁਰੱਖਿਆ ਵਧਾਉਣ ਦੇ ਨਾਲ-ਨਾਲ ਨਸ਼ਾ ਤਸਕਰਾਂ ’ਤੇ ਸਖ਼ਤ ਕਾਰਵਾਈ ਕਰਨ ਦੀ ਯੋਜਨਾ ਦਾ ਵੀ ਟਰੰਪ ਜ਼ਿਕਰ ਕਰ ਚੁੱਕੇ ਹਨ। ਉਹ ਲਗਾਤਾਰ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਵੱਲੋਂ ਜੋ ਵੀ ਫ਼ੈਸਲੇ ਲਏ ਜਾ ਰਹੇ ਹਨ, ਉਹ ਅਮਰੀਕਨਾਂ ਦੀ ਸੁਰੱਖਿਆ ਦੇ ਲਿਹਾਜ਼ ਨਾਲ ਹਨ।

ਟਰੰਪ ਜਿਨ੍ਹਾਂ ਦੇਸ਼ਾਂ ਦੇ ਜ਼ਿਕਰ ਨਾਲ ਨੀਤੀਆਂ ਘੜ ਰਹੇ ਹਨ, ਉਹ ਮੁਲਕ ਵੀ ਚੌਕੰਨੇ ਹੋ ਰਹੇ ਹਨ। ਮੈਕਸੀਕੋ ਨੇ ਤਾਂ 10,000 ਫ਼ੌਜੀਆਂ ਦੀ ਸਰਹੱਦ ’ਤੇ ਤਾਇਨਾਤੀ ਕਰ ਦਿੱਤੀ ਹੈ। ਅਮਰੀਕਾ ਤੋਂ ਗ਼ੈਰ-ਕਾਨੂੰਨੀ ਭਾਰਤੀਆਂ ਨੂੰ ਲੈ ਕੇ ਆਇਆ ਜਹਾਜ਼ ਵੀ ਹਾਲੇ ਚਰਚਾ ਵਿਚ ਹੈ। ਪੰਜਾਬ ਪਹੁੰਚੇ ਜਹਾਜ਼ ਵਿਚ ਲੋਕਾਂ ਨੂੰ ਜਿਸ ਤਰੀਕੇ ਨਾਲ ਲਿਆਂਦਾ ਗਿਆ, ਉਸ ਦੀ ਵੀ ਲਗਾਤਾਰ ਨਿਖੇਧੀ ਜਾਰੀ ਹੈ।

ਹਾਲਾਂਕਿ ਭਾਰਤੀਆਂ ਨੂੰ ਬੇੜੀਆਂ ਤੇ ਹੱਥਕੜੀਆਂ ਲਾ ਕੇ ਉਨ੍ਹਾਂ ਦੀ ਸਰ-ਜ਼ਮੀਨ ’ਤੇ ਵਾਪਸ ਭੇਜਣ ਪਿੱਛੇ ਅਮਰੀਕਾ ਦੀ ਕੀ ਮਨਸ਼ਾ ਹੈ, ਇਹ ਤਾਂ ਉਹੀ



ਜਾਣਦਾ ਹੈ ਪਰ ਟਰੰਪ ਦੇ ਇਨ੍ਹਾਂ ਢੰਗ-ਤਰੀਕਿਆਂ ਨਾਲ ਆਲਮੀ ਪੱਧਰ ’ਤੇ ਬੇਚੈਨੀ ਜ਼ਰੂਰ ਵਧੀ ਹੈ। ਟਰੰਪ ਵੱਲੋਂ ਹੁਣ ਟੈਰਿਫ ਦੇ ਐਲਾਨ ਨਾਲ ਆਲਮੀ ਬਾਜ਼ਾਰ ਵੀ ਉੱਤੇ-ਹੇਠਾਂ ਹੋ ਰਿਹਾ ਹੈ। ਦੂਜੇ ਪਾਸੇ ਭਾਰਤੀ ਰੁਪਈਏ ਦੀ ਡਾਲਰ ਤੇ ਹੋਰ ਦੇਸ਼ਾਂ ਦੀ ਕਰੰਸੀ ਦੇ ਮੁਕਾਬਲੇ ਕੀਮਤ ਦੇਖੀ ਜਾਵੇ ਤਾਂ ਇਸ ਮਹੀਨੇ ਵਿਚ ਰੁਪਈਆ ਡਾਲਰ ਦੇ ਮੁਕਾਬਲੇ ਹੋਰ ਕਮਜ਼ੋਰ ਹੁੰਦਾ ਜਾ ਰਿਹਾ ਹੈ।

ਇਸ ਵੇਲੇ ਇਕ ਡਾਲਰ ਦੀ ਕੀਮਤ 86 ਰੁਪਏ 87 ਪੈਸੇ ਦੇ ਆਸਪਾਸ ਹੈ। ਹਾਲਾਂਕਿ ਕੱਚੇ ਤੇਲ ਦੀਆਂ ਕੀਮਤਾਂ ਘਟਣ ਦਾ ਅਸਰ ਵੀ ਦੇਸ਼ ਦੀਆਂ ਤੇਲ ਕੰਪਨੀਆਂ ’ਤੇ ਦੇਖਣ ਨੂੰ ਮਿਲ ਰਿਹਾ ਹੈ। ਸਮੁੱਚੇ ਰੂਪ ’ਚ ਇਸ ਸਾਰੇ ਘਟਨਾਚੱਕਰ ਨੂੰ ਵਿਚਾਰਿਆ ਜਾਵੇ ਤਾਂ ਟਰੰਪ ਦੀਆਂ ਨੀਤੀਆਂ ਕਾਰਨ ਆਲਮੀ ਪੱਧਰ ’ਤੇ ਉਨ੍ਹਾਂ ਪ੍ਰਤੀ ਵੱਖੋ-ਵੱਖਰੀਆਂ ਵਿਚਾਰਧਾਰਾਵਾਂ ਬਣ ਰਹੀਆਂ ਹਨ। ਖ਼ਾਸ ਤੌਰ ’ਤੇ ਕੈਨੇਡਾ ਨੂੰ ਲੈ ਕੇ ਟਰੰਪ ਲਗਾਤਾਰ ਬਿਆਨ ਦੇ ਰਹੇ ਹਨ। ਉਨ੍ਹਾਂ ਵੱਲੋਂ ਇਹ ਬਿਆਨ ਵੀ ਦਿੱਤਾ ਗਿਆ ਹੈ ਕਿ ਕੈਨੇਡਾ ਨੂੰ ਅਮਰੀਕਾ ’ਚ 51ਵੇਂ ਸੂਬੇ ਵਜੋਂ ਸ਼ਾਮਲ ਕੀਤਾ ਜਾਵੇਗਾ।

ਭਾਰਤੀਆਂ ਨੂੰ ਲੈ ਕੇ ਪਹੁੰਚਿਆ ਅਮਰੀਕੀ ਜਹਾਜ਼ ਦੋਵਾਂ ਦੇਸ਼ਾਂ ਵਿਚਾਲੇ ਕੌੜੇ ਕੁਸੈਲੇ ਤਜਰਬੇ ਸਿਰਜ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਾਲਾਂਕਿ ਟਰੰਪ ਦੇ ਸਹੁੰ ਚੁੱਕ ਸਮਾਗਮ ਵਿਚ ਨਹੀਂ ਪਹੁੰਚੇ ਸਨ ਪਰ ਹੁਣ ਇਹ ਖ਼ਬਰਾਂ ਵੀ ਆ ਰਹੀਆਂ ਹਨ ਕਿ ਟਰੰਪ ਨਾਲ ਨਰਿੰਦਰ ਮੋਦੀ ਮੁਲਾਕਾਤ ਲਈ ਜਾ ਰਹੇ ਹਨ। ਮੁਲਾਕਾਤ ਲਈ ਪੀਐੱਮ ਦੀ ਅਮਰੀਕਾ ਫੇਰੀ ਦੇ ਕਈ ਅੰਦਾਜ਼ੇ ਲੱਗ ਰਹੇ ਹਨ।

ਇਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਸਬੰਧ ਸੁਧਰਨ ਦੇ ਵੀ ਦਾਅਵੇ ਕੀਤੇ ਜਾ ਰਹੇ ਹਨ। ਕੈਨੇਡਾ ’ਚ ਹਰਦੀਪ ਨਿੱਝਰ ਦੀ ਮੌਤ ਤੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਨੂੰ ਲੈ ਕੇ ਹੋਈ ਜਾਂਚ ਦੌਰਾਨ ਵੀ ਦੋਵਾਂ ਮੁਲਕਾਂ ਵਿਚਾਲੇ ਕਾਫ਼ੀ ਤਣਾਅ ਰਿਹਾ ਹੈ। ਹੁਣ ਇਸ ਗੱਲ ’ਤੇ ਉਮੀਦ ਜ਼ਾਹਰ ਕੀਤੀ ਜਾ ਰਹੀ ਹੈ ਕਿ ਪੀਐੱਮ ਮੋਦੀ ਦੀ ਅਮਰੀਕਾ ਫੇਰੀ ’ਤੇ ਟਰੰਪ ਨਾਲ ਮੁਲਾਕਾਤ ਤੋਂ ਬਾਅਦ ਸਬੰਧਾਂ ਦੇ ਸੁਖਾਲੇ ਹੋਣ ਦੇ ਨਾਲ-ਨਾਲ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਭਾਈਵਾਲੀਆਂ ਨੂੰ ਹੋਰ ਮਜ਼ਬੂਤੀ ਮਿਲ ਸਕਦੀ ਹੈ।

# ਪਰਵਾਸੀਆਂ ਦਾ ਦੇਸ਼ ਨਿਕਾਲਾ ਅਤੇ ਅਮਰੀਕੀ ਨੀਤੀ

ਮਨਦੀਪ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੁਆਰਾ ਅਹੁਦਾ ਸੰਭਾਲਣ ਤੋਂ ਬਾਅਦ ਰੋਜ਼ ਨਵੇਂ-ਨਵੇਂ ਹੁਕਮ ਜਾਰੀ ਕੀਤੇ ਜਾ ਰਹੇ ਹਨ। ਇਨ੍ਹਾਂ ਫਰਮਾਨਾਂ ਦੀ ਲੜੀ ਵਿੱਚੋਂ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਜਬਰੀ ਦੇਸ਼ ਨਿਕਾਲੇ ਦੀ ਮੁਹਿੰਮ ਚਰਚਾ 'ਚ ਹੈ। ਰੋਜ਼ੀ-ਰੋਟੀ ਅਤੇ ਚੰਗੀ ਜ਼ਿੰਦਗੀ ਦੀ ਭਾਲ 'ਚ ਅਮਰੀਕਾ ਅੰਦਰ ਦਾਖਲ ਹੋਏ ਪਰਵਾਸੀਆਂ ਨੂੰ ਕੌਮੀ ਅਤੇ ਸਰਹੱਦੀ ਸੁਰੱਖਿਆ ਦੇ ਬਹਾਨੇ ਅਪਰਾਧੀ ਐਲਾਨ ਕੇ ਉਨ੍ਹਾਂ ਨਾਲ ਅਣਮਨੁੱਖੀ ਵਿਹਾਰ ਕੀਤਾ ਜਾ ਰਿਹਾ ਹੈ। ਵਿਸ਼ਵ ਪੱਧਰੀ ਨਾ-ਬਰਾਬਰੀ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਤੇ ਹੋਰ ਸਮਾਜਿਕ ਸਮੱਸਿਆਵਾਂ ਤੋਂ ਤੰਗ, ਕਮਜ਼ੋਰ ਆਰਥਿਕਤਾਵਾਂ ਦੀ ਵਸੋਂ ਵੱਲੋਂ ਵਿਕਸਤ ਮੁਲਕਾਂ ਵੱਲ ਕੀਤੀ ਜਾ ਰਹੀ ਹਿਜਰਤ ਨੂੰ ਹੁਣ ਸਖਤੀ ਨਾਲ ਬੰਨ੍ਹ ਮਾਰਿਆ ਜਾ ਰਿਹਾ ਹੈ। ਅਮਰੀਕਾ ਅੰਦਰ ਘਰਾਂ, ਕੰਮ ਦੀਆਂ ਥਾਵਾਂ, ਸਕੂਲਾਂ ਅਤੇ ਸਰਹੱਦਾਂ ਉੱਤੇ ਗੈਰ-ਕਾਨੂੰਨੀ ਪਰਵਾਸੀਆਂ ਦੀ ਭਾਲ ਲਈ ਛਾਪੇ ਮਾਰੇ ਜਾ ਰਹੇ ਹਨ। ਛਾਪਿਆਂ ਦੌਰਾਨ ਗ੍ਰਿਫਤਾਰ ਪਰਵਾਸੀਆਂ ਨੂੰ ਬੇੜੀਆਂ ਅਤੇ ਹੱਥਕੜੀਆਂ ਵਿੱਚ ਜਕੜ ਕੇ ਜੰਗੀ ਫੌਜੀ ਜਹਾਜ਼ਾਂ ਵਿੱਚ ਤੁੰਨ ਕੇ ਉਨ੍ਹਾਂ ਦੇ ਵਤਨ ਵਾਪਸ ਭੇਜਿਆ ਜਾ ਰਿਹਾ ਹੈ। ਦੂਜੇ ਪਾਸੇ ਵਤਨੋਂ ਬੇਵਤਨ ਹੋਏ ਅਤੇ ਮੁੜ ਵਾਪਸ ਆਪਣੇ ਦੇਸ਼ ਆਉਣ 'ਤੇ ਇਨ੍ਹਾਂ ਲੋਕਾਂ ਨੂੰ ਆਪਣੀਆਂ ਸਰਕਾਰਾਂ ਦੀ ਬੇਰੁਖੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੂਜੀ ਆਲਮੀ ਜੰਗ ਤੋਂ ਬਾਅਦ ਅਮਰੀਕਾ ਸੰਸਾਰ ਦੀ ਮਹਾਂ ਸ਼ਕਤੀ ਬਣ ਕੇ ਸੰਸਾਰ ਦੀਆਂ ਆਰਥਿਕ-ਸਿਆਸੀ ਨੀਤੀਆਂ ਦਾ ਸਰਬਰਾਹ ਬਣਿਆ ਹੋਇਆ ਹੈ। ਇਸ ਨੇ ਸੰਸਾਰ ਉੱਤੇ ਚੌਧਰ ਜਮਾਉਣ ਲਈ ਦੁਨੀਆ ਭਰ ਦੇ ਵੱਖ-ਵੱਖ ਮੁਲਕਾਂ ਵਿੱਚ ਅਸਿੱਧੀਆਂ ਜੰਗਾਂ, ਰਾਜ ਪਲਟੇ, ਕੂਟਨੀਤਕ ਚਾਲਾਂ, ਵਿਸ਼ਵ ਆਰਥਿਕ ਸੰਸਥਾਵਾਂ ਰਾਹੀਂ ਕਰਜ਼ੇ ਦੇਣ, ਆਰਥਿਕ ਨੀਤੀ ਤਹਿਤ ਨਵ-ਬਸਤੀਵਾਦ ਨੀਤੀਆਂ ਰਾਹੀਂ ਲਗਾਤਾਰ ਆਪਣਾ ਗਲਬਾ ਕਾਇਮ ਰੱਖਿਆ ਹੈ। ਇਸ ਨੇ ਵਪਾਰਕ ਜੰਗਾਂ ਅਤੇ ਆਪਣੀਆਂ ਆਰਥਿਕ-ਫੌਜੀ ਨੀਤੀਆਂ ਰਾਹੀਂ ਸੰਸਾਰ ਦੀਆਂ ਕਮਜ਼ੋਰ ਅਤੇ ਨਿਰਭਰ ਆਰਥਿਕਤਾਵਾਂ ਉੱਤੇ ਆਪਣਾ ਵਿੱਤੀ, ਫੌਜੀ ਤੇ ਸਿਆਸੀ ਦਾਬਾ ਬਣਾਇਆ। ਅਮਰੀਕੀ ਬਹੁਕੌਮੀ ਕੰਪਨੀਆਂ, ਬੈਂਕ, ਟੈਕ ਕੰਪਨੀਆਂ ਦੇ ਸੁਪਰ ਮੁਨਾਫਿਆਂ ਲਈ ਆਪਣੀਆਂ ਨਵ-ਬਸਤੀਵਾਦੀ ਨੀਤੀਆਂ ਨਾਲ ਵਿਸ਼ਵ ਮੰਡੀ ਵਿੱਚ ਆਪਣੇ ਪੈਰ ਪਸਾਰੇ ਪਰ ਵਿਸ਼ਵ ਮੰਡੀ ਵਿੱਚ ਰੂਸ-ਚੀਨ ਵਰਗੇ ਸ਼ਰੀਕਾਂ ਦੇ ਮੁੜ ਉਭਰਨ ਅਤੇ ਵਿਸ਼ਵੀਕਰਨ ਦੇ ਆਰਥਿਕ ਮਾਡਲ ਦੇ ਫੇਲ੍ਹ ਹੋਣ ਨਾਲ ਅਮਰੀਕੀ ਸਰਦਾਰੀ ਨੂੰ ਲਗਾਤਾਰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਇਹ ਇੱਕ ਤੋਂ ਬਾਅਦ ਇਕ, ਨਵੇਂ ਆਰਥਿਕ ਤੇ ਸਮਾਜਿਕ ਸੰਕਟ ਵਿੱਚ ਘਿਰ ਰਿਹਾ ਹੈ।




ਅਮਰੀਕਾ ਸਿਰ ਕਰਜ਼ ਬੋਝ ਵਧਣ (36 ਖਰਬ ਡਾਲਰ), ਵਪਾਰਕ ਘਾਟਾ ਵਧਣ, ਸਟਾਕ ਮਾਰਕਿਟ ਤੇ ਬੈਂਕਿੰਗ ਖੇਤਰ ਵਿੱਚ ਅਸੰਤੁਲਨ ਵਧਣ, ਵਾਧੂ ਪੈਦਾਵਾਰ ਤੇ ਵਾਤਾਵਰਨ ਸੰਕਟ ਦੇ ਗੰਭੀਰ ਹੋਣ, ਰਿਹਾਇਸ਼ੀ ਘਰਾਂ ਦੀ ਘਾਟ, ਮਹਿੰਗਾਈ, ਵਪਾਰਕ ਜੰਗ, ਬ੍ਰਿਕਸ ਵੱਲੋਂ ਡਾਲਰ ਨੂੰ ਚੁਣੌਤੀ ਪੇਸ਼ ਆਉਣ ਆਦਿ ਕਾਰਨ ਅਮਰੀਕੀ ਸਾਮਰਾਜ ਦੀ ਸਰਦਾਰੀ ਦੇ ਪਤਨ ਦਾ ਰੁਝਾਨ ਪੈਦਾ ਹੋ ਰਿਹਾ ਹੈ ਅਤੇ ਅਮਰੀਕਾ ਦੇ ਬਾਹਰੀ ਵਿਰੋਧ ਦੇ ਨਾਲ-ਨਾਲ ਅਮਰੀਕਾ ਅੰਦਰ ਵੱਡੀ ਸਮਾਜਿਕ ਬੇਚੈਨੀ ਪਨਪ ਰਹੀ ਹੈ। ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਟਰੰਪ ਕੌਮੀ ਸ਼ਾਵਨਵਾਦ ਭੜਕਾਉਣ, 'ਅਮਰੀਕਾ ਫਸਟ' ਦੇ ਨਾਅਰੇ ਲਾਉਣ, ਦੂਜੇ ਦੇਸ਼ਾਂ ਉੱਤੇ ਟੈਰਿਫ ਲਗਾਉਣ, ਨੌਕਰਸ਼ਾਹੀ ਨੂੰ ਸੀਮਤ ਕਰਨ, ਨਸ਼ਾ ਮਾਫੀਆ ਨੂੰ ਅਤਿਵਾਦੀ ਐਲਾਨਣ, ਗਰੀਨਲੈਂਡ ਤੇ ਪਨਾਮਾ ਨਹਿਰ 'ਤੇ ਕਬਜ਼ਾ ਜਮਾਉਣ ਆਦਿ ਦੇ ਅਨੇਕਾਂ ਚੱਕਵੇਂ ਬਿਆਨਾਂ ਸਮੇਤ ਪਰਵਾਸੀਆਂ ਨੂੰ ਅਪਰਾਧੀ ਐਲਾਨ ਕੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦੇ ਕੇ ਅਮਰੀਕੀਆਂ ਦਾ ਹੀਰੋ ਬਣਨ ਦੀ ਕਵਾਇਦ ਕਰ ਰਿਹਾ ਹੈ।

ਟਰੰਪ ਅਮਰੀਕਾ ਨੂੰ ਮੁੜ ਮਹਾਨ ਬਣਾਉਣ ਦੇ ਜੁਮਲੇ ਥੱਲੇ ਇਸ ਨੂੰ ਵੱਡੇ ਫੌਜੀ ਸਟੇਟ ਦੀ ਦਹਿਸ਼ਤ ਕਾਇਮ ਕਰਨ, ਪੂਰੇ ਰਾਜਕੀ ਕੰਟਰੋਲ ਰਾਹੀਂ ਤਾਨਾਸ਼ਾਹੀ ਵੱਲ ਵਧਣ ਅਤੇ ਪ੍ਰਾਈਵੇਟ ਕਾਰਪੋਰੇਸ਼ਨਾਂ ਨੂੰ ਫਾਇਦੇ ਪਹੁੰਚਾਉਣ ਦੀ ਨੀਤੀ 'ਤੇ ਚੱਲ ਰਿਹਾ ਹੈ। ਆਪਣੀ ਤਾਜਪੋਸ਼ੀ ਤੋਂ ਲੈ ਕੇ ਹੁਣ ਤੱਕ ਉਸ ਨੇ ਆਪਣੀਆਂ ਨੀਤੀਆਂ ਦਾ ਕਾਰਪੋਰੇਟ ਮੀਡੀਆ ਜ਼ਰੀਏ ਮੁਹਿੰਮ ਵਿੱਢ ਕੇ ਧੂਮ-ਧਾਮ ਨਾਲ ਪ੍ਰਚਾਰ-ਪ੍ਰਸਾਰ ਕੀਤਾ ਹੈ। ਟਰੰਪ ਪ੍ਰਸ਼ਾਸਨ ਦੀ ਪਰਵਾਸੀਆਂ ਲਈ ਨੀਤੀ ਅਮਰੀਕਾ ਦੇ ਆਪਣੇ ਪੂਰਵਜ ਰਾਸ਼ਟਰਪਤੀਆਂ ਦੀ ਨੀਤੀ ਦਾ ਹੀ ਜਾਰੀ ਰੂਪ ਹੈ।

ਅਮਰੀਕੀ ਸਾਮਰਾਜ ਦੀ ਇਹ ਪਰਖੀ ਹੋਈ ਨੀਤੀ ਹੈ ਕਿ ਪਹਿਲਾਂ ਉਜਾੜਾ ਕਰੋ, ਫਿਰ ਉਸਾਰੀ ਦਾ ਕਾਰਜ ਸ਼ੁਰੂ ਕਰੋ। ਅਮਰੀਕਾ ਲਈ ਤਬਾਹੀ ਅਤੇ ਉਸਾਰੀ ਵੱਡਾ ਨਿਵੇਸ਼ਕ ਕਾਰੋਬਾਰ ਹੈ। ਅਮਰੀਕੀ ਸਮਾਰਾਜ ਨੇ ਦਹਾਕਿਆਂ ਤੋਂ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿੱਚ ਜੰਗਾਂ ਅਤੇ ਆਪਣੀਆਂ ਨੀਤੀਆਂ ਰਾਹੀਂ ਵੱਡਾ ਉਜਾੜਾ ਕੀਤਾ ਹੈ। ਜਿਵੇਂ ਜੰਗਾਂ ਇਸ ਦੇ ਵਪਾਰਕ ਹਿੱਤਾਂ ਅਤੇ 'ਫੌਜੀ ਉਦਯੋਗਕ ਕੰਪਲੈਕਸ' ਲਈ ਆਕਸੀਜਨ ਹਨ, ਉਵੇਂ ਮਨੁੱਖੀ ਵਸੋਂ ਦਾ ਉਜਾੜਾ ਸਸਤੀ ਕਿਰਤ ਸ਼ਕਤੀ ਅਤੇ 'ਸਰਹੱਦੀ ਉਦਯੋਗਕ ਕੰਪਲੈਕਸ' ਲਈ ਅਹਿਮ ਹਨ। ਸਰਹੱਦ ਦੀ ਨਿਗਰਾਨੀ ਅਤੇ ਕੌਮੀ ਸੁਰੱਖਿਆ ਦੇ ਨਾਮ ਹੇਠ ਅਨੇਕ ਅਮਰੀਕੀ ਤੇ ਇਜ਼ਰਾਈਲੀ ਪ੍ਰਾਈਵੇਟ ਕੰਪਨੀਆਂ ਨੂੰ ਅਰਬਾਂ ਡਾਲਰ ਦੇ ਠੇਕੇ ਦਿੱਤੇ ਜਾਂਦੇ ਹਨ ਜਿਨ੍ਹਾਂ ਦੇ ਹਿੱਤਾਂ ਦੀ ਰੱਖਿਆ ਲਈ ਸੂਬਿਆਂ ਤੇ ਫੈਡਰਲ ਕਾਨੂੰਨਾਂ ਵਿੱਚ ਸੋਧਾਂ ਕਰ ਕੇ ਸੁਰੱਖਿਆ ਛਤਰੀ ਮੁਹੱਈਆ ਕਰਵਾਈ ਜਾਂਦੀ ਹੈ। ਅਮਰੀਕਾ ਅੰਦਰ ਪ੍ਰਾਈਵੇਟ ਇਜਾਰੇਦਾਰ ਕੰਪਨੀਆਂ ਸਰਹੱਦੀ ਸੁਰੱਖਿਆ ਲਈ ਏਅਰ ਚਾਰਟਰ, ਆਧੁਨਿਕ ਕੈਮਰੇ, ਮਨੁੱਖੀ ਸਕੈਨਿੰਗ ਲਈ ਸੈਂਸਰ ਮਸ਼ੀਨਾਂ, ਕੰਡਿਆਲੀਆਂ ਤਾਰਾਂ, ਚੈੱਕ ਪੁਆਇੰਟ, ਟਾਵਰ, ਸਟੀਲ ਦੀਆਂ ਵਾੜਾਂ, ਬਾਰਡਰ ਪੈਟਰੋਲ ਏਜੰਟਾਂ, ਪ੍ਰਾਈਵੇਟ ਜੇਲ੍ਹਾਂ, ਕੈਂਪ, ਡਰੋਨ, ਕਮਾਂਡ ਤੇ ਕੰਟਰੋਲ ਸੈਂਟਰ ਆਦਿ ਅਨੇਕ ਮਹਿੰਗੀਆਂ ਪ੍ਰਾਈਵੇਟ ਸੇਵਾਵਾਂ ਜਨਤਕ ਖਜ਼ਾਨੇ ਦੀ ਮਦਦ ਨਾਲ ਮੁਹੱਈਆ ਕਰਦੀਆਂ ਹਨ। ਅਮਰੀਕਾ ਅੰਦਰ ਹੋਮਲੈਂਡ ਸਕਿਊਰਿਟੀ ਦੀ ਅਰਬਾਂ ਦੀ ਮਾਰਕਿਟ ਹੈ। ਕੌਮੀ ਸੁਰੱਖਿਆ ਦਾ ਹਊਆ ਖੜ੍ਹਾ ਕਰ ਕੇ ਅਪਰੇਸ਼ਨ ਗੇਟਕੀਪਰ ਤਹਿਤ ਇਨਫੋਰਸਮੈਂਟ ਏਜੰਸੀਆਂ ਨੂੰ ਅਰਬਾਂ ਡਾਲਰਾਂ ਦੇ ਕੰਟਰੈਕਟ ਦਿੱਤੇ ਜਾਂਦੇ ਹਨ। ਬਾਇਡਨ ਪ੍ਰਸ਼ਾਸਨ ਨੇ ਪ੍ਰਾਈਵੇਟ ਜੇਲ੍ਹ ਕੰਪਨੀਆਂ ਜਿ ਅਤੇ ਕੋਰਸਿਵਿਕ ਨੂੰ 2 ਅਰਬ ਡਾਲਰ ਦੇ 40 ਵੱਖ-ਵੱਖ ਠੇਕੇ ਦਿੱਤੇ ਅਤੇ ਟਰੰਪ ਪ੍ਰਸ਼ਾਸਨ ਦੇ ਸੱਤਾ ਵਿੱਚ ਆਉਣ ਤੋਂ ਇੱਕ ਦਿਨ ਬਾਅਦ ਇਨ੍ਹਾਂ ਦੋਵਾਂ ਕੰਪਨੀਆਂ ਦੇ ਸ਼ੇਅਰਾਂ ਵਿੱਚ 56% ਦਾ ਇਜ਼ਾਫਾ ਹੋਇਆ। ਇਸੇ ਤਰ੍ਹਾਂ ਬਾਇਡਨ ਪ੍ਰਸ਼ਾਸਨ ਨੇ 3213 ਅਰਬ ਡਾਲਰ ਦੇ 21713 ਸਰਹੱਦੀ ਇਨਫੋਰਸਮੈਂਟ ਕੰਟਰੈਕਟ ਕੀਤੇ ਸਨ। ਟਰੰਪ ਪ੍ਰਸ਼ਾਸਨ ਇਨ੍ਹਾਂ ਪਰਵਾਸੀ ਵਿਰੋਧੀ ਫੈਸਲਿਆਂ ਨੂੰ ਕਾਨੂੰਨੀ ਜਾਮਾ ਪਹਿਨਾ ਕੇ ਆਪਣੀ 'ਸ਼ੈਲੀ' ਵਿੱਚ ਇਸ ਦਾ ਪ੍ਰਦਰਸ਼ਨ ਕਰ ਰਿਹਾ ਹੈ। ਉਹਨੇ ਤਾਜਪੋਸ਼ੀ ਤੋਂ ਪਹਿਲਾਂ ਪਰਵਾਸੀਆਂ ਖਿਲਾਫ ਏਲੀਅਨ ਐਨਮੀਜ਼ ਐਕਟ ਅਤੇ ਆਇਜ਼ਨਹਾਵਰ ਮਾਡਲ ਦੀ ਵਰਤੋਂ ਕਰਨ ਦਾ ਜ਼ਿਕਰ ਕੀਤਾ ਸੀ। ਏਲੀਅਨ ਐਨਮੀਜ਼ ਐਕਟ-1798 ਪਰਵਾਸੀਆਂ ਅਤੇ ਦੇਸ਼ ਵਿਰੋਧੀਆਂ ਲਈ ਵਰਤਿਆ ਜਾਣ ਵਾਲਾ ਖ਼ਤਰਨਾਕ ਕਾਨੂੰਨ ਹੈ ਜਿਸ ਵਿੱਚ ਕਿਸੇ ਨੂੰ ਵੀ 'ਅੰਦਰੂਨੀ ਦੁਸ਼ਮਣ' ਕਹਿ ਕੇ ਗ੍ਰਿਫਤਾਰ ਕਰਨ, ਤਸੀਹੇ ਦੇਣ ਅਤੇ ਦੇਸ਼ ਨਿਕਾਲਾ ਦੇਣ ਦੀ ਤਾਕਤ ਹੈ। ਇਹ ਕਾਨੂੰਨ ਰਾਜ ਧ੍ਰੋਹ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਦੂਸਰਾ, ਆਇਜ਼ਨਹਾਵਰ ਮਾਡਲ 34ਵੇਂ ਅਮਰੀਕੀ ਰਾਸ਼ਟਰਪਤੀ ਡੀ ਆਇਜ਼ਨਹਾਵਰ ਨੇ 1954 ਵਿੱਚ ਲਿਆਂਦਾ ਸੀ ਜਿਸ ਤਹਿਤ 10 ਲੱਖ ਤੋਂ ਵੱਧ ਗੈਰ-ਕਾਨੂੰਨੀ ਪਰਵਾਸੀਆਂ (ਮੈਕਸੀਕਨ) ਨੂੰ ਜਬਰੀ ਸਮੂਹਿਕ ਦੇਸ਼ ਨਿਕਾਲਾ ਦਿੱਤਾ ਗਿਆ ਸੀ। 'ਅਪਰੇਸ਼ਨ ਵੈਟਬੈਕ' ਨਾਂ ਨਾਲ ਮਸ਼ਹੂਰ ਇਸੇ ਮਾਡਲ ਦੀ ਤਰਜ਼ 'ਤੇ ਟਰੰਪ ਵੱਲੋਂ ਦਿਸ਼ਾ-ਨਿਰਦੇਸ਼ਤ ਆਈਸੀਈ ਵੱਲੋਂ ਛਾਪੇ, ਗ੍ਰਿਫਤਾਰੀਆਂ ਅਤੇ ਅਣਮਨੁੱਖੀ ਤਰੀਕੇ ਨਾਲ ਦੇਸ਼ ਨਿਕਾਲੇ ਲਈ ਫੌਜੀ ਜੰਗੀ ਜਹਾਜ਼ਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਟਰੰਪ ਵੱਲੋਂ ਦਸਤਾਵੇਜ਼ਾਂ ਤੋਂ ਵਾਂਝੇ ਪਰਵਾਸੀਆਂ ਨੂੰ 'ਅਪਰਾਧੀ' ਆਖਣਾ ਕਿਸੇ ਵੀ ਪੱਖ ਤੋਂ ਤਾਰਕਿਕ ਨਹੀਂ। ਗੈਰ-ਦਸਤਾਵੇਜ਼ੀ ਹੋਣਾ ਅਪਰਾਧੀ ਹੋਣਾ ਨਹੀਂ ਪਰ ਟਰੰਪ ਪ੍ਰਸ਼ਾਸਨ ਨੇ ਇਸ ਨੂੰ ਕਾਨੂੰਨੀ ਸੋਧਾਂ ਰਾਹੀਂ ਮਨਮਾਨੇ ਢੰਗ ਨਾਲ 'ਅਪਰਾਧ' ਦੀ ਸ਼੍ਰੇਣੀ ਵਿੱਚ ਸ਼ਾਮਲ ਕਰ ਦਿੱਤਾ ਹੈ। ਟਰੰਪ ਨੇ 'ਲੇਕਨ ਰਾਈਲੀ ਐਕਟ' ਵਿੱਚ ਮਹੱਤਵਪੂਰਨ ਬਦਲਾ ਕਰ ਕੇ ਇਸ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਇਹ ਐਕਟ 2024 ਵਿੱਚ ਅਮਰੀਕਾ ਦੇ ਸ਼ਹਿਰ ਜਾਰਜੀਆ ਵਿੱਚ ਵੈਨੇਜ਼ੁਏਲਾ ਦੇ ਇੱਕ ਗੈਰ-ਦਸਤਾਵੇਜ਼ੀ ਨਾਗਰਿਕ ਦੁਆਰਾ 22 ਸਾਲਾ ਵਿਦਿਆਰਥਣ ਲੇਕਨ ਰਾਈਲੀ ਦੀ ਹੱਤਿਆ ਨਾਲ ਸਬੰਧਿਤ ਹੈ। ਟਰੰਪ ਨੇ ਸੱਤਾ ਸੰਭਾਲਣ ਤੋਂ ਬਾਅਦ ਸਭ ਤੋਂ ਪਹਿਲਾਂ ਇਸ ਬਿੱਲ 'ਚ ਸੋਧ ਕਰਦਿਆਂ ਚੋਰੀ, ਹਮਲਾ, ਮੌਤ ਤੇ ਸਰੀਰਕ ਸੱਟ ਲੱਗਣ ਨੂੰ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਦਿਆਂ ਦੋਸ਼ੀ ਨੂੰ ਫੈਡਰਲ ਨਜ਼ਰਬੰਦੀ ਵਿੱਚ ਰੱਖਣ ਦੇ ਆਦੇਸ਼ ਦਿੱਤੇ ਹਨ। ਅਸਲ ਵਿੱਚ ਇਸ ਦਾ ਮਨੋਰਥ ਮਾਮੂਲੀ ਅਪਰਾਧ ਬਹਾਨੇ ਮਨਮਾਨੇ ਢੰਗ ਨਾਲ ਪਰਵਾਸੀਆਂ ਨੂੰ ਨਜ਼ਰਬੰਦ ਕਰਨਾ ਅਤੇ ਦੇਸ਼ ਨਿਕਾਲਾ ਦੇਣਾ ਹੈ; ਤੱਥ ਇਹ ਹਨ ਕਿ ਗੈਰ-ਦਸਤਾਵੇਜ਼ੀ ਪਰਵਾਸੀਆਂ ਨਾਲੋਂ ਜ਼ਿਆਦਾ, ਅਮਰੀਕੀ ਨਾਗਰਿਕਾਂ ਉੱਤੇ ਅਪਰਾਧਿਕ ਗਤੀਵਿਧੀਆਂ ਦੇ ਕੇਸ ਦਰਜ ਹਨ; ਇਸ ਤੋਂ ਵੀ ਕਿਤੇ ਵੱਧ ਅਮਰੀਕੀ ਸਾਮਰਾਜ ਜੰਗੀ ਅਪਰਾਧਾਂ ਦਾ ਸਰਦਾਰ ਹੈ। ਟਰੰਪ ਤਾਂ ਗੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਦੁਨੀਆ ਦੇ ਬਦਨਾਮ 'ਗੁਆਂਤੋਨਾਮੋ ਬੇਅ ਸੈਂਟਰ' ਭੇਜਣ ਦਾ ਚਾਹਵਾਨ ਹੈ। ਇਹ ਅਮਰੀਕੀ ਨੇਵਲ ਬੇਸ 'ਤੇ ਸਥਿਤ ਅਜਿਹੀ ਜੇਲ੍ਹ ਹੈ ਜੋ ਅਣਮਨੁੱਖੀ ਤਸੀਹਿਆਂ ਲਈ ਬਦਨਾਮ ਹੈ। ਅਮਰੀਕੀ ਧਰਤੀ ਤੋਂ ਬਾਹਰ ਹੋਣ ਕਰ ਕੇ ਇੱਥੇ ਅਮਰੀਕੀ ਨਿਆਂ ਪ੍ਰਣਾਲੀ ਲਾਗੂ ਨਹੀਂ ਹੁੰਦੀ।

ਟਰੰਪ ਨੇ ਸਭ ਤੋਂ ਪਹਿਲਾਂ 24 ਜਨਵਰੀ ਨੂੰ 88 ਬ੍ਰਾਜ਼ੀਲੀ ਪਰਵਾਸੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਪਸ਼ੂਆਂ ਵਾਂਗ ਅਸੁਰੱਖਿਅਤ ਹਾਲਤਾਂ ਵਿੱਚ ਜਹਾਜ਼ ਵਿੱਚ ਲੱਦ ਕੇ ਬ੍ਰਾਜ਼ੀਲ ਭੇਜਿਆ। ਉਸ ਤੋਂ ਬਾਅਦ ਕੋਲੰਬੀਆ, ਭਾਰਤ, ਗੁਆਟੇਮਾਲਾ, ਅਲ-ਸਲਵਾਡੋਰ, ਵੈਨੇਜ਼ੁਏਲਾ, ਮੈਕਸਿਕੋ ਆਦਿ ਦੇਸ਼ਾਂ ਦੇ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਿਨ੍ਹਾਂ ਵਿੱਚੋਂ ਇੱਕ ਵੀ 'ਅਪਰਾਧੀ' ਨਹੀਂ ਸੀ। ਪਰਵਾਸੀਆਂ ਪ੍ਰਤੀ ਟਰੰਪ ਪ੍ਰਸ਼ਾਸਨ ਦੀ ਵਿਦੇਸ਼ ਤੇ ਇਮੀਗ੍ਰੇਸ਼ਨ ਨੀਤੀ ਘੋਰ ਅਮਾਨਵੀ, ਵਿਤਕਰੇ ਵਾਲੀ, ਆਰਥਿਕ ਸ਼ੋਸ਼ਣ, ਨਸਲਵਾਦੀ ਤੇ ਜਾਬਰ ਹੈ। ਟਰੰਪ ਦੇ ਸੰਸੇ ਕੌਮੀ ਤੇ ਸਰਹੱਦੀ ਸੁਰੱਖਿਆ ਦੀ ਬਜਾਇ ਪੂੰਜੀਵਾਦੀ ਸਾਮਰਾਜਵਾਦੀ ਹਿੱਤਾਂ ਦੀ ਰਾਖੀ ਵੱਲ ਵੱਧ ਕੇਂਦਰਿਤ ਹਨ। ਇਹ ਅਮਰੀਕੀ ਸਾਮਰਾਜ ਦੀ ਵਿਸਤਾਰਵਾਦੀ ਵਿਦੇਸ਼ ਨੀਤੀ ਹੀ ਹੈ ਜਿਸ ਨੇ ਲਾਤੀਨੀ ਅਮਰੀਕਾ, ਅਫਰੀਕਾ ਅਤੇ ਏਸ਼ਿਆਈ ਮੁਲਕਾਂ ਦੇ ਕੁਦਰਤੀ ਤੇ ਮਨੁੱਖੀ ਸ੍ਰੋਤਾਂ ਦੀ ਲੁੱਟ ਕਰ ਕੇ ਉਹ ਹਾਲਾਤ ਪੈਦਾ ਕੀਤੇ ਹਨ ਜੋ ਇਨ੍ਹਾਂ ਮੁਲਕਾਂ ਦੇ ਲੋਕਾਂ ਨੂੰ ਪਰਵਾਸ ਕਰਨ ਲਈ ਮਜਬੂਰ ਕਰਦੇ ਹਨ।

ਪਰਵਾਸ ਸੰਕਟ ਅਸਲ ਵਿੱਚ ਪੂੰਜੀਵਾਦੀ ਸੰਕਟ ਦਾ ਇਜ਼ਹਾਰ ਹੈ। ਪਰਵਾਸੀਆਂ ਨੂੰ ਨਿਸ਼ਾਨਾ ਬਣਾ ਕੇ ਪੈਦਾ ਕੀਤਾ ਜਾ ਰਿਹਾ ਕੌਮੀ ਸ਼ਾਵਨਵਾਦ ਤੇ ਨਸਲਵਾਦ, ਪੂੰਜੀਵਾਦੀ ਦਮਨ ਦੇ ਸਾਧਨਾਂ ਵਜੋਂ ਵਰਤਿਆ ਜਾ ਰਿਹਾ ਹੈ। ਆਰਥਿਕ ਨਾ-ਬਰਾਬਰੀ ਹੱਲ ਕਰਨ ਦੀ ਥਾਂ ਟਰੰਪ ਅਮਰੀਕੀ ਮਜ਼ਦੂਰ ਵਰਗ ਦਾ ਧਿਆਨ ਉਨ੍ਹਾਂ ਦੀਆਂ ਘਟਦੀਆਂ ਤਨਖਾਹਾਂ ਅਤੇ ਸਮਾਜਿਕ ਸੇਵਾਵਾਂ ਦੀ ਘਾਟ ਤੋਂ ਭਟਕਾਉਣ ਲਈ ਪਰਵਾਸੀਆਂ ਨੂੰ ਬਲੀ ਦੇ ਬੱਕਰੇ ਵਜੋਂ ਵਰਤ ਰਿਹਾ ਹੈ। ਅਮਰੀਕੀਆਂ ਦੀਆਂ ਨੌਕਰੀਆਂ ਦੇ ਨੁਕਸਾਨ ਲਈ ਪਰਵਾਸੀ ਜ਼ਿੰਮੇਵਾਰ ਨਹੀਂ ਬਲਕਿ ਵੱਡੀਆਂ ਕਾਰਪੋਰੇਸ਼ਨਾਂ ਨੌਕਰੀਆਂ ਨੂੰ ਆਊਟਸੋਰਸ ਕਰਨ ਅਤੇ ਉਜਰਤਾਂ ਘਟਾਉਣ ਲਈ ਪਰਵਾਸੀਆਂ ਨੂੰ ਸਿਆਸੀ ਹਥਿਆਰ ਵਜੋਂ ਵਰਤਦੀਆਂ ਹਨ।

ਟਰੰਪ ਦੀਆਂ ਨੀਤੀਆਂ ਮੁੱਖ ਤੌਰ 'ਤੇ ਲਾਤੀਨੀ, ਕਾਲੇ, ਏਸ਼ਿਆਈ ਅਤੇ ਮੁਸਲਮਾਨ ਪਰਵਾਸੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਇਉਂ ਨਸਲੀ ਪੱਖਪਾਤ ਰਾਹੀਂ ਗੋਰੀ ਚਮੜੀ ਦੀ ਨਸਲਵਾਦੀ ਸਰਬਉੱਚਤਾ ਨੂੰ ਬਰਕਰਾਰ ਰੱਖਿਆ ਜਾ ਰਿਹਾ ਹੈ। ਪੂੰਜੀਵਾਦ ਤਹਿਤ ਪਰਵਾਸ, ਨਾਗਰਿਕਤਾ, ਸਰਹੱਦਾਂ, ਪਾਸਪੋਰਟ, ਵੀਜ਼ੇ, ਰਾਸ਼ਟਰ ਆਦਿ ਵਰਗੀਆਂ ਧਾਰਨਾਵਾਂ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਅਤੇ ਅਪਮਾਨ ਦਾ ਸਾਧਨ ਹਨ। ਸਾਮਰਾਜੀਆਂ ਨੇ ਕਦੇ ਵੀ ਦੁਨੀਆ ਦੇ ਕਿਸੇ ਕੋਨੇ ਵਿੱਚ ਆਪਣੀਆਂ ਬਸਤੀਆਂ ਕਾਇਮ ਕਰਨ ਲਈ ਕੋਈ ਵੀਜ਼ਾ ਨਹੀਂ ਲਿਆ। ਮੂਲ ਨਿਵਾਸੀਆਂ ਨੂੰ ਛੱਡ ਕੇ ਪੂਰਾ ਅਮਰੀਕਾ, ਪਰਵਾਸ ਅਤੇ ਬੰਦੋਬਸਤ ਦਾ ਹੀ ਨਤੀਜਾ ਹੈ। ਇਮੀਗ੍ਰੇਸ਼ਨ ਨੀਤੀਆਂ ਪੂੰਜੀਵਾਦੀ ਸ਼ੋਸ਼ਣ ਦੀ ਲਗਾਤਾਰਤਾ ਹਨ ਜੋ ਨਸਲੀ ਦਰਜਾਬੰਦੀ ਬਰਕਰਾਰ ਰੱਖਣ ਅਤੇ ਹਾਕਮ ਵਰਗ ਨੂੰ ਅਮੀਰ ਬਣਾਉਣ ਲਈ ਪਰਵਾਸੀਆਂ ਨੂੰ ਅਪਰਾਧੀ ਬਣਾ ਕੇ ਪੇਸ਼ ਕਰਦੀਆਂ ਹਨ। ਪਰਵਾਸੀਆਂ ਨੂੰ ਦੋਸ਼ ਦੇਣ ਦੀ ਥਾਂ ਪਰਵਾਸ ਦਾ ਕਾਰਨ, ਪੂੰਜੀਵਾਦੀ ਸਾਮਰਾਜਵਾਦ, ਕਿਰਤ ਸ਼ੋਸ਼ਣ ਅਤੇ ਵਿਸ਼ਵਵਿਆਪੀ ਨਾ-ਬਰਾਬਰੀ ਪੈਦਾ ਕਰਨ ਵਾਲੀਆਂ ਪ੍ਰਣਾਲੀਆਂ ਨੂੰ ਖਤਮ ਕੀਤੇ ਜਾਣ ਦੀ ਲੋੜ ਹੈ। ਨਜ਼ਰਬੰਦੀ ਕੈਂਪਾਂ ਅਤੇ ਜੰਗਾਂ ਲਈ ਦਿੱਤੀ ਜਾ ਰਹੀ ਅਰਬਾਂ ਡਾਲਰਾਂ ਦੀ ਵਿੱਤੀ ਸਹਾਇਤਾ ਨੂੰ ਵੀ ਬੰਦ ਕਰਨ ਦੀ ਜ਼ਰੂਰਤ ਹੈ। ਪਰਵਾਸੀ ਤੇ ਸਥਾਨਕ ਕਾਮਿਆਂ ਨੂੰ ਪੂੰਜੀਪਤੀਆਂ ਵੱਲੋਂ ਪੈਦਾ ਕੀਤੀਆਂ ਨਕਲੀ ਰਾਸ਼ਟਰੀ ਵੰਡਾਂ ਵਾਸਤੇ ਲੜਨ ਦੀ ਥਾਂ ਪੂੰਜੀਵਾਦ ਵਿਰੁੱਧ ਖੁੱਲ੍ਹੀਆਂ ਸਰਹੱਦਾਂ ਅਤੇ ਮਜ਼ਦੂਰਾਂ ਦੀ ਏਕਤਾ ਦੇ ਨਾਅਰੇ ਹੇਠ ਵਿਸ਼ਵ ਪੱਧਰ 'ਤੇ ਇੱਕਜੁੱਟ ਹੋਣਾ ਚਾਹੀਦਾ ਹੈ। ਪੈਦਾਵਾਰ ਦੇ ਕੁਲ ਸਰੋਤਾਂ ਦੀ ਮੁੜ ਵੰਡ ਨਾਲ ਹੀ ਲੋਕਾਂ ਨੂੰ ਮਜਬੂਰਨ ਜਾਂ ਜਬਰੀ ਪਰਵਾਸ ਤੋਂ ਬਚਾਇਆ ਜਾ ਸਕਦਾ ਹੈ।

# ਅੱਜ ਵੀ ਮਨੋਰੰਜਨ ਦਾ ਅਹਿਮ ਸਾਧਨ ਹੈ ਰੇਡੀਓ

ਗੀਤ-ਸੰਗੀਤ ਸਾਡੀ ਰੂਹ ਦੀ ਖੁਰਾਕ ਹੈ। ਸੰਗੀਤ ਸਾਡੇ ਸਮਾਜਿਕ ਵਰਤਾਰੇ ਦਾ ਇਕ ਮਹੱਤਵਪੂਰਨ ਹਿੱਸਾ ਹੈ ਜੋ ਮਾਨਸਿਕ ਥਕਾਵਟ ਨੂੰ ਦੂਰ ਕਰਦਾ ਹੈ। ਢੋਲ ਦਾ ਡਗਾ, ਵਾਇਲਨ ਦੀਆਂ ਤਰੰਗਾਂ, ਗਿਟਾਰ ਦੀਆਂ ਧੁਨਾਂ ਅਤੇ ਬਹੁਤ ਸਾਰੇ ਸੰਗੀਤਕ ਯੰਤਰ ਮਨੁੱਖ ਨੂੰ ਆਪ-ਮੁਹਾਰੇ ਨੱਚਣ ਲਈ ਮਜਬੂਰ ਕਰ ਦਿੰਦੇ ਹਨ। ਰੂਹਾਨੀਅਤ ਦੇ ਆਨੰਦ ਲਈ ਹੀ ਮਨੁੱਖ ਨੇ ਰੇਡੀ , ਟੈਲੀਵਿਜ਼ਨ, ਕੰਪਿਊਟਰ ਤੇ ਮੋਬਾਈਲ ਵਰਗੇ ਯੰਤਰ ਈਜਾਦ ਕੀਤੇ ਹਨ।

ਚੁੰਬਕੀ ਤਰੰਗਾਂ ਨਾਲ ਕੰਮ ਕਰਨ ਵਾਲਾ ਸੰਚਾਰ ਦਾ ਸਾਧਨ ਰੇਡੀ ਮਨੁੱਖ ਦਾ ਸਭ ਤੋਂ ਪੁਰਾਣਾ ਸਾਥੀ ਹੈ

ਕੇ ਐੱਸ ਅਮਰ

ਜਿਸ ਨੂੰ ਆਧੁਨਿਕਤਾ ਦੇ ਦੌਰ ਵਿਚ ਵੀ ਭੁਲਾਇਆ ਨਹੀਂ ਜਾ ਸਕਦਾ। ਰੇਡੀ ਦੀ ਖੋਜ ਦੀ ਲੰਬੀ ਕਹਾਣੀ ਹੈ। ਇਸ ਨੂੰ ਇਟਲੀ ਦੇ ਪ੍ਰਸਿੱਧ ਵਿਗਿਆਨੀ ਗੁਗਲੇਲਮੋ ਮਾਰਕੋਨੀ ਨੇ ਦਸੰਬਰ 1895 ਵਿਚ ਖੋਜਿਆ ਸੀ ਜਿਸ ਬਦੌਲਤ ਉਨ੍ਹਾਂ ਨੂੰ 1909 ਵਿਚ ਨੋਬਲ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ ਸੀ।

ਮਾਰਕੋਨੀ ਨੇ 1897 ਵਿਚ ਆਪਣੀ ਸਿਗਨਲ ਕੰਪਨੀ ਵਾਇਰਲੈਸ ਟੈਲੀਗ੍ਰਾਫ ਸ਼ੁਰੂ ਕੀਤੀ ਸੀ ਤੇ ਪਹਿਲੀ ਵਾਰ 12 ਮੀਲ ਤੱਕ ਰੇਡੀ ਸੰਦੇਸ਼ ਭੇਜਣ ਵਿਚ ਸਫਲਤਾ ਪ੍ਰਾਪਤ ਕੀਤੀ ਸੀ। ਸੰਨ 1899 'ਚ ਇੰਗਲਿਸ਼ ਚੈਨਲ ਦੇ



ਪਾਰ 31 ਮੀਲ ਤੱਕ ਉਹ ਆਪਣਾ ਰੇਡੀ ਸੰਦੇਸ਼ ਭੇਜਣ ਵਿਚ ਕਾਮਯਾਬ ਹੋਏ, ਇਸੇ ਤਰ੍ਹਾਂ 1901 'ਚ ਮਾਰਕੋਨੀ ਪਹਿਲੀ ਵਾਰ (ਐੱਸ) ਅੱਖਰ ਨੂੰ ਸੈਂਸਰ ਕੋਡ ਦੁਆਰਾ ਐਟਲਾਂਟਿਕ ਸਾਗਰ ਦੇ ਆਰ-ਪਾਰ ਭੇਜਣ ਵਿਚ ਸਫਲ ਹੋਏ। ਇੰਗਲੈਂਡ ਵਿਚ ਪਹਿਲੀ ਵਾਰ ਮਾਰਕੋਨੀ ਦੇ ਬਣਾਏ ਯੰਤਰਾਂ ਨਾਲ ਹੀ 14 ਫਰਵਰੀ, 1922 ਨੂੰ ਰੇਡੀ ਪ੍ਰਸਾਰਨ ਸੇਵਾ ਆਰੰਭ ਕੀਤੀ ਗਈ ਸੀ। ਸੰਨ 1930 'ਚ ਮਾਰਕੋਨੀ ਨੂੰ 'ਰੋਇਲ ਅਕੈਡਮੀ ਆਫ ਇਟਲੀ' ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।

ਉਹ 20 ਜੁਲਾਈ 1937 ਨੂੰ ਦਿਲ ਦਾ ਦੌਰਾ ਪੈਣ ਕਾਰਨ ਪਰਲੋਕ ਸਿਧਾਰ ਗਿਆ ਸੀ। ਮਾਰਕੋਨੀ ਦੀ ਮੌਤ ਕਾਰਨ ਸ਼ਰਧਾਂਜਲੀ ਵਜੋਂ ਅਮਰੀਕਾ, ਇੰਗਲੈਂਡ ਤੇ ਇਟਲੀ ਨੇ ਆਪਣੇ ਰੇਡੀ ਸਟੇਸ਼ਨ ਕੁਝ ਮਿੰਟਾਂ ਲਈ ਬੰਦ ਕਰ ਦਿੱਤੇ ਸਨ। ਭਾਰਤ ਵਿਚ ਰੇਡੀ ਦਾ ਇਤਿਹਾਸ ਬਹੁਤ ਪੁਰਾਣਾ ਹੈ। ਅੱਠ ਅਗਸਤ 1921 ਨੂੰ ਸੰਗੀਤ ਦੇ ਵਿਸ਼ੇਸ਼ ਪ੍ਰੋਗਰਾਮ ਦੀ ਸ਼ੁਰੂਆਤ ਹੋਈ ਜੋ ਰੇਡੀਓ ਦੇ ਸਫ਼ਰ ਦੀ ਮੁੰਬਈ ਤੋਂ ਪੂਨੇ ਤੱਕ ਦੀ ਯਾਤਰਾ ਸੀ।

ਇਸ ਤੋਂ ਬਾਅਦ ਸ਼ੌਕੀਆ ਰੇਡੀਓ ਕਲੱਬਾਂ ਦਾ ਦੌਰ ਸ਼ੁਰੂ ਹੋਇਆ। ਤੇਰਾਂ ਨਵੰਬਰ 1923 ਨੂੰ ਰੇਡੀਓ ਕਲੱਬ ਬੰਗਾਲ, 8 ਜੂਨ 1923 ਨੂੰ ਮੁੰਬਈ ਪ੍ਰਾਈਵੇਟ ਸਰਵਿਸ ਕਲੱਬ ਅਤੇ 31 ਜੁਲਾਈ 1924 ਨੂੰ ਮਦਰਾਸ ਪ੍ਰੈਜ਼ੀਡੈਂਸੀ ਰੇਡੀ ਕਲੱਬ ਹੋਂਦ ਵਿਚ ਆਏ। ਤੇਈ ਜੁਲਾਈ 1927 ਨੂੰ ਇੰਡੀਅਨ ਬ੍ਰਾਡਕਾਸਟਿੰਗ ਕੰਪਨੀ (ਆਈਬੀਸੀ) ਦਾ ਨਿੱਜੀ ਪ੍ਰਸਾਰਨ ਸ਼ੁਰੂ ਕੀਤਾ ਗਿਆ ਜਿਸ ਦਾ ਉਦਘਾਟਨ ਮੁੰਬਈ ਦੇ ਵਾਇਸਰਾਏ ਲਾਰਡ ਇਰਵਿਨ ਨੇ ਕੀਤਾ ਸੀ। ਇਹ ਮੀਡੀਅਮ-ਵੇਵ ਟਰਾਂਸਮੀਟਰ ਡੇਢ ਕਿੱਲੋਵਾਟ ਦਾ ਸੀ ਜੋ 48 ਕਿੱਲੋਮੀਟਰ ਦੀ ਦੂਰੀ ਤੱਕ ਸੁਣਾਈ ਦਿੰਦਾ ਸੀ।

ਇਹੋ ਜਿਹੇ ਹੀ ਛੋਟੇ ਸਟੇਸ਼ਨ ਕੇਂਦਰ ਰਾਂਚੀ, ਰੰਗੂਨ ਵਿਚ ਵੀ ਸਥਾਪਤ ਕੀਤੇ ਗਏ। ਇਸੇ ਤਰ੍ਹਾਂ ਹੀ 1930 ਵਿਚ ਇੰਡੀਅਨ ਸਟੇਟ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਸਰਵਿਸ ਸ਼ੁਰੂ ਕੀਤੀ ਗਈ। ਸੰਨ 1935 ਵਿਚ ਮਾਰਕੋਨੀ ਦੀ ਕੰਪਨੀ ਦੀ ਮਦਦ ਨਾਲ 250 ਕਿੱਲੋਵਾਟ ਦਾ ਟਰਾਂਸਮੀਟਰ ਪਿਸ਼ਾਵਰ ਵਿਚ ਲਗਾਇਆ ਗਿਆ ਜਿਸ ਵਿਚ 14 ਪਿੰਡਾਂ ਨੂੰ ਗ੍ਰਾਮੀਣ ਪ੍ਰਸਾਰਨ ਲਈ ਚੁਣਿਆ ਗਿਆ। ਇਹ ਪ੍ਰਸਾਰਨ ਰੋਜ਼ ਸ਼ਾਮ ਨੂੰ ਇਕ ਘੰਟਾ ਕੀਤਾ ਜਾਂਦਾ ਸੀ। ਇਸ ਤਰਜ਼ 'ਤੇ ਹੀ ਮੈਸੂਰ ਵਿਚ 250 ਕਿੱਲੋਵਾਟ ਦਾ ਕੇਂਦਰ ਸਥਾਪਤ ਕੀਤਾ ਗਿਆ ਜਿਸ ਨੂੰ ਆਕਾਸ਼ਵਾਣੀ ਦਾ ਨਾਂ ਦਿੱਤਾ ਗਿਆ। ਅੱਠ ਜੂਨ 1936 ਨੂੰ ਇਸ ਕੇਂਦਰ ਨੂੰ ਹੀ ਇੰਡੀਅਨ

(ਬਾਕੀ ਅਗਲੇ ਸਫ਼ੇ 'ਤੇ)

# ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਭਾਰਤੀ ਨਾਗਰਿਕਤਾ ਕਿਉਂ ਛੱਡ ਰਹੇ ਹਨ

ਅਮਰੀਕਾ ਵਿੱਚ, ਰਾਸ਼ਟਰਪਤੀ ਡੌਨਲਡ ਟਰੰਪ ਦੀ ਸਰਕਾਰ 'ਗ਼ੈਰ-ਕਾਨੂੰਨੀ ਪਰਵਾਸੀਆਂ' 'ਤੇ ਸਖ਼ਤੀ ਕਰ ਰਹੀ ਹੈ ਅਤੇ ਸੈਂਕੜੇ ਲੋਕਾਂ ਨੂੰ ਫ਼ੌਜੀ ਜਹਾਜ਼ਾਂ 'ਤੇ ਬਿਠਾ ਕੇ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਭੇਜ ਰਹੀ ਹੈ। ਅਮਰੀਕਾ ਵਿੱਚ ਰਹਿਣ ਵਾਲੇ ਮੁੱਖ 'ਗ਼ੈਰ-ਕਾਨੂੰਨੀ' ਪਰਵਾਸੀ ਮੈਕਸੀਕੋ, ਭਾਰਤ, ਚੀਨ, ਫਿਲੀਪੀਨਜ਼ ਅਤੇ ਅਲ ਸੈਲਵਾਡੋਰ ਦੇ ਲੋਕ ਹਨ। ਹਾਲ ਹੀ ਵਿੱਚ, ਕੁਝ ਭਾਰਤੀਆਂ ਨੂੰ ਇੱਕ ਅਮਰੀਕੀ ਫ਼ੌਜੀ ਜਹਾਜ਼ ਰਾਹੀਂ ਅੰਮ੍ਰਿਤਸਰ ਲਿਆਂਦਾ ਗਿਆ ਸੀ। ਅਮਰੀਕਾ ਨੇ ਪਰਵਾਸੀਆਂ ਦੇ ਹੱਥਕੜੀਆਂ ਲਾ ਕੇ ਅਤੇ ਪੈਰਾਂ ਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਅਤੇ ਉਨ੍ਹਾਂ ਨੂੰ ਘੰਟਿਆਂਬੱਧੀ ਸਫ਼ਰ ਕਰਨ ਲਈ ਮਜਬੂਰ ਕੀਤਾ ਅਤੇ ਦੇਸ਼ ਨਿਕਾਲਾ ਦਿੱਤਾ ਸੀ। ਪਰ





ਤੱਥ ਇਹ ਹੈ ਕਿ ਭਾਰਤ ਤੋਂ ਵਿਦੇਸ਼ਾਂ ਵਿੱਚ ਵਸਣ ਦੀ ਦਰ, ਗ਼ੈਰ-ਕਾਨੂੰਨੀ ਅਤੇ ਕਾਨੂੰਨੀ ਤੌਰ 'ਤੇ, ਵਧ ਰਹੀ ਹੈ। ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ ਹਰ ਸਾਲ ਲੱਖਾਂ ਲੋਕ ਭਾਰਤੀ ਨਾਗਰਿਕਤਾ ਛੱਡ ਰਹੇ ਹਨ।

### ਕਿੰਨੇ ਲੋਕ ਭਾਰਤੀ ਨਾਗਰਿਕਤਾ ਛੱਡ ਰਹੇ ਹਨ?

ਸਰਕਾਰ ਸਮੇਂ-ਸਮੇਂ 'ਤੇ ਸੰਸਦ ਨੂੰ ਭਾਰਤੀ ਨਾਗਰਿਕਤਾ ਛੱਡ ਦੇਣ ਵਾਲੇ ਭਾਰਤੀਆਂ ਬਾਰੇ ਜਾਣਕਾਰੀ ਦਿੰਦੀ ਰਹਿੰਦੀ ਹੈ। ਪਿਛਲੀ ਵਾਰ, 13 ਦਸੰਬਰ, 2024 ਨੂੰ, ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਲੋਕ ਸਭਾ ਵਿੱਚ ਭਾਰਤੀ ਨਾਗਰਿਕਤਾ ਤਿਆਗਣ ਵਾਲੇ ਲੋਕਾਂ ਦੇ ਅੰਕੜੇ ਜਾਰੀ ਕੀਤੇ ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਸਾਲ 2023 ਦੌਰਾਨ, 2.16 ਲੱਖ ਤੋਂ ਵੱਧ ਭਾਰਤੀਆਂ ਨੇ ਆਪਣੀ ਭਾਰਤੀ ਨਾਗਰਿਕਤਾ ਛੱਡ ਦਿੱਤੀ ਅਤੇ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਅਪਣਾਈ। ਇਸ ਤੋਂ ਪਹਿਲਾਂ, 2020 ਵਿੱਚ 85,256 ਲੋਕਾਂ ਨੇ, 2021 ਵਿੱਚ 1,63,370 ਲੋਕਾਂ ਨੇ, 2022 ਵਿੱਚ 2,25,620 ਭਾਰਤੀ ਨਾਗਰਿਕਾਂ ਨੇ ਅਤੇ 2023 ਤੱਕ 2,16,219 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡੀ ਸੀ। ਰਾਜ ਸਭਾ ਵਿੱਚ ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ, ਪਿਛਲੇ 13 ਸਾਲਾਂ ਵਿੱਚ 18 ਲੱਖ ਤੋਂ ਵੱਧ ਭਾਰਤੀਆਂ ਨੇ ਆਪਣੀ ਨਾਗਰਿਕਤਾ ਤਿਆਗ ਦਿੱਤੀ ਹੈ।

ਭਾਰਤੀਆਂ ਵਿੱਚ ਨਾਗਰਿਕਤਾ ਸਵੀਕਾਰ ਕਰਨ ਲਈ ਅਮਰੀਕਾ, ਕੈਨੇਡਾ, ਯੂਕੇ, ਆਸਟ੍ਰੇਲੀਆ ਪਸੰਦੀਦਾ ਦੇਸ਼ ਹਨ। ਪਰ ਕੁਝ ਲੋਕਾਂ ਨੇ ਪਾਕਿਸਤਾਨ, ਬੰਗਲਾਦੇਸ਼, ਫਿਜੀ, ਮਿਆਂਮਾਰ, ਥਾਈਲੈਂਡ, ਨਾਮੀਬੀਆ ਜਾਂ ਸ਼੍ਰੀਲੰਕਾ ਦੀ ਨਾਗਰਿਕਤਾ ਲਈ ਭਾਰਤੀ ਨਾਗਰਿਕਤਾ ਵੀ ਤਿਆਗ ਦਿੱਤੀ ਹੈ। ਇਸ ਤੋਂ ਇਲਾਵਾ, ਭਾਰਤੀਆਂ ਨੇ ਰੂਸ, ਮਿਸਰ, ਚੀਨ, ਸਿੰਗਾਪੁਰ, ਦੱਖਣੀ ਅਫ਼ਰੀਕਾ, ਤੁਰਕੀ, ਯੂਏਈ, ਵੀਅਤਨਾਮ, ਸੁਡਾਨ ਵਰਗੇ ਦੇਸ਼ਾਂ ਦੀ ਨਾਗਰਿਕਤਾ ਵੀ ਅਪਣਾਈ ਹੈ।

### ਲੋਕ ਭਾਰਤੀ ਨਾਗਰਿਕਤਾ ਕਿਉਂ ਛੱਡ ਦਿੰਦੇ ਹਨ?

ਸਰਕਾਰ ਕੋਲ ਇਸ ਬਾਰੇ ਸਹੀ ਜਾਣਕਾਰੀ ਨਹੀਂ ਹੈ ਕਿ ਲੋਕ ਭਾਰਤੀ ਨਾਗਰਿਕਤਾ ਕਿਉਂ ਛੱਡ ਦਿੰਦੇ ਹਨ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਲੋਕ ਸਭਾ ਵਿੱਚ ਕਿਹਾ ਸੀ ਕਿ ਭਾਰਤੀ ਨਾਗਰਿਕਤਾ ਛੱਡਣ ਦਾ ਕਾਰਨ ਹਰ ਇੱਕ ਦਾ ਨਿੱਜੀ ਹੈ, ਇਸ ਲਈ ਸਰਕਾਰ ਕੋਲ ਇਸ ਬਾਰੇ ਕੋਈ ਅੰਕੜਾ ਨਹੀਂ ਹੈ। ਉਨ੍ਹਾਂ ਕਿਹਾ, "ਵਿਦੇਸ਼ਾਂ ਵਿੱਚ ਇੱਕ ਸਫ਼ਲ, ਖੁਸ਼ਹਾਲ ਅਤੇ ਪ੍ਰਭਾਵਸ਼ਾਲੀ ਪਰਵਾਸੀ ਭਾਰਤ ਲਈ ਇੱਕ ਸੰਪਤੀ ਹੈ। ਭਾਰਤ ਉਨ੍ਹਾਂ ਨੂੰ ਸਾਫਟ ਪਾਵਰ ਮੰਨਦਾ ਹੈ ਅਤੇ ਭਾਰਤ ਸਰਕਾਰ ਉਨ੍ਹਾਂ ਦੇ ਗਿਆਨ ਅਤੇ ਮੁਹਾਰਤ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।" ਹਾਲਾਂਕਿ, ਮੰਨਿਆ ਜਾਂਦਾ ਹੈ ਕਿ ਭਾਰਤੀ ਬਿਹਤਰ ਜੀਵਨ ਪੱਧਰ, ਸਿੱਖਿਆ ਵਿੱਚ ਵਧੇਰੇ ਮੌਕੇ, ਆਰਥਿਕ ਤਰੱਕੀ ਦੇ ਮੌਕੇ, ਸਮਾਜਿਕ ਸੁਰੱਖਿਆ ਅਤੇ ਸਿਹਤ ਸੰਭਾਲ ਸਹੂਲਤਾਂ, ਅਤੇ ਵਿਦੇਸ਼ਾਂ ਵਿੱਚ ਦੋਹਰੀ ਨਾਗਰਿਕਤਾ ਦੀ ਵਿਵਸਥਾ ਵਰਗੇ ਕਾਰਨਾਂ ਕਰਕੇ ਆਪਣੇ ਦੇਸ਼ ਦੀ ਨਾਗਰਿਕਤਾ ਛੱਡ ਰਹੇ ਹਨ।

ਕੀਰਤੀਵਰਧਨ ਸਿੰਘ ਨੇ ਇਹ ਵੀ ਕਿਹਾ ਕਿ ਸੰਵਿਧਾਨ ਦੇ ਆਰਟੀਕਲ 9 ਦੇ ਅਨੁਸਾਰ, ਭਾਰਤ ਵਿੱਚ ਦੋਹਰੀ ਨਾਗਰਿਕਤਾ ਦੀ ਇਜਾਜ਼ਤ ਨਹੀਂ ਹੈ। ਇਸਦਾ ਮਤਲਬ ਹੈ ਕਿ ਜੇਕਰ ਤੁਸੀਂ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਅਪਣਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੀ ਭਾਰਤੀ ਨਾਗਰਿਕਤਾ ਛੱਡਣੀ ਪਵੇਗੀ। ਅਗਸਤ 2005 ਵਿੱਚ, ਭਾਰਤ ਨੇ OCI (ਭਾਰਤ ਦੇ ਵਿਦੇਸ਼ੀ ਨਾਗਰਿਕ) ਯੋਜਨਾ ਸ਼ੁਰੂ ਕੀਤੀ, ਜਿਸ ਦੇ ਤਹਿਤ ਭਾਰਤੀ ਮੂਲ ਦੇ ਸਾਰੇ (ਵਿਦੇਸ਼ੀ) ਨਾਗਰਿਕ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ। ਮੰਤਰਾਲੇ ਦੇ ਦਸੰਬਰ 2024 ਤੱਕ ਦੇ ਅੰਕੜਿਆਂ ਅਨੁਸਾਰ, 51 ਲੱਖ ਤੋਂ ਵੱਧ ਲੋਕਾਂ ਨੂੰ OCI ਕਾਰਡ ਜਾਰੀ ਕੀਤੇ ਗਏ ਹਨ।

ਅਹਿਮਦਾਬਾਦ ਸਥਿਤ ਵੀਜ਼ਾ ਸਲਾਹਕਾਰ ਭਾਵਿਨ ਠਾਕਰ ਨੇ ਕਿਹਾ, "ਗੁਜਰਾਤ ਦੇ ਕੁਝ ਹਿੱਸਿਆਂ ਵਿੱਚ, ਸਮਾਜਿਕ ਰੁਤਬੇ ਲਈ ਵਿਦੇਸ਼ ਜਾਣ ਦਾ ਆਕਰਸ਼ਣ ਹੈ। ਪਰ ਮੁੱਖ ਕਾਰਨ ਇਹ ਹੈ ਕਿ ਚੰਗੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵੀ ਗੁਜਰਾਤ ਵਿੱਚ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਦੀ ਘਾਟ ਹੈ। ਇਸ ਲਈ, ਪੜ੍ਹੇ-ਲਿਖੇ ਲੋਕਾਂ ਲਈ ਮੌਕਿਆਂ ਦੀ ਘਾਟ ਨੂੰ ਭਾਰਤੀ ਨਾਗਰਿਕਤਾ ਛੱਡਣ ਲਈ ਇੱਕ ਵੱਡਾ ਪ੍ਰੇਰਕ ਮੰਨਿਆ ਜਾ ਸਕਦਾ ਹੈ।" "ਦੂਜਾ, ਵਿਦੇਸ਼ਾਂ ਵਿੱਚ ਕੰਮ ਕਰਨ ਦਾ ਸੱਭਿਆਚਾਰ ਸਾਡੇ ਨਾਲੋਂ ਵੱਖਰਾ ਹੈ। ਵਿਦੇਸ਼ਾਂ ਵਿੱਚ ਹਫ਼ਤੇ ਵਿੱਚ ਦੋ ਦਿਨ ਛੁੱਟੀ ਹੁੰਦੀ ਹੈ ਅਤੇ ਛੁੱਟੀਆਂ ਵਾਲੇ ਦਿਨ ਕੋਈ ਵੀ ਕਰਮਚਾਰੀ ਪਰੇਸ਼ਾਨ ਨਹੀਂ ਹੁੰਦਾ। ਇਸ ਲਈ, ਲੋਕ ਕੰਮ-ਜੀਵਨ ਸੰਤੁਲਨ ਲਈ ਆਧੁਨਿਕ ਦੇਸ਼ਾਂ ਵਿੱਚ ਨਾਗਰਿਕਤਾ ਦੀ ਚੋਣ ਕਰਦੇ ਹਨ।"

ਭਾਵਿਨ ਠਾਕਰ ਦਾ ਮੰਨਣਾ ਹੈ ਕਿ "ਟਰੰਪ ਸਰਕਾਰ ਵੱਲੋਂ ਗੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਚੁੱਕੇ ਗਏ ਹਾਲੀਆ ਕਦਮਾਂ ਦਾ ਸਕਾਰਾਤਮਕ ਪ੍ਰਭਾਵ ਪਵੇਗਾ। ਹਾਲ ਹੀ ਵਿੱਚ, ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਨਾਟਕੀ ਵਾਧਾ ਹੋਇਆ ਹੈ।" "ਹੁਣ ਜਦੋਂ ਇਸ ਵਿਰੁੱਧ ਕਦਮ ਚੁੱਕੇ ਗਏ ਹਨ, ਤਾਂ ਲੋਕ ਅੰਗਰੇਜ਼ੀ ਸਿੱਖਣ ਅਤੇ ਕਾਨੂੰਨੀ ਤੌਰ 'ਤੇ ਅਮਰੀਕਾ ਜਾਂ ਹੋਰ ਦੇਸ਼ਾਂ ਵਿੱਚ ਜਾਣ ਬਾਰੇ ਸੋਚਣਗੇ।" ਉਹ ਕਹਿੰਦੇ ਹਨ, "ਅਮਰੀਕਾ ਦੀਆਂ ਕੁਝ ਹੇਠਲੇ ਪੱਧਰ ਦੀਆਂ ਯੂਨੀਵਰਸਿਟੀਆਂ ਵਿਦੇਸ਼ੀ ਵਿਦਿਆਰਥੀਆਂ ਨੂੰ ਪੈਸੇ ਕਮਾਉਣ ਦੇ ਸਾਧਨ ਵਜੋਂ ਵਰਤ ਰਹੀਆਂ ਹਨ।" "ਦਾਖ਼ਲੇ ਦੇ ਪਹਿਲੇ ਦਿਨ ਤੋਂ ਹੀ, ਲੋਕ ਕੈਂਪਸ ਤੋਂ ਬਾਹਰ ਫੁਲ ਟਾਈਮ (ਪੂਰੇ ਨਿਰਧਾਰਿਤ ਸਮੇਂ ਲਈ) ਨੌਕਰੀਆਂ ਸ਼ੁਰੂ ਕਰ ਰਹੇ ਹਨ। ਟਰੰਪ ਪ੍ਰਸ਼ਾਸਨ ਵੱਲੋਂ ਨਿਯਮਾਂ ਦੀ ਦੁਰਵਰਤੋਂ ਕਰਨ ਵਾਲੀਆਂ ਅਜਿਹੀਆਂ ਸੰਸਥਾਵਾਂ ਵਿਰੁੱਧ ਕਾਰਵਾਈ ਕਰਨ ਦੀ ਸੰਭਾਵਨਾ ਹੈ, ਇਸ ਲਈ ਵਿਦਿਆਰਥੀਆਂ ਨੂੰ ਸਿਰਫ਼ ਉੱਚ ਅਤੇ ਸਥਾਪਿਤ ਸੰਸਥਾਵਾਂ ਵਿੱਚ ਹੀ ਦਾਖਲਾ ਲੈਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।"

ਇਸ ਤੋਂ ਪਹਿਲਾਂ ਅਗਸਤ 2023 ਵਿੱਚ, ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ, ਸਾਬਕਾ ਵਿਦੇਸ਼ ਰਾਜ ਮੰਤਰੀ ਵੀ। ਮੁਰਲੀਧਰਨ ਨੇ ਕਿਹਾ ਕਿ 2018 ਵਿੱਚ 1,34,561 ਭਾਰਤੀਆਂ ਨੇ ਆਪਣੀ ਨਾਗਰਿਕਤਾ ਤਿਆਗ ਦਿੱਤੀ ਸੀ ਅਤੇ ਸਾਲ 2019 ਵਿੱਚ, 1,44,017 ਲੋਕਾਂ ਨੇ ਭਾਰਤੀ ਨਾਗਰਿਕਤਾ ਤਿਆਗੀ ਸੀ। ਇੰਨਾਂ ਅੰਕੜਿਆਂ ਮੁਤਾਬਕ 2011 ਵਿੱਚ 1,22,819 ਲੋਕਾਂ ਨੇ, 2012 ਵਿੱਚ 1,20,923 ਲੋਕਾਂ ਨੇ, 2013 ਵਿੱਚ 1,31,405 ਲੋਕਾਂ ਨੇ, 2014 ਵਿੱਚ 1,29,328 ਲੋਕਾਂ ਨੇ, 2015 ਵਿੱਚ 1,31,489 ਲੋਕਾਂ ਨੇ, 2016 ਵਿੱਚ 1,41,603 ਲੋਕਾਂ ਨੇ ਅਤੇ 2017 ਵਿੱਚ 1,33,049 ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡ ਦਿੱਤੀ ਸੀ।

ਇੱਕ ਹੋਰ ਸਵਾਲ ਪੁੱਛਿਆ ਗਿਆ ਕਿ ਭਾਰਤੀ ਨਾਗਰਿਕਤਾ ਤਿਆਗਣ ਵਾਲਿਆਂ ਵਿੱਚ ਕਿੰਨੇ ਕਾਰੋਬਾਰੀ ਸਨ। ਜਵਾਬ ਵਿੱਚ, ਸਰਕਾਰ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਸਰਕਾਰ ਕੋਲ ਇਹ ਅੰਕੜੇ ਵੀ ਨਹੀਂ ਹਨ ਕਿ ਭਾਰਤੀ ਨਾਗਰਿਕਤਾ ਤਿਆਗਣ ਵਾਲਿਆਂ ਵਿੱਚ ਵੱਖ-ਵੱਖ ਖੇਤਰਾਂ ਦੇ ਕਿੰਨੇ ਵਿਗਿਆਨੀ, ਕਲਾਕਾਰ ਅਤੇ ਵਿਦਵਾਨ ਸ਼ਾਮਲ ਹਨ। ਸਵਾਲਾਂ ਦੌਰਾਨ ਸਰਕਾਰ ਨੂੰ ਇਹ ਵੀ ਪੁੱਛਿਆ ਗਿਆ ਸੀ ਕਿ ਕੀ ਸਰਕਾਰ ਨੇ ਇਹ ਪਤਾ ਲਗਾਉਣ ਲਈ ਕੋਈ ਅਧਿਐਨ ਕੀਤਾ ਹੈ ਕਿ ਲੋਕ ਭਾਰਤੀ ਨਾਗਰਿਕਤਾ ਕਿਉਂ ਛੱਡ ਦਿੰਦੇ ਹਨ। ਇਸ ਦੇ ਜਵਾਬ ਵਿੱਚ, ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਲੋਕ ਆਪਣੇ ਨਿੱਜੀ ਕਾਰਨਾਂ ਕਰਕੇ ਭਾਰਤੀ ਨਾਗਰਿਕਤਾ ਛੱਡ ਦਿੰਦੇ ਹਨ।

ਪੰਜਾਬ ਅਤੇ ਗੁਜਰਾਤ ਸਣੇ ਕਈ ਸੂਬਿਆਂ ਦੇ ਨੌਜਵਾਨ ਅਮਰੀਕਾ, ਕੈਨੇਡਾ, ਯੂਕੇ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਆਧੁਨਿਕ ਦੇਸ਼ਾਂ ਵਿੱਚ ਡਿਗਰੀਆਂ ਹਾਸਲ ਕਰਨ ਤੋਂ ਬਾਅਦ ਉੱਥੇ ਹੀ ਰਹਿਣਾ ਪਸੰਦ ਕਰਦੇ ਹਨ। ਸਿੱਖਿਆ ਮੰਤਰਾਲੇ ਦੇ ਅੰਕੜਿਆਂ ਮੁਤਾਬਕ, 2022 ਵਿੱਚ ਤਕਰੀਬਨ 7.70 ਲੱਖ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਗਏ ਸਨ ਅਤੇ ਇਹ ਗਿਣਤੀ ਪਿਛਲੇ ਛੇ ਸਾਲਾਂ ਵਿੱਚ ਸਭ ਤੋਂ ਵੱਧ ਸੀ।

### ਕਿੰਨੇ ਪੰਜਾਬੀਆਂ ਨੇ ਆਪਣੇ ਪਾਸਪੋਰਟ ਵਾਪਸ ਕਰ ਦਿੱਤੇ?

ਜਦੋਂ ਭਾਰਤੀ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਸਵੀਕਾਰ ਕਰਦੇ ਹਨ, ਤਾਂ ਉਨ੍ਹਾਂ ਨੂੰ ਆਪਣਾ ਭਾਰਤੀ ਪਾਸਪੋਰਟ ਵਾਪਸ ਕਰਨਾ ਪੈਂਦਾ ਹੈ। 10 ਅਗਸਤ, 2023 ਨੂੰ, ਸਰਕਾਰ ਨੇ ਰਾਜ ਸਭਾ ਵਿੱਚ ਅੰਕੜੇ ਪ੍ਰਦਾਨ ਕੀਤੇ ਜੋ ਦਰਸਾਉਂਦੇ ਹਨ ਕਿ 2014 ਤੋਂ 2022 ਤੱਕ ਹਰੇਕ ਸੂਬੇ ਦੇ ਕਿੰਨੇ ਲੋਕਾਂ ਨੇ ਆਪਣੇ ਪਾਸਪੋਰਟ ਸਰੰਡਰ ਕੀਤੇ ਸਨ।

ਇਨ੍ਹਾਂ ਅੰਕੜਿਆਂ ਮੁਤਾਬਕ, ਦਿੱਲੀ ਦੇ ਸਭ ਤੋਂ ਵੱਧ 60,414 ਲੋਕਾਂ ਨੇ ਆਪਣੇ ਪਾਸਪੋਰਟ ਵਾਪਸ ਕੀਤੇ ਸਨ।

ਦੂਜੇ ਨੰਬਰ ਉੱਤੇ ਪੰਜਾਬ ਹੈ। ਪੰਜਾਬ ਦੇ 28,117 ਲੋਕਾਂ ਨੇ ਆਪਣੇ ਪਾਸਪੋਰਟ ਸਮਰਪਣ ਕੀਤੇ ਸਨ।

ਇਸ ਸੂਚੀ ਵਿੱਚ ਗੁਜਰਾਤ ਤੀਜੇ ਸਥਾਨ 'ਤੇ ਸੀ ਅਤੇ 2014 ਤੋਂ 2022 ਤੱਕ, ਗੁਜਰਾਤ ਦੇ 22,300 ਲੋਕਾਂ ਨੇ ਆਪਣੇ ਪਾਸਪੋਰਟ ਸਮਰਪਣ ਕੀਤੇ। ਇਸ ਤੋਂ ਇਲਾਵਾ, ਗੋਆ ਤੋਂ 18,610, ਮਹਾਰਾਸ਼ਟਰ ਤੋਂ 17,171, ਕੇਰਲ ਤੋਂ 16,247 ਅਤੇ ਤਾਮਿਲਨਾਡੂ ਤੋਂ 14,046 ਲੋਕਾਂ ਨੇ ਆਪਣੇ ਭਾਰਤੀ ਪਾਸਪੋਰਟ ਸਮਰਪਣ ਕੀਤੇ। 2020 ਵਿੱਚ, ਗੁਜਰਾਤ ਦੇ 241 ਲੋਕਾਂ ਨੇ ਆਪਣੇ ਪਾਸਪੋਰਟ ਵਾਪਸ ਕੀਤੇ, 2023 ਵਿੱਚ ਇਹ ਗਿਣਤੀ ਵੱਧ ਕੇ 485 ਹੋ ਗਈ ਅਤੇ ਮਈ 2024 ਤੱਕ, 244 ਗੁਜਰਾਤੀਆਂ ਨੇ ਆਪਣੇ ਪਾਸਪੋਰਟ ਭਾਰਤ ਸਰਕਾਰ ਨੂੰ ਮੋੜ ਦਿੱਤੇ ਸਨ। ਗੋਆ ਭਾਰਤੀ ਪਾਸਪੋਰਟ ਛੱਡਣ ਵਾਲੇ ਸੂਬਿਆਂ ਵਿੱਚੋਂ ਇੱਕ ਮੋਹਰੀ ਸੂਬਾ ਹੈ। ਜੂਨ 2023 ਦੀ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਦੇ ਅਨੁਸਾਰ , ਪਿਛਲੇ ਦਹਾਕੇ ਵਿੱਚ ਤਕਰੀਬਨ 70,000 ਭਾਰਤੀਆਂ ਨੇ ਆਪਣੇ ਪਾਸਪੋਰਟ ਛੱਡ ਦਿੱਤੇ ਹਨ, ਜਿਨ੍ਹਾਂ ਵਿੱਚੋਂ 40 ਫ਼ੀਸਦ ਗੋਆ ਦੇ ਨਾਗਰਿਕ ਸਨ। ਆਪਣੇ ਭਾਰਤੀ ਪਾਸਪੋਰਟ ਸਮਰਪਣ ਕਰਨ ਵਾਲਿਆਂ ਵਿੱਚੋਂ 90 ਪ੍ਰਤੀਸ਼ਤ ਅੱਠ ਸੂਬਿਆਂ ਗੋਆ, ਪੰਜਾਬ, ਗੁਜਰਾਤ, ਮਹਾਰਾਸ਼ਟਰ, ਕੇਰਲ, ਤਾਮਿਲਨਾਡੂ, ਦਿੱਲੀ ਅਤੇ ਚੰਡੀਗੜ੍ਹ ਤੋਂ ਸਨ।

### ਭਾਰਤੀ ਕਿਸ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕਰਦੇ ਹਨ?

ਭਾਰਤੀਆਂ ਲਈ, ਅਮਰੀਕਾ, ਕੈਨੇਡਾ, ਯੂਕੇ ਅਤੇ ਆਸਟ੍ਰੇਲੀਆ ਉਹ ਪਸੰਦੀਦਾ ਦੇਸ਼ ਹਨ ਜਿਨ੍ਹਾਂ ਦੀ ਨਾਗਰਿਕਤਾ ਉਹ ਸਵੀਕਾਰ ਕਰਨ ਲਈ ਉਤਸ਼ਾਹਿਤ ਹਨ। ਸਰਕਾਰ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ 2019 ਅਤੇ 2022 ਦੇ ਵਿਚਕਾਰ ਵਿਦੇਸ਼ਾਂ ਵਿੱਚ ਭਾਰਤੀ ਮਿਸ਼ਨਾਂ ਜਾਂ ਪੋਸਟਾਂ 'ਤੇ ਆਪਣੇ ਪਾਸਪੋਰਟ ਸਮਰਪਣ ਕਰਨ ਵਾਲੇ ਲੋਕਾਂ ਦੀ ਗਿਣਤੀ ਇਸ ਪ੍ਰਕਾਰ ਹੈ- 2019 ਵਿੱਚ 5 ਪਾਸਪੋਰਟ ਅਮਰੀਕਾ ਨੂੰ ਸੌਂਪੇ ਗਏ, 2020 ਵਿੱਚ 161, 2021 ਵਿੱਚ 4,830 ਅਤੇ 2022 ਵਿੱਚ 8,048 ਪਾਸਪੋਰਟ ਅਮਰੀਕਾ ਨੂੰ ਸੌਂਪੇ। 2019 ਵਿੱਚ 21 ਭਾਰਤੀਆਂ ਨੇ ਆਪਣੇ ਪਾਸਪੋਰਟ ਯੂਕੇ ਸਪੁਰਦ ਕੀਤੇ, 2020 ਵਿੱਚ 105, 2021 ਵਿੱਚ 485 ਅਤੇ 2022 ਵਿੱਚ 1100 ਭਾਰਤੀਆਂ ਨੇ ਆਪਣੇ ਪਾਸਪੋਰਟ ਵਾਪਸ ਕੀਤੇ। ਕੈਨੇਡਾ ਵਿੱਚ, 2019 ਵਿੱਚ 28 ਪਾਸਪੋਰਟ, 2020 ਵਿੱਚ 156, 2021 ਵਿੱਚ 781 ਅਤੇ 2022 ਵਿੱਚ 6,507 ਪਾਸਪੋਰਟ ਸਪੁਰਦ ਕੀਤੇ ਗਏ ਸਨ। ਸਾਲ 2022 ਵਿੱਚ 1,275 ਭਾਰਤੀਆਂ ਨੇ ਆਸਟ੍ਰੇਲੀਆ ਨੂੰ ਆਪਣੇ ਪਾਸਪੋਰਟ ਸਪੁਰਦ ਕੀਤੇ।

### ਅਮਰੀਕਾ ਵਿੱਚ ਕਿੰਨੇ ਪਰਵਾਸੀ ਰਹਿੰਦੇ ਹਨ?

ਹਰ ਦੇਸ਼ ਦੇ ਲੋਕ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ, ਅਮਰੀਕਾ ਵੱਲ ਆਕਰਸ਼ਿਤ ਹੁੰਦੇ ਹਨ, ਅਤੇ ਵੱਡੀ ਗਿਣਤੀ ਵਿੱਚ ਲੋਕ ਉੱਥੇ ਮੌਜੂਦ ਮੌਕਿਆਂ ਦਾ ਫ਼ਾਇਦਾ ਚੁੱਕਣ ਲਈ 'ਗ਼ੈਰ-ਕਾਨੂੰਨੀ' ਤੌਰ 'ਤੇ ਅਮਰੀਕਾ ਵਿੱਚ ਦਾਖਲ ਹੁੰਦੇ ਹਨ।

ਪਿਊ ਰਿਸਰਚ ਦੀ ਸਤੰਬਰ 2024 ਦੀ ਰਿਪੋਰਟ ਮੁਤਾਬਕ, ਦੁਨੀਆ ਦੇ ਕੁੱਲ ਗ਼ੈਰ-ਕਾਨੂੰਨੀ ਪਰਵਾਸੀਆਂ ਦਾ ਪੰਜਵਾਂ ਹਿੱਸਾ ਇਕੱਲੇ ਸੰਯੁਕਤ ਰਾਜ ਅਮਰੀਕਾ ਵਿੱਚ ਰਹਿੰਦਾ ਹੈ। ਸਾਲ 2023 ਵਿੱਚ, ਸੰਯੁਕਤ ਰਾਜ ਅਮਰੀਕਾ ਵਿੱਚ ਰਹਿਣ ਵਾਲੇ ਲੋਕਾਂ ਵਿੱਚੋਂ 4.78 ਕਰੋੜ ਉਹ ਲੋਕ ਸਨ ਜੋ ਵਿਦੇਸ਼ਾਂ ਵਿੱਚ ਪੈਦਾ ਹੋਏ ਸਨ।

2022 ਵਿੱਚ, ਸੰਯੁਕਤ ਰਾਜ ਅਮਰੀਕਾ ਵਿੱਚ ਰਹਿਣ ਵਾਲੇ ਤਕਰੀਬਨ 1.06 ਕਰੋੜ ਪਰਵਾਸੀ ਮੈਕਸੀਕੋ ਵਿੱਚ ਪੈਦਾ ਹੋਏ ਸਨ। ਯਾਨੀ ਕੁੱਲ ਪਰਵਾਸੀਆਂ ਵਿੱਚ ਉਨ੍ਹਾਂ ਦਾ ਅਨੁਪਾਤ 23 ਫ਼ੀਸਦ ਸੀ। ਭਾਰਤੀ ਦੂਜੇ ਸਥਾਨ 'ਤੇ ਸਨ ਅਤੇ ਉਨ੍ਹਾਂ ਦੀ ਗਿਣਤੀ 28 ਲੱਖ ਸੀ। ਇਸਦਾ ਮਤਲਬ ਹੈ ਕਿ ਕੁੱਲ ਪਰਵਾਸੀਆਂ ਦਾ 6 ਫ਼ੀਸਦ ਭਾਰਤੀ ਹਨ। ਉਸ ਤੋਂ ਬਾਅਦ, ਚੀਨ ਦਾ ਹਿੱਸਾ ਪੰਜ ਫ਼ੀਸਦ ਅਤੇ ਫਿਲੀਪੀਨਜ਼ ਦਾ ਹਿੱਸਾ ਚਾਰ ਫ਼ੀਸਦ ਸੀ। ਅਮਰੀਕਾ ਤੋਂ ਬਾਹਰ ਪੈਦਾ ਹੋਏ ਅਤੇ ਅਮਰੀਕਾ ਵਿੱਚ ਰਹਿਣ ਵਾਲੇ ਲੋਕਾਂ ਵਿੱਚੋਂ 77 ਫ਼ੀਸਦ ਕਾਨੂੰਨੀ ਤੌਰ 'ਤੇ ਪ੍ਰਵਾਨਿਤ ਹੈਸੀਅਤ ਨਾਲ ਉੱਥੇ ਰਹਿ ਰਹੇ ਹਨ, ਜਦੋਂ ਕਿ 23 ਫ਼ੀਸਦ ਗ਼ੈਰ-ਕਾਨੂੰਨੀ ਪਰਵਾਸੀ ਦੱਸੇ ਜਾਂਦੇ ਹਨ।

## ਅੱਜ ਵੀ ਮਨੋਰੰਜਨ ਦਾ ਅਹਿਮ ਸਾਧਨ ਹੈ ਰੇਡੀਓ

(ਸਫਾ 21 ਦੀ ਬਾਕੀ)

ਬ੍ਰਾਡਕਾਸਟਿੰਗ ਕਾਰਪੋਰੇਸ਼ਨ ਸਰਵਿਸ ਦਾ ਨਾਂ ਦਿੱਤਾ ਗਿਆ। ਸੰਨ 1941 ਵਿਚ ਪਹਿਲੀ ਵਾਰ ਸੂਚਨਾ ਪ੍ਰਸਾਰਨ ਵਿਭਾਗ ਬਣਾਇਆ ਗਿਆ। ਸੰਨ 1947 ਤੱਕ ਭਾਰਤ ਵਿਚ ਕੇਵਲ 9 ਰੇਡੀਓ ਸਟੇਸ਼ਨ ਚੱਲ ਰਹੇ ਸਨ ਜਿਨ੍ਹਾਂ ਵਿਚ ਢਾਕਾ, ਲਾਹੌਰ ਅਤੇ ਪਿਸ਼ਾਵਰ ਵੀ ਸ਼ਾਮਲ ਸਨ। ਅੱਜ ਰੇਡੀ ਭਾਰਤ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਜਿੱਥੇ 23 ਤੋਂ ਵੱਧ ਭਾਸ਼ਾਵਾਂ ਅਤੇ 150 ਬੋਲੀਆਂ ਵਿਚ ਰੇਡੀ ਪ੍ਰਸਾਰਨ ਹੁੰਦਾ ਹੈ। ਅੱਜ ਬਹੁਤ ਸਾਰੇ ਰੇਡੀ ਸਟੇਸ਼ਨ ਡਿਜੀਟਲ ਬ੍ਰਾਡਕਾਸਟਿੰਗ ਪ੍ਰਣਾਲੀ ਦੁਆਰਾ ਚਲਾਏ ਜਾਂਦੇ ਹਨ ਜਿਸ ਵਿਚ ਰੇਡੀ ਆਨ ਡਿਮਾਂਡ ਅਤੇ ਨਿਊਜ਼ ਇਨ ਫੋਨ ਵਿਵਸਥਾ ਦੁਆਰਾ ਲੋਕਾਂ ਦੀ ਪਸੰਦ ਦਾ ਵਿਕਲਪ ਦਿੱਤਾ ਜਾਂਦਾ ਹੈ। ਸਾਡੇ ਦੇਸ਼ ਵਿਚ ਰੇਡੀ ਦਾ ਪਹਿਲਾ ਬੁਲੇਟਿਨ 19 ਜਨਵਰੀ 1936 ਨੂੰ ਮੁੰਬਈ ਤੋਂ ਪ੍ਰਸਾਰਿਤ ਕੀਤਾ ਗਿਆ ਸੀ।

ਉਦੋਂ ਤੋਂ ਲੈ ਕੇ ਹੁਣ ਤੱਕ ਰੇਡੀ ਦੀ ਵਿਕਾਸ ਯਾਤਰਾ ਦਿਨ ਦੁੱਗਣੀ, ਰਾਤ ਚੌਗਣੀ ਤਰੱਕੀ ਕਰ ਰਹੀ ਹੈ। ਅੱਜ ਐੱਫਐੱਮ ਪ੍ਰਸਾਰਨ ਦੇ ਅਨੇਕ ਚੈਨਲ 24 ਘੰਟੇ ਲੋਕਾਂ ਦਾ ਮਨੋਰੰਜਨ ਕਰ ਰਹੇ ਹਨ ਜੋ ਦੂਰ-ਦੁਰਾਡੇ ਪਹਾੜੀ ਖੇਤਰਾਂ ਵਿਚ ਵੀ ਆਸਾਨੀ ਨਾਲ ਸੁਣੇ ਜਾ ਸਕਦੇ ਹਨ। ਅੱਜ ਆਕਾਸ਼ਵਾਣੀ ਦਾ ਸਮਾਚਾਰ ਨੈੱਟਵਰਕ ਵਿਸ਼ਵ ਪ੍ਰਸਾਰਨ ਦਾ ਹਿੱਸਾ ਬਣਿਆ ਹੋਇਆ ਹੈ। ਰੋਜ਼ ਲਗਪਗ ਪੌਣੇ ਤਿੰਨ ਸੌ ਬੁਲੇਟਿਨ 36 ਘੰਟੇ ਤੋਂ ਵੱਧ ਸਮੇਂ ਲਈ ਪ੍ਰਸਾਰਿਤ ਕੀਤੇ ਜਾਂਦੇ ਹਨ। ਰੇਡੀ ਦੀ ਇਸ ਮਹਾਨ ਉਪਲਬਧੀ ਕਾਰਨ ਹੀ ਯੂਐੱਨ ਦੇ ਵਿਭਾਗ ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ (ਯੂਨੈਸਕੋ) ਵੱਲੋਂ ਤਿੰਨ ਨਵੰਬਰ 2011 ਤੋਂ ਹਰ ਸਾਲ 13 ਫਰਵਰੀ ਨੂੰ 'ਵਿਸ਼ਵ ਰੇਡੀ ਦਿਵਸ' ਮਨਾਉਣ ਦਾ ਫ਼ੈਸਲਾ ਕੀਤਾ ਗਿਆ ਸੀ।


GURU Milaap Organization
GURU Milaap Organization
ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਪ੍ਰੇਰਣਾ ਸਦਕਾ ਗੁਰੂ ਮਿਲਾਪ ਔਰਗੇਨਾਈਜ਼ੇਸ਼ਨ U.S.A ਵੱਲੋਂ ਸਿਖੀ ਸਿਖਿਆ ਗੁਰ ਵਿਚਾਰਿ (ਅਕੈਡਮੀ) ਅਲਵਰ ਰਾਜਸਥਾਨ ਪਿੰਡ ਲਿਵਾਰੀ ਵਿਖੇ
ਲੋੜਵੰਦ ਸਿਕਲੀਗਰ ਅਤੇ ਹੋਰ ਬਚਿਆਂ ਨੂੰ ਦੁਨਿਆਵੀ ਉੱਚ ਪੱਧਰ ਦੀ ਪੜ੍ਹਾਈ ਦੇ ਨਾਲ ਨਾਲ ਗੁਰਬਾਣੀ ਅਤੇ ਕੀਰਤਨ ਦੀ ਸਿਖਲਾਈ ਦੀ ਸੇਵਾਵਾਂ ਦਿਤਿਆਂ ਜਾ ਰਹੀਆਂ ਹਨ।
ਗਿਆਨੀ ਸੰਤ ਸਿੰਘ ਮਸਕੀਨ ਜੀ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਨੂੰ ਹਥ ਜੋੜ ਬੇਨਤੀ ਹੈ ਆਉ ਰਲ ਮਿਲ ਕੇ ਲੋੜਵੰਦ ਬਚਿੱਆਂ ਦੀ ਬਾਂਹ ਫੜੀਏ ਅਤੇ ਐਜੂਕੇਸ਼ਨ ਦਾ ਲੰਗਰ ਲਾਈਏ।
ਅੱਜ ਸਮੇਂ ਦੀ ਇਹ ਲੋੜ ਹੈ ਕਿ ਸਾਡੇ ਬੱਚੇ ਪੜੇ ਲਿਖੇ ਹੋਣ ਕਿਉਂਕੀ ਸਾਡਾ ਗਿਆਨ ਗੁਰੂ ਸ਼ਬਦ ਹੈ। ਗੁਰਦੁਆਰਾ ਗੁਰੂ ਮਿਲਾਪ ਵਿੱਖੇ ਹਰ ਬੁਧਵਾਰ ਨੂੰ ਗੁਰਮਤਿ ਦੀਆਂ ਕਿਲਾਸਾਂ ਸ਼ਾਂਮ 5 ਤੋ 7 ਲਗਦੀਆਂ ਹਨ।
ਇਹਨਾ ਸਾਰੇ ਕਾਰਜਾਂ ਨੂੰ ਮੁੱਖ ਰਖਦੇ ਹੋਏ ਗੁਰਦੁਆਰਾ ਗੁਰੂ ਮਿਲਾਪ ਵਿਖੇ ਦੋ ਰੋਜਾ ਗੁਰਮਤਿ ਸਮਾਗਮ 1 ਅਤੇ 2 ਮਾਰਚ ਨੂੰ ਹੋਣ ਜਾ ਰਿਹਾ ਹੈ।
ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਵਿਚਾਰ ਅਤੇ ਗੁਰਬਾਣੀ ਨਾਲ ਜੋੜਨਗੇ।
ਇਹ ਸਾਰਾ ਉਪਰਾਲਾ ਗੁਰੂ ਮਿਲਾਪ ਔਰਗੇਨਾਈਜ਼ੇਸ਼ਨ U.S.A , ਇਕ ਪੰਥ ਇਕ ਸੋਚ ਅਤੇ ਕੈਲੀਫੋਰਨੀਆ ਦੀਆਂ ਸੰਗਤਾਂ ਵਲੋਂ ਰਲ ਮਿਲ ਕੇ ਕਿੱਤਾ ਜਾ ਰਿਹਾ ਹੈ।
Kirtan Samagam
1,2 MARCH 2025
Gurdwara Guru Milaap Fresno California USA
3618 N Chateau Fresno Ave, Fresno, CA 93723
SATURDAY 1st MARCH
4:00PM - 4:30PM GURU ANGAD SAHIB ACADEMY STUDENTS
4:30PM - 5:00PM BHAI GOVIND SINGH JI
5:00PM- 5:30PM BHAI BALWINDER SINGH JI
5:30PM - 6:00PM BHAI PRAKASH SINGH PREMI
6:00PM- 6:45PM USTAD JOGINDER SINGH JI
BHAI HARVINDER SINGH JI
6:45PM- 7:45PM BHAI NIRANJAN SINGH JI
JAWADDI KALAN WALE
7:45PM- 9:00PM BHAI ONKAR SINGH JI UNA WALE
SUNDAY 2nd MARCH
10:00AM -10:30AM BHAI GOVIND SINGH JI
10:30AM - 11:00AM BHAI DALIP SINGH DARDI
11:00AM - 11:30AM BIBI KULWANT KAUR &
BALVINDER KAUR
11:30AM - 12:00PM BHAI HARVINDER SINGH JI
12:00PM - 12:30PM KATHA GURNAM SINGH JI
12:30PM - 12:45PM PARAMPAL SINGH JI
12:45PM - 02:00PM BHAI ONKAR SINGH JI
UNA WALE
ਲੰਗਰ ਦੀ ਸੇਵਾ Curry House
SPECIAL THANKS TO GURUDWARA MANAGEMENT & ALL SPONSORS
ਇੱਕ ਪੰਥ ਇੱਕ ਸੋਚ
MUMBAI HOUSE CUISINE OF INDIA
PCA
www.GShergill.com
EXIT
559-349-1481
Sahaita The helping hand
GURJOT TRANSPORT
SHAN-E-PUNJAB FOR ALL THE FLAVORS OF LIFE
AMERICAN TRUCK TRAILER'S REPAIR, Inc.
FOR MORE INFORMATION CONTACT SEWADARS
JAGDISH SINGH:760 403 4537 ||
PARAMPAL SINGH:559-795-8757 ||
Email: gurumilaaporg@gmail.com
LIVE ON
SINGH ਗੁਰਬਾਣੀ Records
Amrit Baani ਅੰਮ੍ਰਿਤ ਬਾਣੀ

# ਸਿੱਖ ਸੰਗਤ (ਬੇ-ਏਰੀਆ)

## ਸੇਵਾਦਾਰ



ਭਾਈ ਕੁਲਜੀਤ ਸਿੰਘ



ਭਾਈ ਹਰਪ੍ਰੀਤ ਸਿੰਘ



ਭਾਈ ਗੁਰਦਾਵਰ ਸਿੰਘ



ਭਾਈ ਅਕਾਲਜੋਤ ਸਿੰਘ



ਭਾਈ ਕਰਨਪ੍ਰੀਤ ਸਿੰਘ

## ਵੋਟਾਂ 9 ਮਾਰਚ 2025

## ਸਵੇਰੇ 8 ਵਜੇ ਤੋਂ ਸ਼ਾਮੀ 8 ਵਜੇ ਤੱਕ

**Gurdwara Sahib Fremont, 300 Gurdwara Road, Fremont (CA)**

### ਸਿੱਖ ਸੰਗਤ ਬੇ-ਏਰੀਆ ਵੱਲੋਂ ਸੰਗਤ ਲਈ ਸਾਡੇ ਪ੍ਰਣ

1. ਬੱਚਿਆਂ ਨੂੰ ਸਿੱਖੀ ਨਾਲ ਜੋੜਾਂਗੇ
2. ਬੱਚਿਆਂ ਨੂੰ ਗੁਰੂ ਘਰ ਆਉਣ ਲਈ ਪ੍ਰੇਰਾਂਗੇ।
3. ਗੁਰੂ ਘਰ ’ਚ ਫਿਰ ਤੋਂ ਖੇਡ ਅਕਾਦਮੀ ਬਣਾਵਾਂਗੇ।
4. ਗੁਰੂ ਘਰ ਦੀ ਗਤਕਾ ਟੀਮ ਫਿਰ ਬਣਾਵਾਂਗੇ।
5. ਗੁਰੂ ਘਰ ਵਿਚ ਖਾਲਸਾ ਸਕੂਲ ’ਚ ਬੱਚਿਆਂ ਦੀ ਗਿਣਤੀ ਵਧਾਵਾਂਗੇ।
6. ਸਿੱਖ ਨੌਜਵਾਨ ਬੱਚਿਆਂ ਨੂੰ ਚੰਗੀ ਯੂਨੀਵਰਸਿਟੀ ’ਚ ਪੜ੍ਹਨ ਲਈ ਪ੍ਰੇਰਾਂਗੇ।
7. ਗੁਰੂ ਘਰ ’ਚ ਇੰਗਲਿਸ਼ ਗੁਰਬਾਣੀ ਪ੍ਰੋਗਰਾਮ ਚਲਾਵਾਂਗੇ।
8. ਕਾਰਾਂ ਦੇ ਲਈ ਹੋਰ ਪਾਰਕਿੰਗ ਦਾ ਇੰਤਜ਼ਾਮ ਕਰਾਂਗੇ।
9. ਬਜ਼ੁਰਗਾਂ ਦੇ ਲਈ ਸਹੂਲਤਾਂ ਪੈਦਾ ਕਰਾਂਗੇ।
10. ਅਸੀਂ ਸਿੱਖ ਬੱਚਿਆਂ ਨੂੰ ਉਚੇਰੀ ਵਿੱਦਿਆ ਦਿਵਾਉਣ ’ਚ ਮਾਣ ਮਹਿਸੂਸ ਕਰਾਵਾਂਗੇ।
11. ਅਸੀਂ ਗੁਰੂ ਘਰ ਦਾ ਕੰਮਕਾਜ਼ ਤਨਦੇਹੀ ਨਾਲ ਕਰਾਂਗੇ।
12. ਅਸੀਂ ਵੋਟਰਾਂ ਨੂੰ ਬੇਨਤੀ ਕਰਦੇ ਹਾਂ ਕਿ
    “ਐਤਕੀ ਵੋਟਾਂ ਗੁਰੂ ਘਰ ਦੀ ਬਿਹਤਰੀ ਵਾਸਤੇ ਦਿਓ ਜੀ।”

**We request the voters of Gurdwara Sahib, Fremont**

# “VOTE FOR CHANGE”

## ਐਤਕੀ ਗੁਰੂ ਘਰ ਦੀ ਬਿਹਤਰੀ ਵਾਸਤੇ ਵੋਟ ਦਿਓ ਜੀ

For more Information Call ;

ਗੁਰਚਰਨ ਸਿੰਘ ਮਾਨ 510-557-0061, ਭਾਈ ਕੁਲਜੀਤ ਸਿੰਘ 510- 284-9580

ਇਕਬਾਲ ਸਿੰਘ ਹੁੰਦਲ 510-366-6056

Paid by
SIKH SANGAT BAY AREA